# ਕੱਲਿਆਂ ਦਾ ਕਾਫ਼ਲਾ

Scanned by CamScanner

# ਭੂਮਿਕਾ

ਸੰਸਾਰ ਵਿਚ ਜਿਤਨੇ ਮਨੁੱਖ ਹਨ, ਉਤਨੇ ਹੀ ਸੰਸਾਰ ਹਨ।

ਜ਼ਿੰਦਗੀ ਇਤਨਾ ਵੱਡਾ ਵਰਤਾਰਾ ਹੈ ਕਿ ਰੰਗ ਮੁੱਕ ਜਾਂਦੇ ਹਨ, ਪਰ ਚਿੱਤਰ ਪੂਰਾ ਨਹੀਂ ਹੁੰਦਾ। ਸਾਡੇ ਜੀਵਨ ਵਿਚ ਅਸਫ਼ਲਤਾਵਾਂ, ਹਾਰਾਂ ਅਤੇ ਦੁੱਖ ਹਨ ਅਤੇ ਰਹਿਣਗੇ, ਇਨ੍ਹਾਂ ਕਰਕੇ ਹੀ ਜਿੱਤ, ਸਫ਼ਲਤਾ ਅਤੇ ਪ੍ਰਸੰਨਤਾ ਆਦਿ ਮਹੱਤਵਪੂਰਨ ਸੰਕਲਪ ਹਨ, ਜਿਹੜੇ ਸਾਨੂੰ ਚੰਗੇਰੇ ਜੀਵਨ ਲਈ ਪ੍ਰੇਰਦੇ ਅਤੇ ਸੋਚ ਅਤੇ ਵਿਹਾਰ ਪਖੋਂ, ਉੱਚੇ ਹੋਣ ਦਾ ਉਤਸ਼ਾਹ ਦਿੰਦੇ ਰਹਿੰਦੇ ਹਨ।

ਚੰਗੇਰੇ ਜੀਵਨ ਲਈ ਹੋਰਾਂ ਨੂੰ ਪਛਾੜਨ ਦੀ ਲੋੜ ਨਹੀਂ, ਸਗੋਂ ਲੋੜ ਆਪ ਅੱਗੇ ਹੋ ਕੇ, ਪੱਛੜ ਗਿਆਂ ਨੂੰ ਨਾਲ ਰਲਾਉਣ ਦੀ ਹੈ।

ਕਈ ਦਹਾਕਿਆਂ ਤੋਂ ਮੈਂ ਇਕ ਅਜਿਹੀ ਪੁਸਤਕ ਦੀ ਕਲਪਨਾ ਕਰ ਰਿਹਾ ਸਾਂ, ਜਿਹੜੀ ਸਧਾਰਨ ਮਨੁੱਖ ਨੂੰ ਆਪਣੇ ਵਿਸ਼ੇਸ਼ ਅਤੇ ਵਿਲੱਖਣ ਹੋਣ ਦਾ ਅਹਿਸਾਸ ਕਰਵਾਏ ਅਤੇ ਉਸ ਨੂੰ ਜੀਵਨ ਦੀਆਂ ਵੰਨ-ਸੁਵੰਨੀਆਂ ਸਥਿਤੀਆਂ ਬਾਰੇ ਕੁਝ ਠੋਸ ਨਿੱਗਰ ਅਤੇ ਢੁੱਕਵੇਂ ਵਿਚਾਰ ਦੇਵੇ, ਤਾਂ ਕਿ ਉਸ ਵਿਚ ਵਕਤ ਦੇ ਸਾਂਚਿਆਂ ਵਿਚ ਢਲ ਜਾਣ ਦੀ ਥਾਂ, ਸਾਂਚੇ ਹੀ ਬਦਲ ਦੇਣ ਦੀ ਹਿੰਮਤ ਜਾਗੇ।

ਬੜੀ ਦੇਰ ਤੋਂ ਮੈਨੂੰ ਜੀਵਨ ਸਬੰਧੀ ਅਜਿਹੀਆਂ ਟਿੱਪਣੀਆਂ ਦੀ ਤਲਾਸ਼ ਸੀ, ਜਿਹੜੀਆਂ ਪ੍ਰਭਾਵਸ਼ਾਲੀ ਹੋਣ, ਸੋਚ ਨੂੰ ਉਭਾਰਨ, ਅਰਥਪੂਰਨ ਕਾਰਜ ਲਈ ਪ੍ਰੇਰਨ, ਮਨੁੱਖ ਨੂੰ ਆਪਣੀ ਯੋਗਤਾ ਤੋਂ ਜਾਣੂ ਕਰਵਾਉਣ ਅਤੇ ਉਸ ਵਾਸਤੇ ਸਫ਼ਲਤਾ ਦਾ ਮਾਰਗ ਉਲੀਕਣ ਵਿਚ ਸਹਾਈ ਹੋਣ।

ਅਜਿਹੀ ਪੁਸਤਕ ਕਿਧਰੋਂ ਨਾ ਲੱਭਣ ਕਾਰਨ, ਲਗਭਗ ਚਾਰ ਦਹਾਕੇ ਪਹਿਲਾਂ, ਅਜਿਹੀ ਪੁਸਤਕ ਤਿਆਰ ਕਰਨ ਦਾ ਮੈਂ ਆਪ ਬੀੜਾ ਚੁੱਕਿਆ ਸੀ। ਜਿਵੇਂ ਸਾਨੂੰ ਕਿਸੇ ਨਾਲ ਪਿਆਰ ਹੋ ਜਾਵੇ ਤਾਂ ਅਸੀਂ ਨਹੀਂ ਜਾਣਦੇ ਹੁੰਦੇ ਕਿ ਸਾਡਾ ਪਿਆਰ ਕਿਹੜੇ-ਕਿਹੜੇ ਮੋੜ ਮੁੜੇਗਾ ਅਤੇ ਕਿੱਥੇ ਪਹੁੰਚੇਗਾ, ਉਵੇਂ ਹੀ ਮੈਨੂੰ ਨਹੀਂ ਸੀ ਪਤਾ ਕਿ ਇਹ ਪੁਸਤਕ ਕਿਹੋ ਜਿਹੀ ਹੋਵੇਗੀ, ਇਹ ਕਿਹੜਾ ਰੂਪ ਧਾਰੇਗੀ, ਇਹ ਕਿਵੇਂ ਮੁਕੰਮਲ ਹੋਵੇਗੀ ਅਤੇ ਇਹ ਕਿਵੇਂ ਪ੍ਰਵਾਨ ਚੜ੍ਹੇਗੀ।

ਆਪਣੇ ਜੀਵਨ ਵਿਚ ਇਕ ਸਧਾਰਨ ਵਿਅਕਤੀ ਵਜੋਂ ਵਿਚਰਦਿਆਂ, ਮੈਂ ਜ਼ਿੰਦਗੀ ਵਿਚ ਜੋ ਵੇਖਿਆ-ਸੁਣਿਆ-ਸਮਝਿਆ ਹੈ, ਉਸ ਨੂੰ ਇਸ ਪੁਸਤਕ ਵਿਚ ਸੰਖੇਪ ਅਤੇ ਸਰਲ ਸ਼ਬਦਾਂ ਵਿਚ ਦਰਜ ਕਰਨ ਦਾ ਉਪਰਾਲਾ ਕੀਤਾ ਹੈ।



Scanned by CamScanner

ਤਿੰਨ ਭਾਗਾਂ ਵਾਲੀ ਇਸ ਪੁਸਤਕ ਦਾ ਪਹਿਲਾ ਭਾਗ 'ਮਾਲਾ ਮਣਕੇ' ਨਾਂ ਅਧੀਨ ਛਪਿਆ ਹੈ, 'ਕੱਲਿਆਂ ਦਾ ਕਾਫ਼ਲਾ' ਨਾਂ ਦੀ ਇਹ ਪੁਸਤਕ, 'ਮਾਲਾ ਮਣਕੇ' ਦੀ ਨਿਰੰਤਰਤਾ ਹੈ। ਭਾਵੇਂ ਦੋਹਾਂ ਭਾਗਾਂ ਦਾ ਸੁਭਾਓ ਅਤੇ ਮੁਹਾਂਦਰਾ ਇਕੋ ਜਿਹਾ ਹੈ, ਪਰ 'ਮਾਲਾ ਮਣਕੇ' ਨਾਂ ਦਾ ਵਿਚਾਰ-ਸੰਗ੍ਰਹਿ ਪਹਿਲਾਂ ਆਉਣ ਕਰਕੇ ਸੱਜਰਾ ਸੀ, ਜਦੋਂ ਕਿ 'ਕੱਲਿਆਂ ਦਾ ਕਾਫ਼ਲਾ' ਮਗਰਲਾ ਹੋਣ ਕਰਕੇ ਰੱਜਵਾਂ ਹੈ।

ਜੀਵਨ ਵਿਚ ਤੁਹਾਨੂੰ ਜਦੋਂ ਕੋਈ ਸੰਕਟ, ਮੁਸ਼ਕਿਲ, ਮੁਸੀਬਤ, ਦੁਚਿੱਤੀ, ਜਾਂ ਤੌਖਲਾ ਹੋਵੇ ਤਾਂ ਇਸ ਪੁਸਤਕ ਵਿਚ ਦਾਖਲ ਹੋਵੋ, ਇਹ ਸੰਗ੍ਰਹਿ, ਦੁੱਖ-ਸੁੱਖ ਦੇ ਸਾਥੀ ਵਾਂਗ, ਤੁਹਾਡੇ ਨਾਲ ਚੱਲਣ ਲੱਗ ਪਏਗਾ ਅਤੇ ਕੁਝ ਪੰਨਿਆਂ ਵਿਚੋਂ ਹੀ ਤੁਹਾਨੂੰ ਜਾਂ ਤਾਂ ਆਪਣੀ ਸਮੱਸਿਆ ਦਾ ਹੱਲ ਸੁੱਝ ਜਾਵੇਗਾ, ਜਾਂ ਉਸ ਨੂੰ ਹੱਲ ਕਰਨ ਦੀ ਸੋਝੀ ਅਤੇ ਹਿੰਮਤ ਜਾਗ ਪਏਗੀ।

ਮੇਰਾ ਸੁਝਾਓ ਹੈ ਕਿ ਇਸ ਸੰਗ੍ਰਹਿ ਨੂੰ ਪੜ੍ਹਦਿਆਂ, ਜੋ-ਜੋ ਤੁਹਾਨੂੰ ਚੰਗਾ ਲੱਗੇ, ਉਸ 'ਤੇ ਨਿਸ਼ਾਨੀਆਂ ਲਾ ਲਓ, ਇਨ੍ਹਾਂ ਵਾਕਾਂ ਨੂੰ ਮੁੜ-ਮੁੜ ਪੜ੍ਹਨ ਨਾਲ, ਇਹ ਵਾਕ ਤੁਹਾਡੀ ਸੋਚ ਅਤੇ ਗੱਲਬਾਤ ਦਾ ਅੰਗ ਬਣ ਜਾਣਗੇ, ਜਿਨ੍ਹਾਂ ਕਾਰਨ ਤੁਸੀਂ ਹਰ ਕਿਸੇ ਨਾਲ ਧਿਆਨ ਨਾਲ ਬੋਲੋਗੇ ਹੀ ਨਹੀਂ, ਹਰ ਕਿਸੇ ਵਲੋਂ ਤੁਹਾਨੂੰ ਸੁਣਿਆ ਵੀ ਧਿਆਨ ਨਾਲ ਜਾਵੇਗਾ ਅਤੇ ਸਵੈ-ਵਿਸ਼ਵਾਸ ਕਾਰਨ ਤੁਹਾਡੀ ਅਵਾਜ਼ ਨੀਵੀਂ, ਪਰ ਤੁਹਾਡੀ ਦਲੀਲ ਉੱਚੀ ਹੋ ਜਾਵੇਗੀ ਅਤੇ ਜਿਹੜੇ ਤੁਹਾਡਾ ਮਖੌਲ ਉਡਾਉਣ ਲਈ ਆਏ ਹੋਣਗੇ, ਉਹ ਤੁਹਾਨੂੰ ਦਾਦ ਦੇ ਕੇ ਜਾਣਗੇ।

ਜਦੋਂ ਕੋਈ ਪਾਠਕ ਕਿਸੇ ਪੁਸਤਕ ਦੇ ਸ਼ਬਦਾਂ ਜਾਂ ਵਾਕਾਂ 'ਤੇ ਨਿਸ਼ਾਨੀਆਂ ਲਾਉਂਦਾ ਹੈ ਤਾਂ ਉਹ ਪੁਸਤਕ ਲੇਖਕ ਦੀ ਨਹੀਂ ਰਹਿੰਦੀ, ਉਸ ਪਾਠਕ ਦੀ ਨਿਜੀ ਪੁਸਤਕ ਬਣ ਜਾਂਦੀ ਹੈ ਅਤੇ ਸ਼ਬਦਾਂ-ਵਾਕਾਂ 'ਤੇ ਨਿਸ਼ਾਨੀਆਂ ਲਾਉਣ ਰਾਹੀਂ ਪਾਠਕ ਵੀ, ਉਸ ਪੁਸਤਕ ਦਾ ਲੇਖਕ ਬਣ ਜਾਂਦਾ ਹੈ।

ਇਸ ਸੰਗ੍ਰਹਿ ਵਿਚਲੇ ਵਿਚਾਰ, ਸੋਚੇ ਬੁੱਧੀ ਨਾਲ ਗਏ ਹਨ, ਪਰ ਇਨ੍ਹਾਂ ਨੂੰ ਮੰਨਣਯੋਗ ਅਤੇ ਦਿਲਚਸਪ ਬਣਾਉਣ ਲਈ ਇਨ੍ਹਾਂ ਨੂੰ ਪ੍ਰਗਟਾਇਆ ਦਿਲ ਨਾਲ ਗਿਆ ਹੈ, ਸੋ ਬੇਨਤੀ ਹੈ ਕਿ ਇਨ੍ਹਾਂ ਨੂੰ ਦਿਲ ਨਾਲ ਪੜ੍ਹਿਆ ਜਾਵੇ ਅਤੇ ਬੁੱਧੀ ਨਾਲ ਵਿਚਾਰਿਆ ਜਾਵੇ।

ਇਸ ਪੁਸਤਕ ਦਾ ਵਿਸ਼ਾ ਸਮੁੱਚਾ ਜੀਵਨ ਹੈ, ਇਸ ਵਿਚ ਜੀਵਨ ਦੇ ਵਿਸ਼ਾਲ ਸਾਗਰ ਦੇ ਕੁਝ ਪੱਖ ਅਤੇ ਰੰਗ ਹੀ ਪੇਸ਼ ਕੀਤੇ ਜਾ ਸਕੇ ਹਨ। ਕਈ ਮੋਤੀ ਰਹਿ ਗਏ ਹੋਣਗੇ, ਕਈ ਕੰਕਰ ਛਪ ਗਏ ਹੋਣਗੇ। ਇਹ ਸੰਗ੍ਰਹਿ ਘਾਟ-ਘਾਟ ਦਾ ਪਾਣੀ ਹੈ, ਸੋ ਇਸ ਵਿਚ ਹਰ ਕਿਸੇ ਲਈ ਕੁਝ ਨਾ ਕੁਝ ਹੈ। ਮੇਰੇ ਕੋਲ ਕੋਈ ਸਿਧਾਂਤ ਨਹੀਂ ਹਨ, ਕੇਵਲ ਕੁਝ ਤਰਕ-ਅਧਾਰਿਤ ਵਿਸ਼ਵਾਸ ਹਨ, ਜਿਨ੍ਹਾਂ ਨੂੰ ਟਿੱਪਣੀਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ।



ਮੇਰੀ ਹਰ ਗੱਲ ਨਾਲੋਂ ਤੁਹਾਡੀ ਸੋਚ ਵੱਖਰੀ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। ਵਿਚਾਰਾਂ ਦੀ ਵੰਨ-ਸੁਵੰਨਤਾ ਅਤੇ ਸੋਚਾਂ ਦਾ ਵਖਰੇਵਾਂ ਦੱਸਦਾ ਹੈ ਕਿ ਇਕ ਹੀ ਸਮੱਸਿਆ ਨੂੰ ਵਿਭਿੰਨ ਢੰਗਾਂ ਨਾਲ ਦਰਸਾਇਆ, ਪ੍ਰਗਟਾਇਆ, ਸਮਝਿਆ, ਵਿਚਾਰਿਆ ਅਤੇ ਸੁਲਝਾਇਆ ਜਾ ਸਕਦਾ ਹੈ।

ਕਿਸੇ ਦੇ ਅਨੁਭਵਾਂ ਅਤੇ ਵਿਚਾਰਾਂ ਵਿਚ ਜਿਤਨੇ ਵਧੇਰੇ ਪੱਖ ਅਤੇ ਰੰਗ ਹੁੰਦੇ ਹਨ, ਉਤਨੀ ਹੀ ਉਸ ਵਿਅਕਤੀ ਵਿਚ ਮਾਨਵਜਾਤੀ ਦੀਆਂ ਸਮੱਸਿਆਵਾਂ, ਇਸਤਰੀਆਂ-ਪੁਰਸ਼ਾਂ ਦੇ ਆਪਸੀ ਰਿਸ਼ਤਿਆਂ ਦੀਆਂ ਪਰਤਾਂ, ਵਿਹਾਰ ਦੀਆਂ ਜਟਿਲਤਾਵਾਂ ਅਤੇ ਜੀਵਨ ਦੀਆਂ ਗੁੰਝਲਾਂ ਦੀ ਸਮਝ ਵਧੇਰੇ ਹੁੰਦੀ ਹੈ। ਇਹ ਸਮਝ ਸਾਡੇ ਅਨੁਭਵ ਨੂੰ ਅਮੀਰ ਵੀ ਕਰਦੀ ਹੈ ਅਤੇ ਸਾਨੂੰ ਸੇਧ ਵੀ ਦਿੰਦੀ ਹੈ।

ਜ਼ਿੰਦਗੀ ਸਬੰਧੀ ਮੇਰੀਆਂ ਧਾਰਣਾਵਾਂ ਅਤੇ ਟਿੱਪਣੀਆਂ ਦੇ ਇਸ ਸੰਗ੍ਰਹਿ ਵਿਚ ਕਿਧਰੇ ਕੋਈ ਸੇਧ, ਸੁਝਾਓ ਜਾਂ ਸਲਾਹ ਦਿੱਤੀ ਹੋ ਸਕਦੀ ਹੈ, ਪਰ ਪ੍ਰਚਾਰ ਕਰਨਾ ਜਾਂ ਉਪਦੇਸ਼ ਦੇਣਾ, ਇਸ ਪੁਸਤਕ ਦਾ ਉਦੇਸ਼ ਨਹੀਂ ਹੈ।

ਮੇਰਾ ਅਨੁਭਵ ਹੈ ਕਿ ਸ਼ਕਤੀਸ਼ਾਲੀ ਵਿਚਾਰ, ਕੁਰਾਹੇ ਪਏ ਵਿਅਕਤੀ ਨੂੰ ਆਪਣਾ ਰਸਤਾ ਸਿੱਧਾ ਕਰਨ ਲਈ ਰੋਕ ਲੈਂਦੇ ਹਨ ਅਤੇ ਰੁਕੇ ਹੋਏ ਰਾਹੀ ਨੂੰ ਚੱਲਣ ਲਈ ਸਹੀ ਰਸਤਾ ਵਿਖਾ ਦਿੰਦੇ ਹਨ।

ਮੇਰਾ ਵਿਸ਼ਵਾਸ ਹੈ ਕਿ ਚੰਗੇ, ਢੁੱਕਵੇਂ, ਉਸਾਰੂ ਅਤੇ ਅਰਥਪੂਰਨ ਵਾਕ ਅਤੇ ਵਿਚਾਰ, ਜ਼ਿੰਦਗੀ ਦਾ ਪੈਂਡਾ ਸੌਖਾ ਕਰ ਦਿੰਦੇ ਹਨ। ਚੰਗੇ ਵਿਚਾਰਾਂ ਤੋਂ ਬਿਨਾਂ ਉੱਚੇ ਉਦੇਸ਼ ਨਹੀਂ ਉੱਸਰਦੇ, ਉਦੇਸ਼ਾਂ ਤੋਂ ਬਿਨਾਂ ਕੋਈ ਕਾਰਜ ਸੰਭਵ ਨਹੀਂ ਹੁੰਦਾ, ਕਾਰਜ ਤੋਂ ਬਿਨਾਂ ਕੋਈ ਵਿਕਾਸ ਨਹੀਂ ਵਾਪਰਦਾ।

ਇਸ ਪੁਸਤਕ ਵਿਚ ਉਹ ਅਨੁਭਵ ਅਤੇ ਵਿਚਾਰ ਦਰਜ ਹਨ, ਜਿਹੜੇ ਹਰੇਕ ਮਨੁੱਖ ਦੀ ਸੋਚ ਵਿਚ ਨਿਰੰਤਰ ਉਭਰਦੇ ਰਹਿੰਦੇ ਹਨ।

ਮੇਰੀਆਂ ਧਾਰਣਾਵਾਂ ਨਾਲ ਸਹਿਮਤ ਨਾ ਹੋਣ ਵਾਲੇ ਵੀ ਮੰਨਣਗੇ ਕਿ ਵਿਚਾਰਾਂ ਤੋਂ ਮਨੁੱਖ ਨੂੰ ਸ਼ਕਤੀ ਮਿਲਦੀ ਹੈ। ਉਹ ਮੇਰੇ ਵਿਚਾਰਾਂ ਨਾਲ ਅਸਹਿਮਤ ਹੋ ਸਕਦੇ ਹਨ, ਪਰ ਜ਼ਿੰਦਗੀ ਵਿਚ ਵਿਚਾਰਾਂ ਦੇ ਮਹੱਤਵ ਸਬੰਧੀ ਉਹ ਸਹਿਮਤ ਹੀ ਹੋਣਗੇ ਅਤੇ ਮੇਰੀ ਇਸ ਧਾਰਣਾ ਦਾ ਹੁੰਗਾਰਾ ਜ਼ਰੂਰ ਭਰਨਗੇ ਕਿ ਮੁੱਲਵਾਨ ਵਿਚਾਰ ਪਾਠਕ ਦੀ ਸੋਚ ਨੂੰ ਰਿੜਕ ਕੇ ਉਸ ਦੀ ਸ਼ਖ਼ਸੀਅਤ ਨੂੰ ਨਿਖਾਰ ਦਿੰਦੇ ਹਨ।

ਇਹ ਸਿਧਾਂਤਕ ਵਿਚਾਰ ਨਹੀਂ ਹਨ, ਇਹ ਜ਼ਿੰਦਗੀ ਵਿਚੋਂ ਗੁਜ਼ਰਨ ਅਤੇ ਸੰਸਾਰ ਨੂੰ ਹੰਢਾਉਣ ਦੇ ਅਨੁਭਵ ਹਨ। ਇਹ ਜ਼ਿੰਦਗੀ ਦੇ ਸਿੱਟੇ ਹੀ ਨਹੀਂ, ਇਹ ਸਾਡੇ ਸਾਰਿਆਂ ਦੀਆਂ ਹਾਰਾਂ-ਜਿੱਤਾਂ ਦੇ ਸੂਚਕ ਵੀ ਹਨ।

ਨਿਰਸੰਦੇਹ ਇਹ ਵਿਚਾਰ ਤੁਹਾਨੂੰ ਜ਼ਿੰਦਗੀ ਤਾਂ ਨਹੀਂ ਦੇ ਸਕਣਗੇ, ਪਰ ਜੇ ਜਿਊਣ ਦੀ ਤਾਂਘ ਹੈ ਤਾਂ ਇਹ ਤੁਹਾਡੇ ਜੀਵਨ ਨੂੰ ਮੁੱਲਵਾਨ ਅਤੇ ਮਾਣਨਯੋਗ



Scanned by CamScanner

ਜ਼ਰੂਰ ਬਣਾ ਦੇਣਗੇ। ਇਹ ਵਿਚਾਰ ਤੁਹਾਡੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਭਾਵੇਂ ਨਾ ਸੁਲਝਾ ਸਕਣ, ਪਰ ਇਹ ਤੁਹਾਨੂੰ ਆਪਣੀਆਂ ਸਮੱਸਿਆਵਾਂ ਸਮਝਣ ਅਤੇ ਮੁਸ਼ਕਿਲਾਂ ਸੁਲਝਾਉਣ ਦੀ ਸੋਝੀ ਅਤੇ ਸਾਹਸ ਜ਼ਰੂਰ ਦੇਣਗੇ।

ਆਸ ਹੈ ਇਹ ਪੁਸਤਕ ਇਕੱਲ ਵਿਚ ਤੁਹਾਡੀ ਸਾਥਣ ਬਣੇਗੀ ਅਤੇ ਤੁਹਾਡੇ ਲਈ ਚੰਗੇਰਾ ਜੀਵਨ ਜਿਊਣ ਵਾਸਤੇ ਵਧੇਰੇ ਵੇਖਣਾ, ਵਧੇਰੇ ਸੁਣਨਾ, ਵਧੇਰੇ ਪੜ੍ਹਨਾ ਅਤੇ ਵਧੇਰੇ ਕਾਰਜ ਕਰਨਾ ਸਹਿਜ ਪ੍ਰਤੀਤ ਹੋਣ ਲੱਗ ਪਏਗਾ।

ਇਸ ਪੁਸਤਕ ਨੂੰ ਇਸ ਭਾਵਨਾ ਅਧੀਨ ਸਿਰਜਿਆ ਗਿਆ ਹੈ ਜਿਵੇਂ ਇਸ ਵਿਚਲੇ ਵਿਚਾਰ ਅਤੇ ਅਨੁਭਵ ਤੁਹਾਡੇ ਹੋਣ ਅਤੇ ਇਨ੍ਹਾਂ ਨੂੰ ਲਿਖਣ ਦੀ ਜ਼ਿੰਮੇਵਾਰੀ ਤੁਸੀਂ ਮੈਨੂੰ ਸੌਂਪੀ ਹੋਵੇ। ਮੈਂ ਚਾਹਵਾਂਗਾ ਕਿ ਇਹ ਪੁਸਤਕ ਪੜ੍ਹਕੇ ਤੁਸੀਂ ਮਹਿਸੂਸ ਕਰੋ ਕਿ 'ਲੇਖਕ ਨੇ ਤਾਂ ਸਾਰਾ ਕੁਝ ਉਹ ਲਿਖ ਦਿੱਤਾ ਹੈ, ਜਿਹੜਾ ਕਦੇ ਮੈਂ ਲਿਖਣਾ ਚਾਹਿਆ ਸੀ ਪਰ........'

ਖੁਲ੍ਹੇ ਸੁਭਾਅ ਵਾਲੀ ਇਸ ਪੁਸਤਕ ਵਿਚਲੀਆਂ ਧਾਰਣਾਵਾਂ-ਟਿੱਪਣੀਆਂ ਦਾ ਵਰਗੀਕਰਨ ਨਹੀਂ ਕੀਤਾ ਗਿਆ। ਅਜਿਹਾ ਉਪਰਾਲਾ ਕੀਤਾ ਗਿਆ ਸੀ, ਜਿਹੜਾ ਸਹੀ ਪ੍ਰਤੀਤ ਨਹੀਂ ਹੋਇਆ, ਕਿਉਂਕਿ ਇਸ ਸੰਗ੍ਰਹਿ ਦਾ ਕੋਈ ਨਿਸ਼ਚਿਤ ਵਿਸ਼ਾ ਨਹੀਂ ਹੈ, ਇਸ ਵਿਚ ਜੀਵਨ ਦੇ ਵੱਖ-ਵੱਖ ਪੱਖ ਪੇਸ਼ ਕੀਤੇ ਗਏ ਹਨ ਅਤੇ ਹਰੇਕ ਪੱਖ ਆਪਣੇ-ਆਪ ਵਿਚ ਇਕ ਵੱਖਰਾ ਵਿਸ਼ਾ ਹੋ ਨਿਬੜਦਾ ਹੈ। ਜਦੋਂ ਅਸੀਂ ਜੀਵਨ ਦਾ ਕੋਈ ਇਕ ਪੱਖ ਵੇਖਦੇ ਜਾਂ ਵਿਚਾਰਦੇ ਹਾਂ ਤਾਂ ਉਸ ਤੋਂ, ਸੋਮਵਾਰ ਤੋਂ ਮੰਗਲਵਾਰ ਅਤੇ ਬਚਪਨ ਤੋਂ ਜਵਾਨੀ ਦੇ ਸੰਕੇਤਾਂ ਵਾਂਗ, ਅਨੇਕਾਂ ਹੋਰ ਪੱਖ ਉਜਾਗਰ ਹੋਣ ਲੱਗ ਪੈਂਦੇ ਹਨ, ਸੋ ਇਹ ਖੁੱਲ੍ਹੇ ਅਰੰਭ ਅਤੇ ਖੁੱਲ੍ਹੇ ਅੰਤ ਵਾਲੀ ਪੁਸਤਕ ਹੈ।

ਇਸ ਪੁਸਤਕ ਨੂੰ ਵਿਉਂਤਦਿਆਂ ਇਸ ਨੂੰ ਕਈ ਵਾਰ ਲਿਖਿਆ ਅਤੇ ਸੋਧਿਆ ਗਿਆ ਹੈ ਸੋ ਇਸ ਪੁਸਤਕ ਦੇ ਸਾਰੇ ਅਰਥ ਇਕ ਬੈਠਕ ਜਾਂ ਇਕ ਯਤਨ ਜਾਂ ਇਕ ਪੜ੍ਹਤ ਵਿਚ ਪ੍ਰਾਪਤ ਨਹੀਂ ਹੋਣਗੇ। ਇਹ ਪੁਸਤਕ ਸਰਲ ਅਤੇ ਸੰਖੇਪ ਤਾਂ ਹੈ ਪਰ ਇਸ ਨੂੰ ਸਮਝਣ ਲਈ ਪਾਠਕ ਨੂੰ ਵਿਸ਼ੇਸ਼ ਉਪਰਾਲਾ ਕਰਨਾ ਪਏਗਾ। ਇਸ ਪੁਸਤਕ ਦਾ ਇਕ ਉਦੇਸ਼ ਇਹ ਹੈ ਕਿ ਪਾਠਕ ਆਪ ਆਪਣੇ ਜੀਵਨ ਬਾਰੇ ਸੋਚੇ ਅਤੇ ਆਪਣੇ ਕਾਰਜਾਂ ਦਾ ਵਿਸ਼ਲੇਸ਼ਣ-ਮੁਲਾਂਕਣ ਕਰੇ ਅਤੇ ਆਪਣੇ ਜੀਵਨ ਦੀ ਦਿਸ਼ਾ ਅਤੇ ਦਸ਼ਾ ਨੂੰ ਬਦਲਣ ਲਈ ਯਤਨਸ਼ੀਲ ਹੋਵੇ।

ਇਸ ਸੰਗ੍ਰਹਿ ਦੀ ਤਿਆਰੀ ਵਿਚ ਲੰਮਾ ਅਰਸਾ ਮੈਂ ਭਾਂਤ-ਭਾਂਤ ਦੀ ਪ੍ਰਸੰਨਤਾ ਅਤੇ ਸ਼ਿੱਦਤ ਦੇ ਨਾਲ-ਨਾਲ ਉਦਾਸੀ, ਇਕੱਲ ਅਤੇ ਇਕਾਂਤ ਹੰਢਾਈ ਹੈ, ਤਾਂ ਕਿ ਤੁਸੀਂ ਵੰਨ-ਸੁਵੰਨੇ ਅਨੁਭਵਾਂ ਦੀ ਰੌਣਕ ਮਾਣ ਸਕੋ।



ਇਸ ਪੁਸਤਕ ਦੀ ਤਿਆਰੀ ਦੌਰਾਨ ਮੈਨੂੰ ਆਪਣੀ ਪਤਨੀ ਦੇ ਧੰਨਵਾਦੀ ਹੋਣ ਦੇ ਹਜ਼ਾਰਾਂ ਅਵਸਰ ਮਿਲੇ, ਜਿਸ ਨੇ ਮੇਰੇ ਵਿਚਾਰਾਂ ਦੀ ਕਾਂਟ-ਛਾਂਟ ਕੀਤੀ, ਸਹਿਮਤੀ-ਅਸਹਿਮਤੀ ਪ੍ਰਗਟਾਈ, ਅਣਗਿਣਤ ਵਿਚਾਰਾਂ ਨੂੰ ਸਪਸ਼ਟ ਕਰਨ, ਸੁਧਾਰਨ ਅਤੇ ਸੰਵਾਰਨ ਲਈ ਮੈਨੂੰ ਸਮਝਾਇਆ ਅਤੇ ਲੋੜ ਪੈਣ 'ਤੇ ਡਾਂਟ ਵੀ ਪਾਈ। ਇਸ ਪੁਸਤਕ ਦੀ ਤਿਆਰੀ ਵਿਚ, ਜਿਨ੍ਹਾਂ ਹੋਰ ਸੋਹਣੇ, ਸਿਆਣੇ ਅਤੇ ਸਤਿਕਾਰਯੋਗ ਪੁਰਸ਼ਾਂ ਅਤੇ ਇਸਤਰੀਆਂ ਨੇ ਸਹਿਯੋਗ ਦਿੱਤਾ ਹੈ ਅਤੇ ਮੇਰੇ ਨਾਲ ਟੁਰੇ ਹਨ, ਉਨ੍ਹਾਂ ਦਾ ਧੰਨਵਾਦ ਕਰਨ ਲਈ, ਮੈਨੂੰ ਆਪਣੀ ਜ਼ਿੰਦਗੀ ਦੇ ਰਹਿੰਦੇ ਦਿਹਾੜੇ ਥੋੜ੍ਹੇ ਪ੍ਰਤੀਤ ਹੁੰਦੇ ਹਨ।

ਸੰਸਾਰ ਵਿਚ ਸਾਨੂੰ ਹਰੇਕ ਵਿਅਕਤੀ ਵਿਖਾਈ ਇਕੱਲਾ ਦਿੰਦਾ ਹੈ, ਪਰ ਉਸ ਅੰਦਰਲੇ ਅਨੇਕਾਂ ਵਿਅਕਤੀ ਰਲ ਕੇ, ਉਸ ਨੂੰ ਅੰਦਰੋਂ ਚਲਾ ਰਹੇ ਹੁੰਦੇ ਹਨ; ਇਵੇਂ ਹੀ ਹਰੇਕ ਵਿਚਾਰ, ਵਿਚਾਰਾਂ ਦੇ ਵੱਡੇ ਕਾਫ਼ਲੇ ਦਾ ਭਾਗ ਹੁੰਦਾ ਹੈ ਅਤੇ ਹਰੇਕ ਵਿਚਾਰ ਪਿੱਛੇ ਸੋਚਾਂ, ਅਨੁਭਵਾਂ, ਸੰਸਿਆਂ ਅਤੇ ਆਸਾਂ ਦਾ ਇਕ ਲੰਮਾ ਸਿਲਸਿਲਾ ਚੱਲ ਰਿਹਾ ਹੁੰਦਾ ਹੈ।

ਆਸ ਹੈ ਕਿ ਇਹ ਸੰਗ੍ਰਹਿ ਜ਼ਿੰਦਗੀ ਦੇ ਮਹੱਤਵਪੂਰਨ ਪੱਖਾਂ ਵੱਲ ਤੁਹਾਡਾ ਧਿਆਨ ਖਿੱਚੇਗਾ ਅਤੇ ਇਹ ਤੁਹਾਡੀ ਸੂਝ ਤਿੱਖੀ, ਸਮਝ ਡੂੰਘੀ, ਨਜ਼ਰ ਉੱਚੀ ਅਤੇ ਇਰਾਦਾ ਮਜ਼ਬੂਤ ਕਰਨ ਵਿਚ ਸਹਾਈ ਹੋਵੇਗਾ।

ਲੰਮੀ ਪਰ ਆਸਵੰਦ ਉਡੀਕ ਉਪਰੰਤ, ਇਹ ਪੁਸਤਕ ਤੁਹਾਡੇ ਤਕ ਪਹੁੰਚਾਉਣ ਦੀ ਪ੍ਰਸੰਨਤਾ ਮੈਂ ਬਿਆਨ ਨਹੀਂ ਕਰ ਸਕਦਾ।

ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸੁਤੰਤਰਤਾ ਦਿਵਸ, 2011



Scanned by CamScanner

ਭਰੂਣ-ਹਤਿਆ ਪਾਪ ਹੀ ਨਹੀਂ, ਮਹਾਂ-ਪਾਪ ਹੈ;
ਇਸ ਲਈ ਮਾਪੇ ਹੀ ਨਹੀਂ,
ਇਸ ਉਪਰੰਤ ਪੈਦਾ ਹੋਇਆ ਪੁੱਤਰ ਵੀ,
ਇਸ ਪਾਪ ਦਾ ਭਾਗੀ ਹੋ ਨਿਬੜਦਾ ਹੈ,
ਕਿਉਂਕਿ ਭਾਵੇਂ ਪੁੱਤਰ ਨੇ ਇਹ ਪਾਪ ਆਪ ਨਹੀਂ ਕੀਤਾ ਹੁੰਦਾ
ਪਰ ਇਹ ਪਾਪ, ਉਸ ਲਈ ਕੀਤਾ ਗਿਆ ਹੁੰਦਾ ਹੈ।



# ਕੱਲਿਆਂ ਦਾ ਕਾਫ਼ਲਾ

ਜਦੋਂ ਕੋਈ ਵਿਚਾਰ ਸਪਸ਼ਟ ਹੋ ਜਾਂਦਾ ਹੈ ਤਾਂ ਉਹ ਸੰਖੇਪ ਹੋ ਜਾਂਦਾ ਹੈ।

ਜ਼ਿੰਦਗੀ ਦੀ ਜਦੋਜਹਿਦ ਵਿਚ ਮੁਸ਼ਕਿਲਾਂ ਨਾਲ ਜੂਝਦੇ ਵਧੇਰੇ ਪੁੱਤਰ ਹਨ, ਪਰ ਮੁਸ਼ਕਿਲਾਂ ਨੂੰ ਸਹਿੰਦੀਆਂ ਵਧੇਰੇ ਧੀਆਂ ਹਨ।

ਜਿਨ੍ਹਾਂ ਬੱਚਿਆਂ ਦੇ ਮਾਪੇ ਨਹੀਂ ਹੁੰਦੇ, ਉਨ੍ਹਾਂ ਨੂੰ ਪਕੜਨ ਵਾਲੀ ਉਂਗਲੀ ਨਹੀਂ ਮਿਲਦੀ; ਉੱਚਾ ਹੋ ਕੇ ਵੇਖਣ ਲਈ ਕੰਧਾੜਾ ਨਹੀਂ ਲੱਭਦਾ, ਸੌਣ ਲਈ ਗੋਦੀ ਨਹੀਂ ਮਿਲਦੀ; ਪੈਰ ਵਿਚ ਚੁਭਿਆ ਕੰਡਾ ਕੱਢਣ ਲਈ ਕੋਈ ਨਹੀਂ ਬਹੁੜਦਾ।

ਜਿਹੜੀ ਚੀਜ਼ ਦੂਜਿਆਂ ਦੀ ਕਮਾਈ ਨਾਲ ਖਰੀਦੀ ਜਾਂਦੀ ਹੈ, ਉਸ ਦੀ ਸਹੀ ਵਰਤੋਂ ਨਹੀਂ ਕੀਤੀ ਜਾਂਦੀ।

ਸੋਹਣੀ, ਸਿਆਣੀ ਅਤੇ ਸਲੀਕੇ ਵਾਲੀ ਇਸਤਰੀ ਕਿਸੇ ਪਿੱਛੇ ਦੌੜਦੀ ਨਹੀਂ, ਉਹ ਕਿਸੇ ਤੋਂ ਪਰ੍ਹੇ ਵੀ ਨਹੀਂ ਦੌੜਦੀ, ਉਹ ਉਡੀਕਦੀ ਹੈ।

ਰੱਬ ਦਾ ਦਰਵਾਜ਼ਾ ਅਰਦਾਸ ਕਰਕੇ ਖੁਲ੍ਹਵਾਉਣ ਦੀ ਗੱਲ ਤਾਂ ਹੀ ਮੰਨੀ ਜਾ ਸਕਦੀ ਹੈ, ਜੇ ਉਹ ਦਰਵਾਜ਼ਾ ਕਦੇ ਬੰਦ ਹੋਇਆ ਹੋਵੇ!

ਸਭ ਤੋਂ ਵੱਡੀ ਬਦਕਿਸਮਤੀ, ਕਿਸੇ ਦੀ ਅੱਖ ਵਿਚ, ਤੁਹਾਡੇ ਕਾਰਨ ਅੱਥਰੂ ਹੋਣਾ ਹੁੰਦੀ ਹੈ; ਸਭ ਤੋਂ ਵੱਡੀ ਖ਼ੁਸ਼ਕਿਸਮਤੀ, ਕਿਸੇ ਦੀ ਅੱਖ ਵਿਚ, ਤੁਹਾਡੇ ਲਈ ਅੱਥਰੂ ਹੋਣਾ ਹੁੰਦੀ ਹੈ।

ਸੰਸਾਰ ਨੂੰ ਚਲਾਉਂਦੇ ਪੁਰਸ਼ ਹਨ, ਪਰ ਸੰਸਾਰ ਚਲਦਾ ਇਸਤਰੀਆਂ ਰਾਹੀਂ ਹੈ।

ਹੱਥ ਉਹ ਸੋਹਣੇ, ਜਿਹੜੇ ਕਰਮ ਕਰਨ; ਦਿਮਾਗ ਉਹ ਸਿਆਣੇ, ਜਿਹੜੇ ਚੰਗਾ ਸੋਚਣ; ਦਿਲ ਉਹ ਪਿਆਰੇ, ਜਿਹੜੇ ਮਹਿਸੂਸ ਕਰਨ।

ਸੰਸਾਰ ਵਿਚ ਦੋ ਪ੍ਰਕਾਰ ਦੇ ਲੋਕ ਹਨ: ਇਕ ਉਹ, ਜਿਨ੍ਹਾਂ ਨੂੰ ਮਰਨਾ ਨਹੀਂ ਆਉਂਦਾ, ਦੂਜੇ ਉਹ, ਜਿਨ੍ਹਾਂ ਨੂੰ ਜਿਊਣਾ ਨਹੀਂ ਆਉਂਦਾ।



Scanned by CamScanner

... ਬੜਾ ਸੌਖਾ ਹੁੰਦਾ ਹੈ, ਪਰ ਆਪਣੇ ਆ... ੂ ਪਛਾਣਨਾ, ਅਤਿਅੰਤ ਦੁਖਦਾਈ ਹੁੰਦਾ ਹੈ, ਇਸੇ ਕਰਕੇ ਮਨੁੱਖ ਸਾਰਾ ਜੀਵ... ਆਪਣੇ ਆਪ ਤੋਂ ਲੁਕਦਾ-ਭੱਜਦਾ ਰਹਿੰਦਾ ਹੈ।

ਜਦੋਂ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਕੋਲੋਂ ਸੰਸਾਰ ਦੇ ਜੰਦਰੇ ਦੀ ਕੁੰਜੀ ਗੁਆਚ ਜਾਂਦੀ ਹੈ।

ਡਿੱਗੇ ਹੋਏ ਦਰੱਖਤ ਦੀ ਛਾਂ ਨਹੀਂ ਮਾਣੀ ਜਾ ਸਕਦੀ।

ਜਿਨ੍ਹਾਂ ਚੀਜ਼ਾਂ ਲਈ ਅਸੀਂ ਅਰਦਾਸਾਂ ਕਰਦੇ ਰਹੇ ਹੁੰਦੇ ਹਾਂ, ਇਕ ਪੜਾਓ 'ਤੇ ਆ ਕੇ ਅਸੀਂ ਜ਼ਰੂਰ ਸੋਚਦੇ ਹਾਂ ਕਿ ਸ਼ੁਕਰ ਹੈ, ਉਹ ਚੀਜ਼ਾਂ ਨਹੀਂ ਮਿਲੀਆਂ।

ਜਾਣਕਾਰੀ, ਸਿਆਣਪ ਨਹੀਂ ਹੁੰਦੀ, ਜਾਣਕਾਰੀ ਬਾਹਰੋਂ ਮਿਲਦੀ ਹੈ, ਸਿਆਣ... ਅੰਦਰੋਂ ਉਪਜਦੀ ਹੈ।

ਚੰਗਾ ਦੋਸਤ ਉਹ ਨਹੀਂ ਹੁੰਦਾ, ਜੋ ਤੁਹਾਡੇ ਲਈ ਮਰਨ ਵਾਸਤੇ ਤਿਆਰ ਹੋਵੇ, ਸਗੋਂ ਉਹ ਹੁੰਦਾ ਹੈ, ਜਿਹੜਾ ਤੁਹਾਨੂੰ ਵੀ ਮਰਨ ਤੋਂ ਬਚਾ ਲਵੇ।

ਮਨੁੱਖ ਨੇ ਜਿਨ੍ਹਾਂ ਸ਼ਬਦਾਂ ਦੇ ਸਹੀ ਅਰਥ ਨਹੀਂ ਸਮਝੇ, ਉਨ੍ਹਾਂ ਵਿਚ ਇਸਤਰੀ, ਵਫ਼ਾਦਾਰੀ, ਸ਼ਮਸ਼ਾਨਘਾਟ ਆਦਿ ਸ਼ਾਮਲ ਹਨ।

ਜੇ ਅੰਗੂਠਾ ਨਾ ਹੁੰਦਾ ਤਾਂ, ਬੂਟ ਦੇ ਤਸਮੇ ਨਹੀਂ ਸੀ ਬੰਨ੍ਹੇ ਜਾਣੇ, ਡਿੱਗਿਆ ਸਿੱਕਾ ਚੁੱਕਿਆ ਨਹੀਂ ਸੀ ਜਾਣਾ, ਕੋਈ ਢੱਕਣ ਨਹੀਂ ਸੀ ਖੁੱਲ੍ਹਣਾ, ਸੂਈ ਵਿਚ ਧਾਗਾ ਨਹੀਂ ਸੀ ਪੈਣਾ, ਕੁਝ ਵੀ ਪਕੜਿਆ-ਵਰਤਿਆ ਨਹੀਂ ਸੀ ਜਾਣਾ।

ਸ਼ਰਧਾ ਕਾਰਨ, ਧਾਰਮਿਕ ਲੋਕ ਮੂਰਖਤਾ-ਭਰੀਆਂ ਗੱਲਾਂ ਕਰਦੇ ਹਨ।

ਲਾਊਡ-ਸਪੀਕਰ ਨਾਲ ਕੇਵਲ ਅਵਾਜ਼ ਹੀ ਉੱਚੀ ਹੁੰਦੀ ਹੈ, ਵਿਚਾਰਾਂ ਦੀ ਪੱਧਰ ਨਹੀਂ ਬਦਲਦੀ।

ਥਾਪੜਾ ਦਿੱਤਾ ਝੁਕੀ ਹੋਈ ਪਿੱਠ 'ਤੇ ਜਾਂਦਾ ਹੈ, ਸਿੱਧੀ ਗਰਦਨ ਹੋ ਜਾਂਦੀ ਹੈ।

ਜਦੋਂ ਕਿਸੇ ਦੇਸ਼ ਵਿਚ ਕੋਈ ਵੱਡੀ ਜਾਂ ਮਹਾਨ ਘਟਨਾ ਵਾਪਰਦੀ ਹੈ ਤਾਂ ਉਸ ਤੋਂ ਮਗਰਲਾ ਸਮਾਂ ਬੜੇ ਵੱਡੇ ਸੰਕਟਾਂ ਦਾ ਕਾਲ ਹੁੰਦਾ ਹੈ।

ਬੱਚਾ ਕਿਸੇ ਨੂੰ ਪਛਾਣਨ ਦਾ ਸੰਕੇਤ, ਆਪਣੀ ਮੁਸਕਰਾਹਟ ਨਾਲ ਦਿੰਦਾ ਹੈ।



ਹਰ ਮਨੁੱਖ ਛੁੱਟੀ ਦਾ ਮੁੱਢਲਾ ਅਨੁਭਵ, ਸਕੂਲ ਦੀ ਛੁੱਟੀ ਤੋਂ ਪ੍ਰਾਪਤ ਕਰਦਾ ਹੈ।

ਥਾਂ ਕੋਈ ਹੋਵੇ, ਜਦੋਂ ਵੀ ਪਲੈਟੋ ਜਾਂ ਅਰਸਤੂ ਨੂੰ ਪੜ੍ਹੋਗੇ, ਲਾਇਬਰੇਰੀ ਵਿਚ ਬੈਠੇ ਹੋਣ ਦਾ ਅਹਿਸਾਸ ਹੋਵੇਗਾ।

ਝੂਠ ਨਹੀਂ ਬੋਲਣਾ ਚਾਹੀਦਾ, ਇਹ ਅੱਧਾ ਕਥਨ ਹੈ; ਬਾਕੀ ਅੱਧਾ ਕਥਨ ਹੈ: ਸੱਚ ਹੀ ਬੋਲਣਾ ਚਾਹੀਦਾ ਹੈ।

ਚਲਾਕ, ਕਾਮੀ, ਭ੍ਰਿਸ਼ਟ, ਬੇਈਮਾਨ, ਧੋਖੇਬਾਜ਼ ਬੰਦਿਆਂ ਦੀ ਕਿਸੇ ਪ੍ਰਕਾਰ ਦੇ ਸੱਚ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਬੱਚਾ ਆਲੇ-ਦੁਆਲੇ ਨੂੰ ਵੇਖ ਕੇ ਹੈਰਾਨ ਹੁੰਦਾ ਹੈ; ਸਕੂਲ ਵਿਚਲੀ ਸਿੱਖਿਆ, ਇਸ ਹੈਰਾਨੀ ਨੂੰ ਕੁਚਲ ਦਿੰਦੀ ਹੈ।

ਆਤਮਾ ਦੇ ਨਿਰਣਿਆਂ ਵਿਰੁੱਧ, ਕੋਈ ਅਪੀਲ ਸੰਭਵ ਨਹੀਂ ਹੁੰਦੀ।

ਮਨੁੱਖ ਹਰ ਰੋਜ਼, ਕੋਈ ਨਾ ਕੋਈ ਨਵਾਂ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ; ਲੋੜ ਹੈ, ਹਰ ਰੋਜ਼ ਕੋਈ ਨਾ ਕੋਈ, ਅਗਿਆਨਤਾ ਤਿਆਗੀ ਜਾਵੇ।

ਪ੍ਰੇਮੀ ਨੂੰ ਪ੍ਰੇਮਿਕਾ ਦੇ ਪਿਆਰ ਦਾ ਉਦੋਂ ਵਿਸ਼ਵਾਸ ਹੋ ਜਾਂਦਾ ਹੈ, ਜਦੋਂ ਉਸ ਦੀ ਆਪਣੀ ਇਕ ਚਿੱਠੀ ਦੇ ਜਵਾਬ ਵਿਚ, ਪ੍ਰੇਮਿਕਾ ਦੀਆਂ ਦੋ ਚਿੱਠੀਆਂ ਆ ਜਾਂਦੀਆਂ ਹਨ ਅਤੇ ਦੋਹਾਂ ਵਿਚ ਲਿਖਿਆ ਹੁੰਦਾ ਹੈ: ਜਵਾਬ ਜਲਦੀ ਦੇਣਾ।

ਨੀਵੇਂ ਨਸ਼ਿਆਂ ਵਿਚ, ਸਰੂਰ ਨਾਲੋਂ ਬੇਚੈਨੀ ਵਧੇਰੇ ਹੁੰਦੀ ਹੈ।

ਕੋਈ ਚੰਗੀ ਪੁਸਤਕ ਪੜ੍ਹ ਕੇ, ਪਾਠਕ ਨੂੰ ਲਗਦਾ ਹੈ ਕਿ ਲੇਖਕ ਨੇ ਤਾਂ ਸਾਰੇ ਮੇਰੇ ਵਿਚਾਰ ਹੀ ਲਿਖ ਦਿੱਤੇ ਹਨ।

ਅਜੋਕੇ ਸੰਸਾਰ ਵਿਚ ਹਾਸਾ, ਬੱਚਿਆਂ ਕਾਰਨ ਬਚਿਆ ਹੋਇਆ ਹੈ।

ਚਾਨਣ ਹੋਣ ਨਾਲ ਵੀ, ਤਾਂ ਹੀ ਦਿਸੇਗਾ, ਜੇ ਅੱਖਾਂ ਵੀ ਖੁੱਲ੍ਹੀਆਂ ਹੋਣ ਅਤੇ ਅੱਖਾਂ ਵਿਚ ਜੋਤ ਅਤੇ ਜਗਿਆਸਾ ਵੀ ਹੋਵੇ।

ਬੱਚੇ, ਮਾਂ ਨੂੰ ਰਿੰਨ੍ਹਣ-ਪਕਾਉਣ ਦੀ ਕਲਾ ਸਿਖਾ ਦਿੰਦੇ ਹਨ; ਜਿਥੇ ਬੱਚੇ ਨਹੀਂ ਹੁੰਦੇ, ਉਥੇ ਇਹ ਕਲਾ ਵੀ ਨਹੀਂ ਹੁੰਦੀ।

ਮਹਾਨ ਸੁਕਰਾਤ ਸੀ, ਪ੍ਰਸਿੱਧ ਪਲੈਟੋ ਹੈ, ਪੜ੍ਹਿਆ ਵਧੇਰੇ ਅਰਸਤੂ ਜਾਂਦਾ ਹੈ।



Scanned by CamScanner

ਜੇ ਕਿਸੇ ਦੀ ਅਕਲ ਕਮਜ਼ੋਰ ਹੋਵੇ ਤਾਂ ਉਸ ਦੇ ਪੱਖਪਾਤ ਮਜ਼ਬੂਤ ਹੋ ਜਾਂਦੇ ਹਨ।

ਯੂਨਾਨ ਨੇ ਸੰਸਾਰ ਨੂੰ ਪਰਿਭਾਸ਼ਾਵਾਂ ਦਿੱਤੀਆਂ ਸਨ, ਹਰ ਪਰਿਭਾਸ਼ਾ ਨਵੇਂ ਵਿ... ਦਾ ਅਰੰਭ ਸਿੱਧ ਹੋਈ ਹੈ।

ਬੁੱਤ ਜਾਂ ਮੂਰਤੀ ਬਣਾਉਣ ਦੀ ਕਲਾ ਆਤਮਾ ਦੇ ਅਮਰ ਹੋਣ ਦੇ ਸੰਕਲਪ ਵਿ... ਉਪਜੀ ਹੈ, ਪਰ ਇਹ ਵਰਤੀ ਸਰੀਰ ਨੂੰ ਅਮਰ ਕਰਨ ਲਈ ਗਈ ਹੈ।

ਵੱਡੇ ਲੇਖਕ ਆਲੋਚਨਾ ਧੀਰਜ ਨਾਲ ਬਰਦਾਸ਼ਤ ਕਰਦੇ ਹਨ; ਛੋਟੇ ਲੇਖਕ ਆਲੋਚਨ... ਪ੍ਰਤੀ ਵਿਰੋਧ ਪ੍ਰਗਟਾਉਂਦੇ ਹਨ; ਜਿਹੜੇ ਲੇਖਕ ਹੁੰਦੇ ਨਹੀਂ, ਬਣੇ ਹੁੰਦੇ ਹਨ, ਉ... ਆਲੋਚਨਾ ਹੋਣ ਦਾ ਬਦਲਾ ਵੀ ਲੈਂਦੇ ਹਨ।

ਵਿਆਹ ਕਰਵਾਉਣ ਉਪਰੰਤ, ਮਨੁੱਖ ਵਿਚ ਮਰਨ ਦਾ ਡਰ ਘੱਟ ਜਾਂਦਾ ਹੈ।

ਅਤੀਤ ਦੇ ਗੁਣ ਗਾਉਣੇ ਅਤੇ ਵਰਤਮਾਨ ਨੂੰ ਭੰਡਣਾ, ਸਮਾਂ ਵਿਅਰਥ ਗੁਆਉ... ਦੇ ਪੱਕੇ ਢੰਗ ਹਨ।

ਘੱਟ ਬੋਲਣ ਵਾਲੇ, ਅਕਸਰ ਸਿਆਣੇ ਹੁੰਦੇ ਹਨ।

ਕੇਵਲ ਆਪਣੇ ਨੁਕਸ ਹੀ ਬਰਦਾਸ਼ਤ ਕਰਨੇ ਸੌਖੇ ਹੁੰਦੇ ਹਨ।

ਠੱਗ ਸਭ ਥਾਂ ਠੱਗੀਆਂ ਹੀ ਮਾਰਦੇ ਹਨ, ਪਰ ਸਮੁੱਚੇ ਜੀਵਨ ਵਿਚ ਉਹ ਘਾ... ਵਿਚ ਹੀ ਰਹਿੰਦੇ ਹਨ।

ਇੱਛਾਵਾਂ ਪੂਰੀਆਂ ਕਰਨ ਦੀ ਯੋਗਤਾ, ਅਮੀਰੀ ਦੀ ਨਿਸ਼ਾਨੀ ਹੁੰਦੀ ਹੈ; ਇੱਛਾਵਾਂ ਤੋਂ ਮੁਕਤ ਹੋਣਾ, ਖ਼ੁਸ਼ਹਾਲੀ ਦਾ ਪ੍ਰਮਾਣ ਹੁੰਦਾ ਹੈ।

ਪੰਜਾਬੀ ਆਲੋਚਨਾ ਹੀ ਕਰਦੇ ਹਨ, ਪਰ ਆਲੋਚਨਾ ਕੀਤੀ ਜਾਣੀ ਪਸੰਦ ਨਹੀਂ ਕਰਦੇ, ਪਸੰਦ ਉਹ ਪ੍ਰਸੰਸਾ ਹੀ ਕਰਦੇ ਹਨ।

ਮਹਾਨ ਵਿਅਕਤੀਆਂ ਦੇ ਵਾਰਿਸ ਬਣਨ ਦੀ ਯੋਗਤਾ, ਉਨ੍ਹਾਂ ਦੇ ਵਾਰਿਸਾਂ ਵਿਚ ਬਿਲਕੁਲ ਨਹੀਂ ਹੁੰਦੀ।

ਸੰਸਾਰ ਦੀ ਸਭ ਤੋਂ ਮਹਿੰਗੀ ਖੇਡ, ਯੁੱਧ ਕਹਿਲਾਉਂਦੀ ਹੈ।

ਕੁਝ ਦਿਮਾਗ ਹੀ ਵਰਤੋਂ ਨਾਲ ਘਸਦੇ ਹਨ, ਬਹੁਤਿਆਂ ਨੂੰ ਜ਼ੰਗਾਲ ਹੀ ਲੱਗਦਾ ਹੈ।

ਕਿਸੇ ਕਾਲਜ-ਯੂਨੀਵਰਸਿਟੀ ਨੂੰ ਪ੍ਰਸਿੱਧ, ਉਸ ਦੇ ਪੁਰਾਣੇ ਅਤੇ ਸਮਰੱਥ ਵਿਦਿਆਰਥੀ ਕਰਦੇ ਹਨ।



ਅਸਮਾਨ ਸਭ ਦਾ ਸਾਂਝਾ ਪਰ ਦੁਮੇਲ ਹਰ ਕਿਸੇ ਦਾ ਵੱਖਰਾ ਹੁੰਦਾ ਹੈ।

ਮੂਰਖਤਾ, ਮਹਿੰਗੇ ਕੱਪੜਿਆਂ ਅਤੇ ਛਾਪਾਂ-ਛੱਲਿਆਂ ਨਾਲ ਵੀ ਨਹੀਂ ਛੁਪਦੀ।

ਵਿਆਹ ਨਾਲ ਦੁੱਖ ਅੱਧੇ, ਖ਼ੁਸ਼ੀਆਂ ਦੁਗਣੀਆਂ ਅਤੇ ਖਰਚੇ ਚੌਗਣੇ ਹੋ ਜਾਂਦੇ ਹਨ।

ਭੀੜ ਕੋਲ ਸਿਰਾਂ ਦੀ ਭਰਮਾਰ ਹੁੰਦੀ ਹੈ, ਪਰ ਅਕਲ ਦਾ ਅਕਾਲ ਪਿਆ ਹੁੰਦਾ ਹੈ।

ਆਪਣੀ ਕਿਸਮਤ ਨਾਲ ਕੋਈ ਸੰਤੁਸ਼ਟ ਨਹੀਂ ਹੁੰਦਾ; ਆਪਣੀ ਅਕਲ ਨਾਲ ਕੋਈ ਅਸੰਤੁਸ਼ਟ ਨਹੀਂ ਹੁੰਦਾ।

ਕਿਸੇ ਲਈ ਜੇ ਦਿਲ ਵਿਚ ਥਾਂ ਹੋਵੇ ਤਾਂ ਘਰ ਵਿਚ ਵੀ ਥਾਂ ਬਣ ਜਾਂਦੀ ਹੈ।

ਸਰੀਰ ਦੇ ਵਿਕਾਸ ਵਾਸਤੇ ਪ੍ਰਸੰਨਤਾ ਚੰਗੀ ਹੁੰਦੀ ਹੈ, ਪਰ ਬੁੱਧੀ ਦੇ ਵਿਕਾਸ ਵਾਸਤੇ ਉਦਾਸੀ ਲਾਭਕਾਰੀ ਹੁੰਦੀ ਹੈ।

ਸਭ ਤੋਂ ਸੋਹਣਾ ਹਾਸਾ ਬੁੱਲ੍ਹੀਆਂ ਵਿਚ ਹੁੰਦਾ ਹੈ, ਜਿਹੜਾ ਕਿਸੇ ਵਿਸ਼ੇਸ਼ ਲਈ, ਪਿਆਰ ਨਾਲ ਪਰੋਸਿਆ ਜਾਂਦਾ ਹੈ।

ਜਿਨ੍ਹਾਂ ਦੀ ਕੋਈ ਨਿੱਗਰ ਅਤੇ ਸਪੱਸ਼ਟ ਸੋਚ ਨਹੀਂ ਹੁੰਦੀ, ਉਹ ਜ਼ਿੰਦਗੀ ਦੀ ਜਰਨੈਲੀ ਸੜਕ 'ਤੇ ਕੁਚਲੇ ਜਾਂਦੇ ਹਨ।

ਸਰਕਾਰ ਕਿਸੇ ਪਾਰਟੀ ਦੀ ਬਣੇ, ਉਸ ਨੂੰ ਚਲਾਉਂਦੇ ਅਖ਼ਬਾਰ ਹੀ ਹਨ।

ਸੱਚੇ ਦੇਸ਼-ਭਗਤ, ਹਮੇਸ਼ਾਂ ਦੇਸ਼ ਲਈ ਆਪ ਮਰਨ ਦੀਆਂ ਗੱਲਾਂ ਹੀ ਕਰਦੇ ਹਨ, ਕਿਸੇ ਨੂੰ ਮਾਰਨ ਦੀਆਂ ਨਹੀਂ।

ਜਿਨ੍ਹਾਂ ਦਾ ਪਾਲਣ-ਪੋਸਣ ਸਹੀ ਢੰਗ ਨਾਲ ਹੋਇਆ ਹੁੰਦਾ ਹੈ, ਉਹ ਗਲਤੀਆਂ ਵੀ ਸਹੀ ਢੰਗ ਨਾਲ ਕਰਦੇ ਹਨ।

ਸਭ ਤੋਂ ਘੱਟ ਮਹੱਤਵ ਵਾਲਾ ਸਮਾਂ ਦੁਪਹਿਰ ਮਗਰੋਂ ਤਿੰਨ ਵਜੇ ਦਾ ਹੁੰਦਾ ਹੈ; ਕਿਉਂਕਿ ਦੁਪਹਿਰ ਵੇਲੇ ਤਕ ਕੀਤੇ ਜਾਣ ਵਾਲੇ ਕੰਮਾਂ ਦੇ ਪੱਖੋਂ ਦੇਰ ਹੋ ਚੁੱਕੀ ਹੁੰਦੀ ਹੈ ਅਤੇ ਸ਼ਾਮ ਦਾ ਕੰਮ ਕਰਨ ਦੇ ਪੱਖੋਂ ਅਜੇ ਵਕਤ ਨਹੀਂ ਹੋਇਆ ਹੁੰਦਾ।

ਸਾਡਾ ਆਪਣਾ ਹੰਕਾਰ, ਸਾਨੂੰ ਦੂਜਿਆਂ ਦਾ ਹੰਕਾਰ ਸਹਿਣ ਨਹੀਂ ਕਰਨ ਦਿੰਦਾ।

ਜਿਹੜਾ ਜਵਾਨੀ ਵਿਚ ਗਿਆਨਵਾਨ ਹੁੰਦਾ ਹੈ, ਉਹ ਬੁਢਾਪੇ ਵਿਚ ਸਤਿਕਾਰਯੋਗ ਵਿਦਵਾਨ ਅਖਵਾਉਂਦਾ ਹੈ।



Scanned by CamScanner

ਕਈਆਂ ਕੋਲ ਸੰਸਾਰ ਨੂੰ ਦੇਣ ਵਾਸਤੇ, ਕੇਵਲ ਪਰੇਸ਼ਾਨੀਆਂ ਹੀ ਹੁੰਦੀਆਂ ਹਨ।

ਕਿਸੇ ਰਾਸ਼ਟਰ ਦੇ ਸਭ ਤੋਂ ਵੱਧ ਮਹੱਤਵਪੂਰਨ ਵਿਅਕਤੀ, ਇੰਜੀਨੀਅਰ ਜਾਂ ਡਾਕਟਰ ਨਹੀਂ, ਸਕੂਲ-ਅਧਿਆਪਕ ਹੁੰਦੇ ਹਨ, ਜਿਹੜਾ ਰਾਸ਼ਟਰ ਇਹ ਤੱਥ ਸਮਝ ਲੈਂਦਾ ਹੈ, ਉਹ ਵਿਸ਼ਵ-ਸ਼ਕਤੀ ਬਣ ਜਾਂਦਾ ਹੈ।

ਸੱਚਾ ਪਰਜਾਤੰਤਰ ਉਹ ਹੋਵੇਗਾ, ਜਿਸ ਵਿਚ ਸਤਿਕਾਰ ਹਰੇਕ ਦਾ ਹੋਵੇਗਾ, ਪਰ ਬੁੱਤ ਕਿਸੇ ਦਾ ਨਹੀਂ ਲੱਗੇਗਾ।

ਰਿਸ਼ਤਾ ਕੇਵਲ ਪਿਆਰ ਦਾ ਹੀ ਹੁੰਦਾ ਹੈ, ਬਾਕੀ ਸਾਰੇ ਰਿਸ਼ਤੇ ਜਾਣ-ਪਛਾਣ ਹੁੰਦੇ ਹਨ।

ਯੋਰਪ ਦੇ ਵਿਦਿਆਰਥੀ, ਲਾਤੀਨੀ ਭਾਸ਼ਾ ਨੂੰ ਮਾਣ ਵਜੋਂ ਅਤੇ ਯੂਨਾਨੀ ਭਾਸ਼ਾ ਨੂੰ ਮਾਣਨ ਲਈ ਪੜ੍ਹਦੇ ਹਨ।

ਮੌਲਿਕ ਚਿੰਤਕ ਉਹ ਹੁੰਦਾ ਹੈ, ਜੋ ਜਾਣਨ ਦਾ ਯਤਨ ਹੀ ਨਹੀਂ ਕਰਦਾ ਕਿ ਹੋਰਾਂ ਨੇ ਕੀ ਸੋਚਿਆ ਹੈ।

ਸਭ ਤੋਂ ਵੱਧ ਪਰੰਪਰਾਵਾਦੀ ਉਹ ਹੁੰਦੇ ਹਨ, ਜਿਹੜੇ ਕੇਵਲ ਧਾਰਮਿਕ ਪੁਸਤਕਾਂ ਪੜ੍ਹਦੇ ਹਨ।

ਕਿਸੇ ਦੇਸ਼ ਬਾਰੇ ਸਹੀ ਜਾਣਕਾਰੀ, ਉਸ ਦੇਸ਼ ਦੀ ਦੰਡਾਵਲੀ ਤੋਂ ਸਹਿਜੇ ਹੀ ਮਿਲ ਜਾਂਦੀ ਹੈ।

ਜਦੋਂ ਰੂਹਾਨੀਅਤ ਦਾ ਕਾਲ ਪੈ ਜਾਂਦਾ ਹੈ ਤਾਂ ਰਾਜਨੀਤੀ ਪ੍ਰਧਾਨ ਹੋ ਜਾਂਦੀ ਹੈ।

ਹੀਣਤਾ ਦੀ ਭਾਵਨਾ ਕੇਵਲ ਮਨੁੱਖਾਂ ਵਿਚ ਹੁੰਦੀ ਹੈ, ਕਿਉਂਕਿ ਕੇਵਲ ਮਨੁੱਖਾਂ ਵਿਚ ਮਹਾਨ ਬਣਨ ਦੀ ਲਾਲਸਾ ਹੁੰਦੀ ਹੈ।

ਘਰ ਭਾਵੇਂ ਕਿਤਨਾ ਵੱਡਾ ਹੋਵੇ, ਉਸ ਵਿਚ ਇਕ ਹੋਰ ਕਮਰੇ ਦੀ ਲੋੜ ਹੁੰਦੀ ਹੈ।

ਹੁਣ ਚੋਣਾਂ ਵਿਚ ਹਾਰਨ 'ਤੇ ਵੀ, ਜਿੱਤਣ ਵਰਗਾ ਖਰਚਾ ਹੁੰਦਾ ਹੈ।

ਬਾਲ੍ਹੀ ਸਾਲ ਦੀ ਉਮਰ ਤਕ ਅਸੀਂ ਮਾਪਿਆਂ ਨੂੰ ਪੁੱਛਦੇ ਹਾਂ: ਤੁਸੀਂ ਸਾਡੇ ਵਾਸਤੇ ਕੀ ਕੀਤਾ ਹੈ? ਇਸ ਉਪਰੰਤ ਮਾਪੇ ਸਾਨੂੰ ਪੁੱਛਦੇ ਹਨ: ਅਸੀਂ ਉਨ੍ਹਾਂ ਵਾਸਤੇ ਕੀ ਕਰ ਰਹੇ ਹਾਂ?

ਮਾਂਵਾਂ ਸਮਾਜ ਦਾ ਸਰੋਤ ਹੁੰਦੀਆਂ ਹਨ, ਕਾਮੇ ਸਮਾਜ ਦੀਆਂ ਨੀਹਾਂ ਹੁੰਦੇ ਹਨ, ਅਧਿਆਪਕ ਸਮਾਜ ਦੇ ਉਸਰਈਏ ਹੁੰਦੇ ਹਨ।



ਹੁਣ ਮਨੁੱਖਾਂ ਦੇ ਵਿਹਾਰ ਵਿਚੋਂ ਰੱਬ ਮੁੱਕਦਾ ਜਾ ਰਿਹਾ ਹੈ।

ਪੈਗੰਬਰਾਂ ਦਾ ਪੱਥਰਾਂ ਨਾਲ ਡੂੰਘਾ ਸਬੰਧ ਹੈ; ਜਿਊਂਦਿਆਂ ਉਨ੍ਹਾਂ ਨੂੰ ਪੱਥਰ ਮਾਰੇ ਜਾਂਦੇ ਹਨ, ਮਰਨ ਉਪਰੰਤ ਉਨ੍ਹਾਂ ਦੀਆਂ ਕਬਰਾਂ 'ਤੇ ਪੱਥਰ ਲਾਏ ਜਾਂਦੇ ਹਨ।

ਪਰੇਸ਼ਾਨੀਆਂ ਕਾਰਨ ਜਿਨ੍ਹਾਂ ਨੂੰ ਨੀਂਦਰ ਨਹੀਂ ਆਉਂਦੀ, ਉਨ੍ਹਾਂ ਨੂੰ ਵਧੇਰੇ ਅਰਾਮ ਕਰਨ ਦੀ ਲੋੜ ਪੈਂਦੀ ਹੈ।

ਹੋਰਾਂ ਸਾਹਮਣੇ ਫੜ੍ਹਾਂ ਮਾਰ ਰਹੇ ਪੁਰਸ਼ ਦੀ ਪਤਨੀ ਮੁਸਕਰਾਉਂਦੀ ਹੈ; ਉਹ ਕਹਿੰਦੀ ਕੁਝ ਨਹੀਂ, ਪਰ ਕੁਝ ਅਣਕਿਹਾ ਵੀ ਨਹੀਂ ਰਹਿਣ ਦਿੰਦੀ।

ਬੋਲਣ ਦੌਰਾਨ ਕੁਝ ਸਿੱਖਿਆ ਨਹੀਂ ਜਾ ਸਕਦਾ, ਕੁਝ ਸਿੱਖਣ ਲਈ ਚੁੱਪ ਹੋਣਾ ਲਾਜ਼ਮੀ ਹੁੰਦਾ ਹੈ।

ਦੇਸ਼ ਦੀ ਸਰਕਾਰ ਨੂੰ, ਦੇਸ਼ ਦੀ ਸਮੁੱਚੀ ਸਿਆਣਪ ਅਤੇ ਸਮੁੱਚੀ ਮੂਰਖਤਾ, ਰਲ ਕੇ ਚਲਾਉਂਦੀਆਂ ਹਨ।

ਕਈ ਬੋਲਣ ਤੋਂ ਪਹਿਲਾਂ, ਬੜੇ ਸਿਆਣੇ ਵਿਖਾਈ ਦਿੰਦੇ ਹਨ।

ਅਜੋਕਾ ਮਨੁੱਖ ਜਦੋਂ ਸ਼ਾਂਤ, ਸੰਤੁਸ਼ਟ, ਸੁਖੀ ਅਤੇ ਇਕਾਂਤਮਈ ਜੀਵਨ ਜਿਊਣ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਉਹ ਗਲਤ ਸਮਿਆਂ ਵਿਚ ਜਨਮਿਆ ਹੈ।

ਕਈ ਵਾਰੀ ਅਦਾਲਤ ਦੋਸ਼ੀ ਨੂੰ ਬਰੀ ਕਰ ਦਿੰਦੀ ਹੈ, ਪਰ ਉਸ ਦਾ ਵਕੀਲ ਨਹੀਂ ਕਰਦਾ।

ਪੈਸੇ ਪ੍ਰਤੀ ਅਰਥ-ਸ਼ਾਸਤਰੀਆਂ ਦਾ ਸਾਰਾ ਗਿਆਨ ਸਿਧਾਂਤਕ ਹੁੰਦਾ ਹੈ, ਉਨ੍ਹਾਂ ਕੋਲ ਪੈਸੇ ਦੇ ਸਿਧਾਂਤ ਹੁੰਦੇ ਹਨ, ਪੈਸੇ ਨਹੀਂ ਹੁੰਦੇ।

ਜਿਸ ਦੀ ਜ਼ਬਾਨ ਤਿੱਖੀ ਹੋਵੇਗੀ, ਉਸ ਦਾ ਦਿਮਾਗ ਖੁੰਢਾ ਹੋਵੇਗਾ।

ਸ਼ਰਾਫਤ ਅਤੇ ਇਮਾਨਦਾਰੀ ਨਾਲ ਗੁਜ਼ਾਰਾ ਹੀ ਹੋ ਸਕਦਾ ਹੈ, ਐਸ਼ ਕਰਨ ਲਈ ਚਲਾਕੀ, ਚਤੁਰਾਈ ਅਤੇ ਬੇਈਮਾਨੀ ਕੀਤੀ ਜਾਂਦੀ ਹੈ।

ਜਿਥੇ ਵੇਖਦਿਆਂ ਹੀ ਪਿਆਰ ਹੋ ਜਾਵੇ, ਉਥੇ ਦੂਜੀ ਵਾਰ ਵੇਖਣ ਨਾਲ ਇਹ ਟੁੱਟ ਵੀ ਸਕਦਾ ਹੈ।

ਪਹਿਲਾਂ ਲੜਾਉਣਾ ਅਤੇ ਮਗਰੋਂ ਲੜਨ ਵਾਲਿਆਂ ਵਿਚਕਾਰ ਸਮਝੌਤਾ ਕਰਵਾਉਣਾ, ਹੁਣ ਕਈਆਂ ਲਈ ਲਾਹੇਵੰਦਾ ਰੋਜ਼ਗਾਰ ਬਣ ਗਿਆ ਹੈ।



Scanned by CamScanner

ਲੋੜ ਤੋਂ ਵੱਧ ਚਮਕਣ ਵਾਲੇ ਬੰਦੇ, ਬੜੇ ਅਕਾਊ ਹੁੰਦੇ ਹਨ।

ਵਿਦਿਆਰਥੀ, ਕਾਲਜ ਵਿਚ ਦਾਖਲੇ ਦੀ ਚਿੰਤਾ ਕਰਦਾ ਹੈ, ਪਿਤਾ ਉਸ ਦੇ ਖਰਚੇ ਦੀ ਪਰੇਸ਼ਾਨੀ ਨੂੰ ਝਲਦਾ ਹੈ।

ਸਿਰ 'ਤੇ ਵਾਲ ਜਿਤਨੇ ਘੱਟ ਹੋਣਗੇ, ਉਨ੍ਹਾਂ ਨੂੰ ਸੰਵਾਰਨ ਲਈ ਉਤਨਾ ਹੀ ਵਧੇਰੇ ਸਮਾਂ ਲੱਗੇਗਾ।

ਇਸਤਰੀਆਂ ਦੀ ਚੁੱਪ, ਬੜੀ ਸਪਸ਼ਟ ਨਾਂਹ ਹੁੰਦੀ ਹੈ।

ਕੇਵਲ ਇਮਾਨਦਾਰੀ ਨਾਲ ਜੀਵਨ ਗੁਜ਼ਾਰੋਗੇ ਤਾਂ ਕੋਈ ਮੁਕਾਬਲਾ ਨਹੀਂ ਕਰੇਗਾ, ਕੋਈ ਤੰਗ-ਪ੍ਰੇਸ਼ਾਨ ਨਹੀਂ ਕਰੇਗਾ, ਕੋਈ ਵਿਆਹ ਵੀ ਨਹੀਂ ਕਰੇਗਾ।

ਆਪਣੀ ਯੋਗਤਾ ਵੇਚੋ, ਆਪ ਨਾ ਵਿਕੋ।

ਜਿਹੜਾ ਪੂੰਜੀਵਾਦੀ ਨਹੀਂ ਬਣ ਸਕਦਾ, ਉਸ ਨੂੰ ਸਮਾਜਵਾਦੀ ਬਣਨਾ ਪੈਂਦਾ ਹੈ।

ਅਜੋਕੀਆਂ ਲੜਕੀਆਂ ਵਿਆਹ ਕਰਵਾ ਕੇ, ਪ੍ਰਸੰਨ ਹੀ ਨਹੀਂ, ਜੇਤੂ ਵੀ ਮਹਿਸੂਸ ਕਰਦੀਆਂ ਹਨ।

ਤਜਰਬਾ ਉਧਾਰ ਨਹੀਂ ਮਿਲਦਾ, ਇਹ ਕਿਸ਼ਤਾਂ ਵਿਚ ਵੀ ਨਹੀਂ ਮਿਲਦਾ।

ਅਜੋਕੇ ਬੱਚੇ ਸੋਚਦੇ ਕੁਝ ਨਹੀਂ ਪਰ ਜਾਣਦੇ ਸਭ ਕੁਝ ਹਨ।

ਹੁਣ ਬਹੁਤੇ ਲੋਕ ਆਪਣੀ ਪੈੜ-ਚਾਲ ਨਹੀਂ ਛੱਡਦੇ, ਆਪਣੇ ਤਿਲ੍ਹਕਣ ਅਤੇ ਡਿੱਗਣ ਦੇ ਨਿਸ਼ਾਨ ਹੀ ਛੱਡਦੇ ਹਨ।

ਮੂਰਖ, ਕਿਸੇ ਚੀਜ਼ ਬਾਰੇ ਚਿੰਤਾ ਨਹੀਂ ਕਰਦੇ, ਕਿਉਂਕਿ ਉਨ੍ਹਾਂ ਕੋਲ ਚਿੰਤਾ ਕਰਨ ਵਾਲਾ ਯੰਤਰ ਹੀ ਨਹੀਂ ਹੁੰਦਾ।

ਜਿਹੜੀਆਂ ਪਤਨੀਆਂ ਨੂੰ ਪਤੀ ਨਹੀਂ ਸੁਣਦੇ, ਉਹ ਉਨ੍ਹਾਂ ਨੂੰ ਵੇਖਣ ਅਤੇ ਮਿਲਣ ਲੱਗ ਪੈਂਦੀਆਂ ਹਨ, ਜਿਹੜੇ ਉਨ੍ਹਾਂ ਨੂੰ ਸੁਣਦੇ ਹਨ, ਇਵੇਂ ਨਾਜਾਇਜ਼ ਸਬੰਧ ਉਸਰਨ ਦਾ ਰਾਹ ਪੱਧਰਾ ਹੋ ਜਾਂਦਾ ਹੈ।

ਸੋਹਣੀ ਇਸਤਰੀ ਦੀ ਗੂੜ੍ਹੀ ਤੱਕਣੀ ਨਾਲ ਲੱਗਿਆ ਲਾਂਬੂ, ਫਾਇਰ-ਬ੍ਰੀਗੇਡ ਵੀ ਨਹੀਂ ਬੁਝਾ ਸਕਦਾ।

ਜੇ ਬਿਨਾਂ ਲੋੜ ਦੇ ਚੀਜ਼ਾਂ ਖਰੀਦੋਗੇ ਤਾਂ ਲੋੜ ਪੈਣ 'ਤੇ ਵਰਤਣ ਵਾਲੀਆਂ ਚੀਜ਼ਾਂ ਨਹੀਂ ਖਰੀਦ ਸਕੋਗੇ।



ਜੇ ਤੁਸੀਂ ਆਪਣਾ ਮੂੰਹ ਬੰਦ ਰੱਖੋਗੇ ਤਾਂ ਸਾਰੇ ਤੁਹਾਡੇ ਨਾਲ ਸਹਿਮਤੀ ਪ੍ਰਗਟਾਉਣਗੇ।

ਸਿਆਣੇ ਬੰਦੇ, ਬੋਲਦੇ ਘੱਟ ਹਨ, ਪਰ ਕਹਿੰਦੇ ਵਧੇਰੇ ਹਨ।

ਅਗਲੀ ਸਵੇਰ, ਹਰ ਰੋਜ਼ ਆਉਂਦੀ ਹੈ, ਪਰ ਮੁਲਤਵੀ ਕੀਤੇ ਕੰਮ ਵਾਲਾ ਕੱਲ੍ਹ ਕਦੇ ਨਹੀਂ ਆਉਂਦਾ।

ਕੁਝ ਲੋਕਾਂ ਕੋਲ ਹੀ ਗੱਲ ਕਰਨ ਦੀ ਜਾਚ ਹੁੰਦੀ ਹੈ, ਬਹੁਤੇ ਸੱਚ ਬੋਲ ਦਿੰਦੇ ਹਨ।

ਢੇਰ ਪੈਸੇ ਕਮਾਉਣ-ਖਰਚਣ ਮਗਰੋਂ ਪਤਾ ਲੱਗਦਾ ਹੈ ਕਿ ਪੈਸੇ ਨਾਲ ਪ੍ਰਸੰਨ ਨਹੀਂ ਹੋਇਆ ਜਾ ਸਕਦਾ।

ਫੈਸ਼ਨ ਦਾ ਨੇਮ ਹੈ ਕਿ ਜਿਉਂ-ਜਿਉਂ ਕੱਪੜਾ ਛੋਟਾ ਹੁੰਦਾ ਜਾਂਦਾ ਹੈ, ਕੀਮਤ ਵੱਡੀ ਹੁੰਦੀ ਜਾਂਦੀ ਹੈ।

ਜਿਥੇ ਸਭ ਤੋਂ ਵੱਧ ਕਪਾਹ ਹੁੰਦੀ ਹੈ, ਉਥੇ ਲੋਕ ਕੱਪੜੇ ਰੇਸ਼ਮੀ ਪਾਉਂਦੇ ਹਨ।

ਗਰੀਬ ਮੁਲਕਾਂ ਦੀਆਂ ਇਸਤਰੀਆਂ ਚਾਲ੍ਹੀ 'ਤੇ ਬੁੱਢੀਆਂ ਹੋ ਜਾਂਦੀਆਂ ਹਨ, ਅਮੀਰ ਮੁਲਕਾਂ ਦੀਆਂ ਇਸਤਰੀਆਂ, ਚਾਲ੍ਹੀ ਦੀਆਂ ਕਦੇ ਹੁੰਦੀਆਂ ਹੀ ਨਹੀਂ।

ਚੋਣਾਂ ਰਾਹੀਂ ਜਨਤਾ ਨਿਰਣਾ ਕਰਦੀ ਹੈ ਕਿ ਅਗਲੇ ਪੰਜ ਸਾਲ, ਸਾਡੀ ਕਮਾਈ ਨੂੰ ਕੌਣ-ਕੌਣ ਲੁੱਟੇਗਾ।

ਹੁਣ ਹਰ ਬੰਦੇ ਨੂੰ ਪ੍ਰਸੰਨਤਾ ਲੱਭਣ ਲਈ ਕਾਰ ਚਾਹੀਦੀ ਹੈ।

ਜਿਹੜਾ ਕਹਿੰਦਾ ਹੈ ਕਿ ਉਹ ਆਪਣੇ ਘਰ ਵਿਚ ਰਾਜਾ ਹੈ, ਉਹ ਕਿਸੇ ਹੋਰ ਮਸਲੇ ਬਾਰੇ ਵੀ ਸੱਚ ਨਹੀਂ ਬੋਲੇਗਾ।

ਚੰਗਾ ਭਾਸ਼ਣ ਉਹ ਹੁੰਦਾ ਹੈ, ਜਿਸ ਦਾ ਅਰੰਭ ਅਤੇ ਅੰਤ ਦੋਵੇਂ ਚੰਗੇ ਹੋਣ ਅਤੇ ਇਹ ਇਕ-ਦੂਜੇ ਦੇ ਨੇੜੇ ਹੋਣ।

ਇਸਤਰੀਆਂ ਆਪਣੇ ਪਤੀਆਂ ਦੀ ਨੀਤੀ ਸਮਝਦੀਆਂ ਹਨ, ਹੋਰ ਕਿਸੇ ਰਾਜਨੀਤੀ ਵਿਚ ਉਨ੍ਹਾਂ ਦੀ ਦਿਲਚਸਪੀ ਘੱਟ ਹੀ ਹੁੰਦੀ ਹੈ।

ਅੱਜ ਕੱਲ੍ਹ ਜਲਦੀ ਉਹੀ ਸੌਂਦੇ ਹਨ, ਜਿਨ੍ਹਾਂ ਦੀ ਟੈਲੀਵਿਜ਼ਿਨ ਵੇਖਣ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਕਈ ਵਾਰੀ ਅੱਗ ਨਾਲ ਉਤਨਾ ਨੁਕਸਾਨ ਨਹੀਂ ਹੁੰਦਾ, ਜਿਤਨਾ ਨੁਕਸਾਨ ਅੱਗ ਬੁਝਾਉਣ ਦੇ ਯਤਨ ਵਿਚ ਫਾਇਰ-ਬ੍ਰੀਗੇਡ ਕਰ ਜਾਂਦਾ ਹੈ।



Scanned by CamScanner

ਹੁਣ ਤਲਾਕ ਵਾਸਤੇ ਇਕ ਹੀ ਸ਼ਰਤ ਹੈ ਕਿ ਜੋੜਾ ਵਿਆਹਿਆ ਹੋਵੇ।

ਜੇ ਸਾਰੇ ਮੂਰਖਾਂ ਨੂੰ ਜੇਲ੍ਹ ਵਿਚ ਬੰਦ ਕਰ ਦੇਈਏ ਤਾਂ ਟੈਲੀਵਿਜ਼ਨ ਪ੍ਰੋਗਰਾਮ ਤਿਆ ਹੋਣੇ ਬੰਦ ਹੋ ਜਾਣਗੇ।

ਕੈਨੇਡਾ ਦੇ ਗੁਰਦੁਆਰੇ ਵਿਚ ਭਾਈ ਸਾਹਿਬ ਸੂਚਨਾ ਦੇ ਰਹੇ ਸਨ: ਬੱਚਿਆਂ ਲਈ ਪੀਜ਼ਾ ਅਤੇ ਸੰਗਤਾਂ ਲਈ ਲੰਗਰ ਤਿਆਰ ਹੈ।

ਹੁਣ ਕਈਆਂ ਦੀ ਬਦਤਮੀਜ਼ੀ, ਉਨ੍ਹਾਂ ਦੇ ਪਹਿਰਾਵੇ ਤੋਂ ਹੀ ਪ੍ਰਗਟ ਹੋ ਜਾਂਦੀ ਹੈ।

ਅਜੋਕੇ ਸਮਾਗਮਾਂ ਵਿਚ ਭੋਜਨ ਲੋੜ ਨਾਲੋਂ ਵੱਧ ਪਕਾਇਆ ਗਿਆ ਹੁੰਦਾ ਖਾਣ ਨਾਲੋਂ ਵੱਧ ਪਰੋਸਿਆ ਗਿਆ ਹੁੰਦਾ ਹੈ ਅਤੇ ਲੋੜ ਨਾਲੋਂ ਵੱਧ ਖਾਧਾ ਗਿ ਹੁੰਦਾ ਹੈ।

ਬੱਜਟ ਬਣਾਉਣ ਦਾ ਇਕ ਹੀ ਲਾਭ ਹੁੰਦਾ ਹੈ ਕਿ ਖਰਚਣ ਤੋਂ ਮਗਰੋਂ ਕੀਤੀ ਜਾ ਵਾਲੀ ਚਿੰਤਾ, ਪਹਿਲਾਂ ਹੀ ਕਰ ਲਈ ਜਾਂਦੀ ਹੈ।

ਇਸਤਰੀ ਆਪਣੇ ਵਿਆਹੇ ਹੋਣ ਦੇ ਸਬੂਤ ਵਜੋਂ ਉਮਰ ਨਹੀਂ ਦਸਦੀ, ਛੁੱ ਵਿਖਾਉਂਦੀ ਹੈ।

ਕਿਸ਼ੋਰ ਅਵਸਥਾ ਵਿਚ ਬੱਚੇ ਸੋਚਦੇ ਹਨ ਕਿ ਉਹ ਕਦੇ ਵੀ ਆਪਣੇ ਮਾਪਿ ਵਰਗੇ ਨਹੀਂ ਬਣਨਗੇ।

ਸੁੰਦਰਤਾ ਅਜਿਹਾ ਗਹਿਣਾ ਹੈ, ਜਿਹੜਾ ਗੁਆਚ ਜਾਣ 'ਤੇ ਵੀ ਇਸਤਰੀ ਸਮਝ ਹੈ, ਉਸ ਕੋਲ ਹੀ ਹੈ।

ਜਦੋਂ ਸੱਸ ਆਪਣੇ ਘਰ ਵਾਪਸ ਜਾਂਦੀ ਹੈ ਤਾਂ ਪ੍ਰਸੰਨ ਹੋ ਰਿਹਾ ਜਵਾਈ ਆਪ ਆਪ ਨੂੰ ਵਧਾਈ ਦਿੰਦਾ ਹੈ।

ਸਫ਼ਲ ਅਰਥ-ਸ਼ਾਸਤਰੀ ਉਹ ਹੁੰਦਾ ਹੈ, ਜਿਹੜਾ ਦੱਸੇ ਕਿ ਮੰਡੀ ਵਿਚ ਅੱਗੋਂ ਵਾਪਰੇਗਾ ਅਤੇ ਫਿਰ ਦੱਸੇ ਕਿ ਇਵੇਂ ਕਿਉਂ ਨਹੀਂ ਵਾਪਰਿਆ।

ਕਿਧਰੇ ਵੀ ਸਾਰੇ ਬੰਦੇ ਮੂਰਖ ਨਹੀਂ ਹੁੰਦੇ, ਕੁਝ ਵਿਆਹੇ ਵੀ ਹੁੰਦੇ ਹਨ।

ਛੱਤਰੀ ਅਤੇ ਪੌੜੀ ਹਮੇਸ਼ਾਂ ਦੋ-ਦੋ ਖਰੀਦੋ; ਇਕ ਆਪਣੇ ਲਈ, ਇਕ ਮੰਗ ਵਾਲਿਆਂ ਲਈ।

ਜੇਬ ਕਤਰਾ ਹੁੰਦਾ ਇਕੱਲਾ ਹੈ, ਪਰ ਉਹ ਪਸੰਦ ਭੀੜ ਨੂੰ ਕਰਦਾ ਹੈ।



ਚੰਗੀਆਂ ਮਾਂਵਾਂ ਦੀ ਸੰਤਾਨ ਵੱਡੀ ਹੋ ਕੇ ਆਪਣੇ ਵਾਸਤੇ ਪ੍ਰਸਿੱਧੀ ਅਤੇ ਆਪਣੀਆਂ ਮਾਂਵਾਂ ਵਾਸਤੇ ਸਤਿਕਾਰ ਕਮਾਉਂਦੀ ਹੈ।

ਜਦੋਂ ਪਤੀ ਦੇ ਯਤਨਾਂ ਦੀ ਪਤਨੀ ਪ੍ਰਸੰਸਾ ਕਰੇ ਤਾਂ ਪਤੀ, ਬੱਚੇ ਵਾਂਗ ਮਾਂ ਤੋਂ ਪ੍ਰਸੰਸਾ ਪਾਉਣ ਵਾਂਗ, ਵਧੇਰੇ ਮਿਹਨਤੀ ਅਤੇ ਯਤਨਸ਼ੀਲ ਹੋ ਜਾਂਦਾ ਹੈ।

ਸਭ ਤੋਂ ਭੈੜੀ ਯਾਦ-ਸ਼ਕਤੀ ਉਨ੍ਹਾਂ ਦੀ ਹੁੰਦੀ ਹੈ, ਜਿਹੜੇ ਕੁਝ ਨਹੀਂ ਭੁੱਲਦੇ।

ਨਤੀਜਿਆਂ ਅਤੇ ਸਿੱਟਿਆਂ ਵਿਚ ਅੰਤਰ ਹੁੰਦਾ ਹੈ; ਨਤੀਜੇ ਉਡੀਕੇ ਜਾਂਦੇ ਹਨ, ਸਿੱਟੇ ਆਪੇ ਨਿਕਲ ਆਉਂਦੇ ਹਨ।

ਰੱਬ ਦੇ ਮਿਲਾਇਆਂ ਨੂੰ ਰੱਬ ਹੀ ਵਿਛੋੜਦਾ ਹੈ।

ਅਧਿਆਪਕਾਂ ਦਾ ਤਜਰਬਾ ਦਸਦਾ ਹੈ ਕਿ ਯੂਨੀਵਰਸਿਟੀ ਵਿਚ ਹਰ ਪੰਜ ਦਾਖ਼ਲਿਆਂ ਵਿਚੋਂ ਇਕ ਵਿਦਿਆਰਥੀ ਦਾਖ਼ਲ ਹੁੰਦਾ ਹੈ; ਵਿਦਿਆਰਥੀਆਂ ਦਾ ਅਨੁਭਵ ਦਸਦਾ ਹੈ ਕਿ ਹਰ ਤਿੰਨ ਅਧਿਆਪਕਾਂ ਵਿਚੋਂ ਇਕ ਅਧਿਆਪਕ ਪੜ੍ਹਾਉਂਦਾ ਹੈ।

ਸੁਸਤ, ਚੰਗੀ ਕਿਸਮਤ ਦਾ ਲਾਭ ਉਠਾਉਣਾ ਵੀ ਮੁਲਤਵੀ ਕਰਦੇ ਰਹਿੰਦੇ ਹਨ।

ਬੱਚੇ, ਕੁੱਤਿਆਂ ਨੂੰ ਬੜਾ ਪਿਆਰ ਕਰਦੇ ਹਨ, ਕਿਉਂਕਿ ਘਰ ਵਿਚ ਇਹੀ ਹੁੰਦੇ ਹਨ, ਜਿਹੜੇ ਉਨ੍ਹਾਂ ਵਿਚ ਕੋਈ ਨੁਕਸ ਨਹੀਂ ਕੱਢਦੇ।

ਸੋਹਣੀਆਂ ਇਸਤਰੀਆਂ ਪਿਆਰ ਸਿਆਣਿਆਂ ਨੂੰ ਕਰਦੀਆਂ ਹਨ, ਪਰ ਉਨ੍ਹਾਂ ਦੇ ਖਰਚੇ ਕੇਵਲ ਮੂਰਖ ਪੂਰੇ ਕਰ ਸਕਦੇ ਹਨ।

ਜਦੋਂ ਕੋਈ ਇਸਤਰੀ ਨਾਂਹ ਕਹਿ ਕੇ ਹੱਸ ਪਵੇ, ਅਜਿਹੇ ਵਿਹਾਰ ਨੂੰ, ਉਸ ਦਾ ਤਜਰਬਾ ਕਹਿੰਦੇ ਹਨ।

ਜਿਥੋਂ ਸਰਕਸ ਖਤਮ ਹੁੰਦੀ ਹੈ, ਉਥੋਂ ਸਾਡੀ ਲੋਕ-ਸਭਾ ਸ਼ੁਰੂ ਹੁੰਦੀ ਹੈ।

ਲੰਮੇ ਮੌਸਮ ਨੂੰ ਪੌਣ-ਪਾਣੀ ਕਿਹਾ ਜਾਂਦਾ ਹੈ, ਸੰਖੇਪ ਪੌਣ-ਪਾਣੀ ਨੂੰ ਮੌਸਮ ਕਹਿੰਦੇ ਹਨ।

ਜਿਹੜੇ, ਕਾਲਜ ਦੇ ਪਹਿਲੇ ਸਾਲ ਵਿਚ ਅਨੁਸ਼ਾਸਨ ਅਤੇ ਵਿਆਹ ਦੇ ਪਹਿਲੇ ਸਾਲ ਵਿਚ ਸੰਜਮ ਨਹੀਂ ਸਿੱਖਦੇ, ਉਹ ਕਦੇ ਵੀ ਕੁਝ ਵੀ ਨਹੀਂ ਸਿੱਖਦੇ।

ਇਸਤਰੀ ਦਾ ਚੰਗਾ ਲਿਬਾਸ ਉਹ ਹੁੰਦਾ ਹੈ, ਜਿਸ ਨੂੰ ਪੁਰਸ਼ ਪਸੰਦ ਕਰਨ ਅਤੇ ਇਸਤਰੀਆਂ ਸਾੜਾ ਕਰਨ।



Scanned by CamScanner

ਘਰ ਉਹ ਥਾਂ ਹੁੰਦੀ ਹੈ, ਜਿਥੇ ਸਭ ਤੋਂ ਵੱਧ ਸੁੱਖ ਮਿਲਦੇ ਹਨ, ਪਰ ਜਿਥੇ ਸਭ ਤੋਂ ਵੱਧ ਸ਼ਿਕਾਇਤਾਂ ਅਤੇ ਸਭ ਤੋਂ ਘੱਟ ਧੰਨਵਾਦ ਕੀਤਾ ਜਾਂਦਾ ਹੈ।

ਕਾਲਜ-ਯੂਨੀਵਰਸਿਟੀ ਵਿਚ ਹਰ ਚਾਰ ਲੜਕੀਆਂ ਵਿਚੋਂ ਇਕ ਪੜ੍ਹਨ ਲਈ ਦਾਖ਼ਲ ਹੋਈ ਹੁੰਦੀ ਹੈ, ਬਾਕੀ ਵਿਆਹ ਲਈ ਖੋਜ ਜਾਂ ਰੀਹਰਸਲ ਕਰਨ ਆਉਂਦੀਆਂ ਹਨ।

ਅਮੀਰ ਪਰਿਵਾਰਾਂ ਦੇ ਕਲਾਕਾਰ ਪ੍ਰਸਿੱਧ ਤਾਂ ਹੋ ਜਾਂਦੇ ਹਨ, ਪਰ ਮਹਾਨ ਨਹੀਂ ਬਣਦੇ, ਕਿਉਂਕਿ ਉਨ੍ਹਾਂ ਕੋਲ ਜਵਾਨੀ ਦੌਰਾਨ, ਤੰਗੀ ਅਤੇ ਗਰੀਬੀ 'ਚੋਂ ਉਪਜਿਆ ਅਮੀਰ ਅਨੁਭਵ ਨਹੀਂ ਹੁੰਦਾ।

ਰਲ ਕੇ ਬਰਦਾਸ਼ਤ ਕੀਤੀਆਂ ਮੁਸੀਬਤਾਂ, ਆਨੰਦਮਈ ਰਿਸ਼ਤੇ ਉਸਾਰਦੀਆਂ ਹਨ।

ਬਹੁਤੇ ਹਾਰ ਬਰਦਾਸ਼ਤ ਕਰ ਲੈਂਦੇ ਹਨ, ਬੇਇੱਜ਼ਤੀ ਬਰਦਾਸ਼ਤ ਨਹੀਂ ਕਰਦੇ; ਦੋ ਬਰਦਾਸ਼ਤ ਕਰਨ ਵਾਲਿਆਂ ਨੂੰ ਸਫ਼ਲ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ।

ਹੀਰੇ, ਉਹ ਪੱਥਰ ਹੁੰਦੇ ਹਨ, ਜਿਨ੍ਹਾਂ ਨੂੰ ਚਮਕਣ ਦਾ ਚਾਓ ਹੁੰਦਾ ਹੈ।

ਜਿਉਂ-ਜਿਉਂ ਕੋਈ ਅਮੀਰ ਹੁੰਦਾ ਜਾਂਦਾ ਹੈ, ਉਸ ਦਾ ਘਰ ਹੋਟਲ ਵਰਗਾ ਅਤੇ ਹੋਟਲ ਘਰ ਵਰਗਾ ਬਣਦਾ ਜਾਂਦਾ ਹੈ।

ਮੁਸੀਬਤ, ਅਜਿਹਾ ਅਨੁਭਵ ਦਿੰਦੀ ਹੈ, ਜਿਸ ਤੋਂ ਲਾਭ ਤਾਂ ਕੋਈ ਨਹੀਂ ਹੁੰਦਾ, ਪਰ ਨੁਕਸਾਨ ਤੋਂ ਬਚਣਾ ਆ ਜਾਂਦਾ ਹੈ।

ਖ਼ਾਨਦਾਨੀ ਬੰਦੇ ਅੱਗੇ ਜਾਣ ਵੇਲੇ, ਆਪਣਾ ਪਿੱਛਾ ਵਿਖਾਉਂਦੇ ਹਨ।

ਝੱਟ-ਪੱਟ ਪ੍ਰਗਟਾਏ ਗਏ ਪ੍ਰਤੀਕਰਮ ਬੁੱਧੀ ਵਿਚੋਂ ਨਹੀਂ ਉਪਜਦੇ, ਇਸ ਲਈ ਇਹ ਲਾਭਕਾਰੀ ਸਾਬਤ ਨਹੀਂ ਹੁੰਦੇ।

ਅਜੋਕਾ ਯੁੱਗ ਬਨਾਵਟੀ ਰੋਸ਼ਨੀਆਂ ਅਤੇ ਰੂਹਾਨੀ ਹਨੇਰਿਆਂ ਦਾ ਕਾਲ ਹੈ।

ਕਿਸੇ ਦੇ ਘਰ ਜਾਣ ਵੇਲੇ ਮਠਿਆਈ ਇਸ ਲਈ ਲੈ ਜਾਈ ਜਾਂਦੀ ਹੈ ਕਿ ਜੇ ਕਿਸੇ ਕਿਸਮ ਦੀ ਕੁੜੱਤਣ ਹੋਵੇ ਤਾਂ ਉਹ ਮੁੱਕ ਜਾਵੇ ਅਤੇ ਰਿਸ਼ਤਾ ਮਿੱਠਾ ਹੋ ਜਾਵੇ।

ਰੋਸ਼ਨੀ ਦਾ ਸਵਾਗਤ ਹਨੇਰਾ ਹੀ ਕਰਦਾ ਹੈ।

ਜਦੋਂ ਪ੍ਰੇਮੀ-ਪ੍ਰੇਮਿਕਾ ਇਕੱਠੇ ਜਾ ਰਹੇ ਹੋਣ ਤਾਂ ਵੱਧ ਪਿਆਰ ਕਰਨ ਵਾਲੀ ਧਿਰ ਆਪਣਾ ਕਦਮ, ਦੂਜੇ ਦੇ ਕਦਮ ਨਾਲ ਮਿਲਾਉਂਦੀ ਹੈ।



ਪੁਰਸ਼, ਵਿਆਹ ਇਕ ਇਸਤਰੀ ਨਾਲ ਕਰਦਾ ਹੈ, ਪਰ ਉਸ ਦੇ ਜੀਵਨ ਵਿਚ ਚਾਚੀਆਂ, ਮਾਸੀਆਂ, ਸਾਲੀਆਂ ਅਤੇ ਉਨ੍ਹਾਂ ਦੀਆਂ ਸਹੇਲੀਆਂ ਆਦਿ ਅਨੇਕਾਂ ਇਸਤਰੀਆਂ ਦਾ ਦਖ਼ਲ ਵੱਧ ਜਾਂਦਾ ਹੈ।

ਪਿਆਰ ਵਿਚ, ਇਸਤਰੀ ਨੂੰ ਮੁੱਢ ਵਿਚ ਪ੍ਰੇਮੀ ਵਲੋਂ ਪ੍ਰਸ਼ੰਸਾ ਅਤੇ ਮਗਰੋਂ ਚਾਪਲੂਸੀ ਦੀ ਲੋੜ ਪੈਂਦੀ ਹੈ ਅਤੇ ਪੈਂਦੀ ਰਹਿੰਦੀ ਹੈ।

ਕਲਾਕਾਰ ਆਪਣੇ ਦੁੱਖਾਂ-ਦਰਦਾਂ ਨੂੰ ਆਪਣੀ ਕਲਾ ਵਿਚ ਗੁੰਨ੍ਹ ਦਿੰਦੇ ਹਨ; ਜਿਉਂ-ਜਿਉਂ ਉਨ੍ਹਾਂ ਦੇ ਦੁੱਖ-ਦਰਦ ਵਧਦੇ ਹਨ, ਤਿਉਂ-ਤਿਉਂ ਉਨ੍ਹਾਂ ਦੀ ਕਲਾ ਸੂਖਮ ਹੋ ਕੇ ਨਿਖਰਦੀ ਜਾਂਦੀ ਹੈ।

ਮਨ ਵਿਚ ਵਿਚਾਰਾਂ ਅਤੇ ਭਾਵਾਂ ਦੇ ਟਕਰਾਓ ਨੂੰ ਦੁਚਿੱਤੀ ਕਹਿੰਦੇ ਹਨ।

ਜ਼ਨਾਨੜੇ ਮਰਦ, ਮਰਦਾਵੀਆਂ ਇਸਤਰੀਆਂ ਵੱਲ ਖਿਚੇ ਜਾਂਦੇ ਹਨ, ਪਰ ਅਜਿਹੇ ਰਿਸ਼ਤੇ ਵਿਚ ਰੋਮਾਂਸ ਨਹੀਂ ਹੁੰਦਾ।

ਕਿਸੇ ਗੱਲ ਦਾ ਵਿਸ਼ਲੇਸ਼ਣ ਕਰਨ ਲੱਗ ਪੈਣਾ, ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਉਹ ਗੱਲ ਚੰਗੀ ਨਹੀਂ ਲੱਗੀ।

ਜਿਹੜਾ ਸੱਚ ਪਰੇਸ਼ਾਨ, ਬੇਚੈਨ ਅਤੇ ਉਦਾਸ ਕਰਦਾ ਹੈ, ਉਹ ਸੱਚ ਨਹੀਂ ਹੁੰਦਾ, ਸਮਾਚਾਰ ਹੁੰਦਾ ਹੈ।

ਜਦੋਂ ਮਨੁੱਖ ਆਪਣੇ ਪਿੱਛੇ, ਜੀਵਨ ਦੇ ਅੱਸੀ-ਨੱਬੇ ਵਰ੍ਹੇ ਵਿਅਰਥ ਗੁਆਏ ਹੋਏ ਵੇਖਦਾ ਹੈ ਤਾਂ ਉਸ ਦੀ ਜਾਨ ਨਿਕਲ ਜਾਂਦੀ ਹੈ।

ਪਿਆਰ ਕਰਨਾ ਇਸਤਰੀ ਦੀ ਸ਼ਕਤੀ ਹੁੰਦੀ ਹੈ, ਪਿਆਰ ਪ੍ਰਗਟਾਉਣਾ ਪੁਰਸ਼ ਦੀ ਯੋਗਤਾ ਹੁੰਦੀ ਹੈ।

ਤੰਦਰੁਸਤੀ ਤੋਂ ਬਿਨਾਂ, ਲਤੀਫ਼ੇ ਨਹੀਂ ਮਾਣੇ ਜਾ ਸਕਦੇ।

ਜਿਹੜਾ ਭੋਜਨ ਖਾਣ ਦੀ ਮਜਬੂਰੀ ਹੋਵੇ, ਉਹ ਬੇਸੁਆਦ ਹੋ ਜਾਂਦਾ ਹੈ; ਜਿਹੜੀ ਕਿਤਾਬ ਪੜ੍ਹਨ ਦੀ ਮਜਬੂਰੀ ਹੋਵੇ, ਉਹ ਨੀਰਸ ਹੋ ਜਾਂਦੀ ਹੈ; ਬੇਸੁਆਦੀ ਜਾਂ ਨੀਰਸਤਾ, ਭੋਜਨ ਜਾਂ ਕਿਤਾਬ ਵਿਚ ਨਹੀਂ ਹੁੰਦੀ, ਮਜਬੂਰੀ ਵਿਚ ਹੁੰਦੀ ਹੈ।

ਪਿਆਰ ਦੇ ਮੁੱਢ ਵਿਚ, ਇਸਤਰੀ-ਪੁਰਸ਼ ਅਕਸਰ ਇਕ-ਦੂਜੇ ਨੂੰ, ਉਨ੍ਹਾਂ ਸ਼ਬਦਾਂ ਦੇ ਸੰਕੇਤ ਦਿੰਦੇ ਰਹਿੰਦੇ ਹਨ, ਜਿਹੜੇ ਉਹ ਇਕ-ਦੂਜੇ ਤੋਂ ਸੁਣਨਾ ਚਾਹੁੰਦੇ ਹਨ।



Scanned by CamScanner

ਮਿਲਾਪ ਉਪਰੰਤ ਪ੍ਰੇਮੀ ਇਸ ਲਈ ਵਿਛੜਦੇ ਹਨ ਤਾਂ ਕਿ ਵਿਛੜ ਕੇ ਉਹ ਜਾਣ ਲੈਣ ਕਿ ਉਹ ਇਕ-ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ।

ਜਦੋਂ ਕੋਈ ਵਿਸ਼ੇਸ਼ ਸਨਮਾਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪ੍ਰਸੰਸਾ ਅਤੇ ਵਧਾਈਆਂ ਲੈਣ ਲਈ ਆਮ ਲੋਕਾਂ ਨੂੰ ਮਿਲਣਾ ਚਾਹੁੰਦਾ ਹੈ।

ਅਪੰਗ ਵਿਅਕਤੀਆਂ ਦਾ ਹੁਸ਼ਿਆਰ, ਲਾਇਕ ਅਤੇ ਚੁਸਤ ਹੋਏ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।

ਮਹਿਸੂਸ ਕਰਨਾ, ਦਿਲ ਦਾ ਗੁਣ ਹੈ, ਬੁੱਧੀ ਦਾ ਲੱਛਣ ਨਹੀਂ।

ਪੁਰਸ਼, ਕਿਸੇ ਬਹਿਸ ਕਰਨ ਵਾਲੀ ਇਸਤਰੀ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਬਹਿਸ ਕਰਨਾ ਇਸਤਰੀ ਦਾ ਖੇਤਰ ਨਹੀਂ, ਇਸਤਰੀ ਦਾ ਖੇਤਰ ਬਹਿਸ ਮੁਕਾਉਣਾ ਹੁੰਦਾ ਹੈ।

ਪਿਆਰ ਵਿਚ, ਇਕ ਪੜਾਓ 'ਤੇ ਇਕ ਧਿਰ, ਦੂਜੀ ਧਿਰ ਨੂੰ ਇਕ ਉਹ ਪ੍ਰਸ਼ਨ ਪੁੱਛਦੀ ਹੈ, ਜਿਸ ਦੇ ਉੱਤਰ 'ਤੇ, ਉਨ੍ਹਾਂ ਦਾ ਭਵਿੱਖ ਦਾਓ 'ਤੇ ਲੱਗਾ ਹੁੰਦਾ ਹੈ।

ਇਸਤਰੀ ਨਾਲ ਫ਼ਲਸਫ਼ੇ ਦੀ ਗੱਲ ਕਰੋ, ਉਹ ਉਸ ਵਿਸ਼ੇ ਨੂੰ ਅੱਗੇ ਨਹੀਂ ਟੋਰੇਗੀ; ਜੇ ਤੁਸੀਂ ਜਾਰੀ ਰੱਖੋਗੇ ਤਾਂ ਉਸ ਦੀ ਤੁਹਾਡੇ ਵਿਚ ਵੀ ਦਿਲਚਸਪੀ ਮੁੱਕ ਜਾਵੇਗੀ।

ਕਈ ਪੁਰਸ਼ ਜਮਾਂਦਰੂ ਪਤੀ ਹੁੰਦੇ ਹਨ; ਕਈ ਖਾਨਦਾਨੀ ਪਤੀ ਹੁੰਦੇ ਹਨ; ਕਈ ਕਿਸੇ-ਕਿਸੇ ਦਿਨ ਪਤੀ ਹੁੰਦੇ ਹਨ; ਕਈ ਹੋਰ ਸਭ ਕੁਝ ਹੁੰਦੇ ਹਨ, ਪਰ ਪਤੀ ਕਦੇ ਨਹੀਂ ਹੁੰਦੇ।

ਖਾਣ ਸਮੇਂ, ਦੂਜੀ ਵਾਰ ਲਈ ਚੀਜ਼ ਉਸ ਦੇ ਸਵਾਦੀ ਹੋਣ ਦਾ ਪ੍ਰਮਾਣ ਹੁੰਦੀ ਹੈ, ਤੀਜੀ ਵਾਰ ਲਈ ਚੀਜ਼ ਤੁਹਾਡੇ ਪੇਟੂ ਹੋਣ ਦਾ ਸਬੂਤ ਹੋਵੇਗੀ, ਜੇ ਚੌਥੀ ਵਾਰ ਲਈ ਜਾਵੇ ਤਾਂ ਇਹ ਸਿੱਧ ਹੋਵੇਗਾ ਕਿ ਉਹ ਚੀਜ਼ ਤੁਹਾਡੇ ਘਰ ਨਹੀਂ ਬਣਦੀ।

ਪਿਆਰ ਦੀ ਖੇਡ ਵਿਚ, ਇਸਤਰੀ ਕੋਲ ਦਰਜਨਾਂ ਪੈਂਤੜੇ ਅਤੇ ਸੈਂਕੜੇ ਦਾਓ-ਪੇਚ ਹੁੰਦੇ ਹਨ।

ਇਮਾਨਦਾਰੀ ਨਾਲ ਸ਼ਿਕਾਰ ਨਹੀਂ ਕੀਤਾ ਜਾ ਸਕਦਾ, ਸੱਚ ਬੋਲ ਕੇ ਹਕੂਮਤ ਨਹੀਂ ਕੀਤੀ ਜਾ ਸਕਦੀ, ਦਇਆਵਾਨ ਹੋ ਕੇ ਯੁੱਧ ਨਹੀਂ ਲੜਿਆ ਜਾ ਸਕਦਾ।

ਇਸਤਰੀ-ਪੁਰਸ਼ ਵਿਚ ਰਿਸ਼ਤਾ ਉਸਰਨ ਦਾ ਪ੍ਰਮਾਣ ਇਹ ਹੁੰਦਾ ਹੈ ਕਿ ਉਹ ਇਕ-ਦੂਜੇ ਦੀ ਪਸੰਦ ਹੀ ਨਹੀਂ ਰਹਿੰਦੇ, ਲੋੜ ਵੀ ਬਣ ਜਾਂਦੇ ਹਨ।



ਕਿਸੇ ਨੂੰ ਮਨਾਉਣਾ ਹੋਵੇ ਤਾਂ ਬੋਲਣ-ਸੁਣਨ ਦੀ ਕਲਾ ਹੀ ਕੰਮ ਆਉਂਦੀ ਹੈ।

ਵਿਆਹ, ਪੁਰਸ਼ ਲਈ ਬੰਦਰਗਾਹ ਅਤੇ ਇਸਤਰੀ ਲਈ ਪਨਾਹ ਹੁੰਦਾ ਹੈ।

ਪਰੇਸ਼ਾਨ ਅਤੇ ਦੁਖੀ ਹੋਣਾ ਇਸਤਰੀ ਦਾ ਸੁਭਾਓ ਹੈ; ਪੁਰਸ਼ ਨੂੰ ਉਹ ਆਪਣੇ ਲਈ, ਦੁਖੀ ਅਤੇ ਪਰੇਸ਼ਾਨ ਹੋਣ ਦਾ ਸਾਧਨ ਬਣਾ ਲੈਂਦੀ ਹੈ।

ਸਮਰੱਥ ਭਾਸ਼ਾ ਨਵੇਂ ਅਰਥਾਂ ਲਈ ਨਵੇਂ ਸ਼ਬਦ ਘੜਦੀ ਹੈ, ਅਸਮਰੱਥ ਭਾਸ਼ਾ ਨਵੇਂ ਅਰਥਾਂ ਲਈ ਪੁਰਾਣੇ ਸ਼ਬਦ ਹੀ ਵਰਤਦੀ ਰਹਿੰਦੀ ਹੈ।

ਬਹਿਸ ਵਿਚ, ਵਿਰੋਧੀ ਦੇ ਪਿਛੋਕੜ ਨੂੰ ਫਰੋਲਣ ਅਤੇ ਉਸ ਦੀ ਸ਼ਕਲ-ਸੂਰਤ 'ਤੇ ਦੋਸ਼ ਲਾਉਣ ਨਾਲ ਵਿਰੋਧਤਾ, ਦੁਸ਼ਮਣੀ ਬਣ ਜਾਂਦੀ ਹੈ।

ਕਿਸੇ ਦਾ ਸਾਥ ਮਾਣਨ ਲਈ ਨੇੜਤਾ ਅਤੇ ਫ਼ਾਸਲਾ ਦੋਵੇਂ ਜ਼ਰੂਰੀ ਹੁੰਦੇ ਹਨ।

ਆਪਣੇ ਸੁਪਨੇ ਕਿਸੇ ਨੂੰ ਨਾ ਦਿਓ, ਦੇਣ ਮਗਰੋਂ ਉਹ ਤੁਹਾਡੇ ਨਹੀਂ ਰਹਿਣਗੇ ਅਤੇ ਲੈਣ ਵਾਲੇ ਦੇ ਉਹ ਬਣ ਨਹੀਂ ਸਕਣਗੇ।

ਵੱਸ ਲੱਗਦਿਆਂ ਆਪਣੀ ਹਾਜ਼ਰੀ ਵਿਚ, ਕੋਈ ਇਸਤਰੀ ਕਿਸੇ ਨੂੰ ਬੇਇੱਜ਼ਤ ਨਹੀਂ ਹੋਣ ਦਿੰਦੀ।

ਕਦੇ ਨਾ ਕਦੇ, ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਇਕ ਅਜਿਹਾ ਖ਼ਤ ਲਿਖਦੇ ਹਨ, ਜਿਹੜਾ ਉਹ ਚਾਹੁੰਦੇ ਹਨ ਕਿ ਪੜ੍ਹੇ ਬਿਨਾਂ ਉਨ੍ਹਾਂ ਨੂੰ ਵਾਪਸ ਮਿਲ ਜਾਵੇ।

ਜਦੋਂ ਕੋਈ ਪੇਂਡੂ ਕਿਸੇ ਸਮਾਗਮ 'ਤੇ ਜਾਂਦਾ ਹੈ ਤਾਂ ਉਹ ਮਗਰੋਂ ਕੋਈ ਦਿਲਚਸਪ, ਸਿੱਧੀ, ਸਪਸ਼ਟ ਅਤੇ ਜੱਟਕੀ ਟਿੱਪਣੀ ਜ਼ਰੂਰ ਕਰਦਾ ਹੈ।

ਹਰੇਕ ਇਸਤਰੀ ਦੇ ਅੰਦਰ ਇਕ ਕੁੜੀ ਬੈਠੀ ਹੁੰਦੀ ਹੈ, ਹਰੇਕ ਪੁਰਸ਼ ਦੇ ਅੰਦਰ ਇਕ ਬਾਬਾ ਲੇਟਿਆ ਹੁੰਦਾ ਹੈ।

ਸੁਹਿਰਦਤਾ ਨਾਲ ਖਤਰਨਾਕ ਨਹੀਂ ਹੋਇਆ ਜਾ ਸਕਦਾ।

ਚੰਗਾ ਵਾਕ ਇਤਨਾ ਭਰਪੂਰ ਹੁੰਦਾ ਹੈ ਕਿ ਉਹ ਪਹਿਲੀ ਪੜ੍ਹਤ ਵਿਚ ਹੀ ਨਿਹਾਲ ਕਰ ਦਿੰਦਾ ਹੈ, ਉਸ ਨੂੰ ਦੁਬਾਰਾ ਉਸ ਦੇ ਚੰਗੇ ਹੋਣ ਦੀ ਦਾਦ ਵਜੋਂ ਪੜ੍ਹਿਆ ਜਾਂਦਾ ਹੈ, ਤੀਜੀ ਵਾਰ ਪੜ੍ਹਨ ਦਾ ਉਦੇਸ਼ ਉਸ ਨੂੰ ਯਾਦ ਕਰਨਾ ਹੁੰਦਾ ਹੈ।

ਹਰ ਕੋਈ ਆਪਣੀਆਂ ਸਮੱਸਿਆਵਾਂ ਨੂੰ ਵਿਸ਼ੇਸ਼ ਅਤੇ ਆਪਣੇ ਆਪ ਦੇ ਵਿਲੱਖਣ ਹੋਣ ਦਾ ਭੁਲੇਖਾ ਸਿਰਜਦਾ ਹੈ।



Scanned by CamScanner

ਕਲਪਨਾ ਉਡਾਰੀਆਂ ਲਾਉਂਦੀ ਹੈ, ਪਰ ਇਸ ਦੀ ਕੋਈ ਦਿਸ਼ਾ ਨਹੀਂ ਹੁੰਦੀ।

ਕੁਝ ਬੱਦਲਾਂ ਦਾ ਕੰਮ, ਸੋਹਣੇ ਲੱਗਣਾ ਹੀ ਹੁੰਦਾ ਹੈ, ਮੀਂਹ ਪਾਉਣਾ ਨਹੀਂ।

ਮਾਲਕ ਕਹਿਦਾ ਹੈ: ਇਥੇ ਨੌਕਰ ਕੋਈ ਨਹੀਂ, ਅਸੀਂ ਸਾਰੇ ਮਾਲਕ ਹਾਂ; ਨੌਕਰਾਂ ਨੂੰ ਸੁਣਨਾ ਚੰਗਾ ਲੱਗਦਾ ਹੈ। ਨੌਕਰ ਕਹਿੰਦਾ ਹੈ: ਇਥੇ ਮਾਲਕ ਕੋਈ ਨਹੀਂ, ਅਸੀਂ ਸਾਰੇ ਨੌਕਰ ਹਾਂ; ਮਾਲਕ ਨੂੰ ਸੁਣਨਾ ਚੰਗਾ ਨਹੀਂ ਲੱਗਦਾ, ਕਿਉਂਕਿ ਇਹ ਗੱਲ ਨੌਕਰ ਨੇ ਕਹੀ ਹੈ।

ਜੇ ਪੁਰਸ਼ ਨੂੰ ਉਹ ਸਾਰੀਆਂ ਇਸਤਰੀਆਂ ਮਿਲ ਜਾਣ ਜਾਂ ਇਸਤਰੀ ਨੂੰ ਉਹ ਸਾਰੇ ਪੁਰਸ਼ ਮਿਲ ਜਾਣ, ਜਿਨ੍ਹਾਂ ਨੂੰ ਉਸ ਨੇ ਪਿਆਰ ਕਰਨਾ ਚਾਹਿਆ ਸੀ ਤਾਂ ਬੜੀ ਮੁਸੀਬਤ ਹੋ ਜਾਵੇਗੀ।

ਪਿਆਰ, ਮਨੁੱਖ ਦੀ ਪ੍ਰਸੰਨਤਾ ਦੀ ਸਿਖ਼ਰ ਅਤੇ ਉਦਾਸੀ ਦੀ ਡੂੰਘਾਈ, ਦੋਹਾਂ ਨਾਲ ਜਾਣ-ਪਛਾਣ ਕਰਵਾ ਦਿੰਦਾ ਹੈ।

ਸੋਹਣੀ ਇਸਤਰੀ ਨੂੰ ਸੋਹਣੀ ਕਹੇ ਜਾਣਾ ਉਸ ਨੂੰ ਪ੍ਰਸੰਨਤਾ ਨਹੀਂ ਦਿੰਦਾ; ਪ੍ਰਸੰਨਤਾ ਸੋਹਣੀ ਨਾਲ ਲੱਗਣ ਵਾਲੇ ਵਿਸ਼ੇਸ਼ਣਾਂ ਤੋਂ ਮਿਲਦੀ ਹੈ।

ਭਾਰਤ ਗਰੀਬਾਂ ਲਈ ਹੈ, ਸਧਾਰਨ ਲੋਕਾਂ ਲਈ ਹਿੰਦੁਸਤਾਨ ਹੈ, ਅਮੀਰ ਲੋਕਾਂ ਲਈ ਇੰਡੀਆ ਹੈ।

ਜਦੋਂ ਕਿਸੇ ਦੀ ਸਫ਼ਲਤਾ ਦੀ ਦਾਦ ਦਿਓਗੇ, ਉਹ ਉਸ ਤੋਂ ਅਗਲੇਰੀ ਸਫ਼ਲਤਾ ਲਈ ਯਤਨਸ਼ੀਲ ਹੋ ਜਾਵੇਗਾ।

ਜਿਤਨਾ ਕੋਈ ਕਾਰ ਦਾ ਹਾਰਨ ਵਧੇਰੇ ਵਜਾਉਂਦਾ ਹੈ, ਉਤਨਾ ਹੀ ਉਹ ਵਧੇਰੇ ਸਾਬਤ ਕਰਦਾ ਹੈ ਕਿ ਉਹ ਕਾਰ ਦਾ ਮਾਲਕ ਹੋਣ ਦੇ ਯੋਗ ਨਹੀਂ ਹੈ।

ਸਹੀ ਅਤੇ ਗਲਤ ਤੋਂ ਪਾਰ ਇਕ ਮੁਕਾਮ ਹੁੰਦਾ ਹੈ, ਜਿਥੇ ਪਿਆਰ ਕਰਨ ਵਾਲੇ ਆਪਸ ਵਿਚ ਮਿਲਦੇ ਹਨ ਅਤੇ ਮਿਲਣਾ ਚਾਹੁੰਦੇ ਰਹਿੰਦੇ ਹਨ।

ਚੰਗਾ ਮਨੁੱਖ ਬਣਨਾ ਬੜਾ ਮੁਸ਼ਕਿਲ ਹੁੰਦਾ ਹੈ, ਭੈੜਾ ਤਾਂ ਉਹ ਪਹਿਲਾਂ ਬਣਿਆ ਹੀ ਹੁੰਦਾ ਹੈ।

ਨਵੀਆਂ ਕਾਢਾਂ ਦੇਸ਼ ਦੀ ਕਿਸਮਤ ਬਦਲ ਦਿੰਦੀਆਂ ਹਨ; ਸੰਸਾਰ ਦੇ ਉਹੀ ਦੇਸ਼ ਅਮੀਰ ਹਨ, ਜਿਨ੍ਹਾਂ ਨੇ ਨਵੀਆਂ ਕਾਢਾਂ ਕੱਢੀਆਂ ਅਤੇ ਵਰਤੀਆਂ ਹਨ।

ਜੋ ਆਰਜ਼ੀ ਹੈ, ਉਹ ਪਦਾਰਥ ਹੈ; ਜੋ ਸਦੀਵੀ ਹੈ, ਉਹ ਆਤਮਾ ਹੈ।



ਪ੍ਰੇਮਿਕਾ, ਪ੍ਰੇਮੀ ਦੇ ਪਿਆਰ ਦਾ ਤਾਪਮਾਨ ਨਿਰੰਤਰ ਮਾਪਦੀ ਰਹਿੰਦੀ ਹੈ ਅਤੇ ਧਿਆਨ ਰੱਖਦੀ ਹੈ ਕਿ ਉਸਦੇ ਪਿਆਰ ਦਾ ਬੁਖਾਰ, ਨਾ ਉਤਰੇ, ਨਾ ਘਟੇ।

ਜੇ ਪਤੀ-ਪਤਨੀ ਵਿਚ ਇਕ ਪਦਾਰਥਵਾਦੀ ਅਤੇ ਦੂਜਾ ਆਦਰਸ਼ਵਾਦੀ ਹੋਵੇ ਤਾਂ ਉਹ ਇਕ-ਦੂਜੇ ਤੋਂ ਸੰਤੁਸ਼ਟ ਘੱਟ ਅਤੇ ਪਰੇਸ਼ਾਨ ਵਧੇਰੇ ਰਹਿੰਦੇ ਹਨ।

ਵਿਗਿਆਨ ਦੱਸਦਾ ਹੈ ਕਿ ਕੀ, ਕੀ ਹੈ, ਕਿਉਂ ਹੈ, ਕਿਵੇਂ ਹੈ? ਧਰਮ ਦਸਦਾ ਹੈ ਕਿ ਕੀ, ਕਿਵੇਂ ਹੋਣਾ ਚਾਹੀਦਾ ਹੈ।

ਤਲਾਕ ਦਾ ਮੁਕੱਦਮਾ ਲੜ ਰਿਹਾ ਵਿਅਕਤੀ ਐਲਾਨ ਕਰਦਾ ਹੈ ਕਿ ਸੰਸਾਰ ਵਿਚ ਇਕ ਹੀ ਭੈੜੀ ਇਸਤਰੀ ਹੈ ਅਤੇ ਉਹ ਉਸ ਦੀ ਪਤਨੀ ਹੈ।

ਜੇ ਮਿਹਨਤ ਨਹੀਂ ਕਰੋਗੇ ਤਾਂ ਗਰੀਬੀ ਸਾਰਾ ਜੀਵਨ ਤੁਹਾਡਾ ਸਾਥ ਦੇਵੇਗੀ।

ਪ੍ਰੇਮਿਕਾ ਦੀ ਇਕ ਅਦਿੱਖ ਸੁੰਦਰਤਾ ਹੁੰਦੀ ਹੈ, ਜਿਸ ਨੂੰ ਵੇਖਣ ਵਾਲੀਆਂ ਅੱਖਾਂ, ਕੇਵਲ ਪ੍ਰੇਮੀ ਕੋਲ ਹੁੰਦੀਆਂ ਹਨ।

ਨਿਰਾਕਾਰ ਪਰਮਾਤਮਾ ਪਿਤਾ ਹੈ; ਸਾਕਾਰ ਕੁਦਰਤ ਮਾਂ ਹੈ।

ਜਦੋਂ ਪਤੀ-ਪਤਨੀ ਦੇ ਰਿਸ਼ਤੇ ਵਿਚ ਮੁਆਫ਼ੀ ਮੰਗਣ ਦੀ ਗੱਲ ਚੱਲ ਪਏ ਤਾਂ ਅਜਿਹਾ ਰਿਸ਼ਤਾ, ਹਰ ਮੁਆਫ਼ੀ ਨਾਲ ਕਮਜ਼ੋਰ ਹੁੰਦਾ ਜਾਂਦਾ ਹੈ।

ਸੁਕਰਾਤ, ਗਿਆਨ ਦੀ ਸੂਲੀ 'ਤੇ ਲਟਕਿਆ ਸੀ।

ਤਲਾਕ ਉਦੋਂ ਅਰੰਭ ਹੋ ਜਾਂਦਾ ਹੈ, ਜਦੋਂ ਪਤੀ-ਪਤਨੀ ਨੂੰ ਇਕ-ਦੂਜੇ ਵਿਚੋਂ ਕੁਝ ਵੀ ਚੰਗਾ ਵਿਖਾਈ ਦੇਣਾ ਮੁੱਕ ਜਾਂਦਾ ਹੈ।

ਜਾਣੂ, ਵਿਚਾਰ-ਵਟਾਂਦਰੇ ਲਈ ਹੁੰਦੇ ਹਨ; ਦੋਸਤਾਂ ਨਾਲ ਦਿਲ ਦੀਆਂ ਗੱਲਾਂ ਹੁੰਦੀਆਂ ਹਨ, ਜੱਫੀਆਂ ਪਾ ਕੇ ਗੱਲਾਂ ਕਰਨ ਲਈ ਯਾਰ ਚਾਹੀਦੇ ਹੁੰਦੇ ਹਨ।

ਜਿੱਤਣ ਵਾਲੇ ਨੂੰ ਕੋਈ ਨਹੀਂ ਪੁੱਛਦਾ ਕਿ ਤੂੰ ਕਿਤਨੀ ਵਾਰ ਡਿੱਗਿਆ ਸੀ।

ਸ਼ੌਕ, ਕਿਸੇ ਕਾਰਜ ਦਾ ਅਰੰਭ ਹੀ ਕਰਵਾ ਸਕਦਾ ਹੈ, ਇਸ ਤੋਂ ਅੱਗੇ ਮਿਹਨਤ ਦੀ ਲੋੜ ਪੈਂਦੀ ਹੈ।

ਬਣੀ ਹੋਈ ਲਾਈਨ ਨੂੰ ਤੋੜਨ ਵਾਲੇ, ਨਾ ਆਪ ਇੱਜ਼ਤਦਾਰ ਹੁੰਦੇ ਹਨ, ਨਾ ਹੀ ਉਹ ਕਿਸੇ ਦੀ ਇੱਜ਼ਤ ਕਰਦੇ ਹਨ।



Scanned by CamScanner

ਪਤਨੀ ਦਾ ਪਤੀ ਨਾਲ ਵਿਹਾਰ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸਦੇ ਪਤੀ ਦਾ ਹੋਰ ਇਸਤਰੀਆਂ ਨਾਲ ਵਿਹਾਰ ਕਿਹੋ ਜਿਹਾ ਹੈ; ਪਤੀ ਦੇ ਹੋਰ ਪੁਰਸ਼ਾਂ ਨਾਲ ਸਬੰਧਾਂ ਦੀ ਪਤਨੀ ਪ੍ਰਵਾਹ ਨਹੀਂ ਕਰਦੀ।

ਸਮੱਸਿਆਵਾਂ ਵਿਚ ਉਲਝਿਆ ਮਨੁੱਖ, ਆਪ ਵੀ ਇਕ ਸਮੱਸਿਆ ਬਣ ਜਾਂਦਾ ਹੈ।

ਨਸਲਾਂ, ਜਾਤਾਂ, ਧਰਮਾਂ, ਫ਼ਿਰਕਿਆਂ, ਭਾਸ਼ਾਵਾਂ, ਇਲਾਕਿਆਂ ਆਦਿ ਦੇ ਅਧਾਰ 'ਤੇ ਵੰਡੇ ਹੋਏ ਲੋਕ, ਆਪਣੇ ਅਸਲੀ ਦੁਸ਼ਮਣ ਨੂੰ ਪਛਾਣਨ ਤੋਂ ਪਹਿਲਾਂ ਹੀ, ਆਪਸ ਵਿਚ ਖਹਿ-ਖਹਿ ਕੇ, ਮਰ-ਮੁੱਕ ਜਾਂਦੇ ਹਨ।

ਜਦੋਂ ਤਕ ਅੰਦਰੋਂ ਸਬਰ ਨਹੀਂ ਜਾਗਦਾ, ਮਨੁੱਖ ਮੰਗਤਾ ਬਣਿਆ ਰਹਿੰਦਾ ਹੈ।

ਮਨੁੱਖ ਚਾਹੁੰਦਾ ਹੈ ਕਿ ਪਰਮਾਤਮਾ ਉਸ ਦੀਆਂ ਅਰਦਾਸਾਂ ਵੱਲ ਧਿਆਨ ਦੇਵੇ, ਉਸ ਦੇ ਵਿਹਾਰ ਵੱਲ ਨਾ ਵੇਖੇ।

ਅਜੇ ਤਕ ਨਿਰਣਾ ਨਹੀਂ ਹੋ ਸਕਿਆ ਕਿ ਕਿਸੇ ਨੂੰ ਅੱਖ ਮਾਰਨੀ ਚੰਗੀ ਗੱਲ ਹੈ ਕਿ ਮਾੜੀ ਗੱਲ ਹੈ।

ਜੇ ਧਿਆਨ ਨਾਲ ਸੁਣਿਆ ਜਾਵੇ ਤਾਂ ਬੋਲਣ ਵਾਲੇ ਦਾ ਉਤਸ਼ਾਹ ਵਧਦਾ ਹੈ; ਜੇ ਧਿਆਨ ਨਾਲ ਬੋਲਿਆ ਜਾਵੇ ਤਾਂ ਸੁਣਨ ਵਾਲਿਆਂ ਦੀ ਦਿਲਚਸਪੀ ਵਧਦੀ ਹੈ।

ਸਿੱਖਿਆ ਦਾ ਉਦੇਸ਼; ਕੁਝ ਜਾਣਨਾ, ਸਮਝਣਾ, ਸੋਚਣਾ ਅਤੇ ਕਰਨਾ ਹੁੰਦਾ ਹੈ।

ਜੀਵਨ ਦੀਆਂ ਗੁੰਝਲਦਾਰ ਸਮੱਸਿਆਵਾਂ ਸੁਲਝਾਉਣ ਲਈ, ਅਨੇਕਾਂ ਵਿਅਕਤੀਆਂ ਦੀ ਲੋੜ ਪੈਂਦੀ ਹੈ; ਇਸ ਲੋੜ ਵਿਚੋਂ ਰੋਜ਼ਗਾਰ ਉਪਜਦੇ ਹਨ।

ਪ੍ਰਸੰਸਾ, ਇਤਰ-ਫੁਲੇਲ ਵਾਂਗ ਹੁੰਦੀ ਹੈ, ਇਹ ਸੁੰਘਣੀ ਹੀ ਚਾਹੀਦੀ ਹੈ, ਪੀਣੀ ਨਹੀਂ ਚਾਹੀਦੀ।

ਕੁੱਤੇ ਨੂੰ ਨੁਹਾਓ, ਤੁਸੀਂ ਆਪ ਵੀ ਸਾਫ਼ ਹੋ ਜਾਓਗੇ।

ਗਾਹਕਾਂ ਨੂੰ ਧਿਆਨ ਨਾਲ ਸੁਣਨ ਨਾਲ, ਵਪਾਰ ਅਤੇ ਨਫ਼ਾ ਦੋਵੇਂ ਵਧਦੇ ਹਨ।

ਸਕੂਲ ਵਿਚ ਅੱਧੀ ਛੁੱਟੀ ਦੌਰਾਨ, ਵਿਦਿਆਰਥੀਆਂ ਲਈ ਖਲੋਣਾ ਅਤੇ ਬੈਠਣਾ, ਦੋਵੇਂ ਮੁਸ਼ਕਿਲ ਹੁੰਦੇ ਹਨ।

ਭਾਰਤ ਵਿਚ ਅਨੇਕਾਂ ਧਰਮਾਂ ਅਤੇ ਜਾਤਾਂ ਕਾਰਨ ਨਿੱਕੀਆਂ ਗੱਲਾਂ ਨੂੰ ਵੱਡੀਆਂ ਸਮੱਸਿਆਵਾਂ ਬਣਾਉਣ ਦੀ ਲੰਮੀ ਪਰੰਪਰਾ ਹੈ।



ਹਰ ਕੋਈ ਵੱਖਰੇ ਸਵਾਦ ਵਾਲਾ ਹੁੰਦਾ ਹੈ; ਕਈ ਫਿੱਕੇ ਹੁੰਦੇ ਹਨ, ਕਈ ਖੱਟੇ, ਕਈ ਕੌੜੇ ਅਤੇ ਕਈ ਇਮਲੀ-ਨਿੰਬੂ ਵਰਗੇ, ਪਰ ਸਮਝਦਾ ਹਰ ਕੋਈ ਆਪਣੇ-ਆਪ ਨੂੰ ਸ਼ਹਿਦ ਵਰਗਾ ਹੈ।

ਰਾਮਾਇਣ ਦਿਲਚਸਪ ਹੈ, ਮਹਾਭਾਰਤ ਗੁੰਝਲਦਾਰ ਹੈ; ਰਾਮਾਇਣ ਆਦਰਸ਼ ਹੈ, ਮਹਾਭਾਰਤ ਯਥਾਰਥ ਹੈ।

ਫ਼ਿਲਾਸਫ਼ਰਾਂ ਦੇ ਵਿਚਾਰਾਂ ਵਿਚ ਮੋਰੀਆਂ ਲੱਭਣ ਦਾ ਕਾਰਜ, ਸਮਾਂ ਕਰਦਾ ਹੈ।

ਅਕਾਦਮੀ ਕੋਈ ਹੋਵੇ, ਕੁਝ ਚਿਰ ਮਗਰੋਂ ਉਹ ਅਹੁਦੇਦਾਰਾਂ ਦੀ ਭੇਟ ਚੜ੍ਹ ਜਾਂਦੀ ਹੈ।

ਜੇ ਤੁਹਾਡੇ ਕੋਲ ਕਲਪਨਾ ਨਹੀਂ ਹੈ ਤਾਂ ਤੁਹਾਨੂੰ ਕਿਤਾਬਾਂ ਚੰਗੀਆਂ ਨਹੀਂ ਲੱਗਣਗੀਆਂ।

ਸੰਸਾਰ ਦੇ ਹਰ ਗਰੀਬ ਦੇਸ਼ ਦੀ ਆਪਣੀ ਹਕੂਮਤ ਹੁੰਦੀ ਹੈ, ਪਰ ਉਸ ਦੇਸ਼ 'ਤੇ ਰਾਜ ਅਮਰੀਕਾ ਕਰਦਾ ਹੈ।

ਵਿਹੜਾ, ਪਰਿਵਾਰ ਦੀਆਂ ਖੁੱਲ੍ਹੀਆਂ ਬਾਹਵਾਂ ਹੁੰਦਾ ਹੈ; ਵਰਾਂਡਾ ਘਰ ਦੀ ਸਵਾਗਤੀ ਮੁਸਕਰਾਹਟ ਹੁੰਦਾ ਹੈ; ਅਲਮਾਰੀਆਂ ਘਰ ਦੀ ਖ਼ੁਸ਼ਹਾਲੀ ਨੂੰ ਦਰਸਾਉਂਦੀਆਂ ਹਨ।

ਭਾਰਤ ਭੀੜਾਂ ਵਾਲਾ ਦੇਸ਼ ਹੈ, ਕਿਸੇ ਸਮਾਗਮ ਵਿਚ ਭੀੜ ਦਾ ਜੁੜ ਜਾਣਾ, ਉਸ ਸਮਾਗਮ ਦੀ ਸਫ਼ਲਤਾ ਮੰਨਿਆ ਜਾਂਦਾ ਹੈ।

ਮਨੁੱਖ ਦੀ ਸ਼ਖ਼ਸੀਅਤ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਉਸਾਰਨ ਦਾ ਬਹੁਤਾ ਕਾਰਜ, ਉਸ ਦਾ ਹਾਜ਼ਮਾ ਕਰਦਾ ਹੈ।

ਬੱਚਿਆਂ ਨੂੰ ਪੜ੍ਹਾਓ, ਉਨ੍ਹਾਂ ਦੇ ਮਾਪੇ ਆਪੇ ਪੜ੍ਹ ਜਾਣਗੇ।

ਸੱਚੇ ਪਿਆਰ, ਸੁਤੰਤਰਤਾ, ਖ਼ੁਸ਼ਹਾਲੀ, ਉਦਾਰਤਾ ਅਤੇ ਆਨੰਦ ਦਾ ਸੁਭਾਓ, ਇਕੋ ਜਿਹਾ ਹੁੰਦਾ ਹੈ।

ਮੁੱਢ ਵਿਚ ਫੈਸ਼ਨ, ਵਾਸਤਵ ਵਿਚ ਕਿਸੇ ਸਰੀਰਕ ਕੋਝ ਨੂੰ ਲੁਕਾਉਣ ਦਾ ਉਪਰਾਲਾ ਸੀ, ਜਿਹੜਾ ਮਗਰੋਂ ਸਜਾਵਟ ਬਣ ਗਿਆ।

ਸਧਾਰਨ ਲੋਕਾਂ ਦੀ ਦਿਲਚਸਪੀ ਭਵਿੱਖਬਾਣੀਆਂ ਵਿਚ ਹੁੰਦੀ ਹੈ, ਮਹਾਂਪੁਰਸ਼ਾਂ ਦੀ ਦਿਲਚਸਪੀ ਮਨੁੱਖਤਾ ਦੇ ਭਵਿੱਖ ਵਿਚ ਹੁੰਦੀ ਹੈ।

ਅਨੇਕਾਂ ਲੇਖਕ ਹਨ, ਜਿਹੜੇ ਪ੍ਰਕਾਸ਼ਕਾਂ ਨੂੰ ਬਰਬਾਦ ਕਰ ਦਿੰਦੇ ਹਨ।



Scanned by CamScanner

ਜਦੋਂ ਤਕ ਪਰੰਪਰਾ ਨੂੰ ਵੰਗਾਰਿਆ ਨਾ ਜਾਵੇ, ਪਰਿਵਰਤਨ ਨਹੀਂ ਵਾਪਰਦਾ।

ਅਖਾਣਾਂ-ਮੁਹਾਵਰਿਆਂ ਵਿਚ ਦੋਸ਼ ਨਹੀਂ ਕੱਢੇ ਜਾ ਸਕਦੇ, ਕਿਉਂਕਿ ਇਹ ਮਾਨਵਜਾਤੀ ਦੀ ਸਾਂਝੀ ਅਤੇ ਡੂੰਘੀ ਸਿਆਣਪ ਵਿਚੋਂ ਉਪਜਦੇ ਹਨ।

ਸਾੜਾ ਉਦੋਂ ਉਪਜਦਾ ਹੈ, ਜਦੋਂ ਅਸੀਂ ਕਿਸੇ ਕੋਲ ਉਹ ਕੁਝ ਵੇਖਦੇ ਹਾਂ, ਜੋ ਅਸੀਂ ਆਪਣੇ ਲਈ ਚਾਹਿਆ ਸੀ।

ਅਨੇਕਾਂ ਦਰਿਆ, ਸਮੁੰਦਰ ਤਕ ਪਹੁੰਚਣ ਤੋਂ ਪਹਿਲਾਂ ਹੀ ਸੁੱਕ ਜਾਂਦੇ ਹਨ।

ਭਾਵੇਂ ਸੰਕਟ ਹੋਵੇ, ਭਾਵੇਂ ਸ਼ਾਂਤੀ, ਦੋ ਅਤੇ ਦੋ ਚਾਰ ਹੀ ਰਹਿੰਦੇ ਹਨ।

ਧਰਮ ਅਤੇ ਸਮਾਜਿਕ ਮਸਲਿਆਂ ਬਾਰੇ ਲੋਕ-ਰਾਇ ਇਸਤਰੀਆਂ ਉਸਾਰਦੀਆਂ ਹਨ, ਪੁਰਸ਼ ਵਪਾਰ ਅਤੇ ਰਾਜਨੀਤੀ ਬਾਰੇ ਲੋਕ-ਰਾਇ ਉਸਾਰਦੇ ਹਨ।

ਪ੍ਰੇਮ-ਪੱਤਰ, ਪ੍ਰੇਮੀ-ਪ੍ਰੇਮਿਕਾ ਦੋਹਾਂ ਨੂੰ ਸ਼ਬਦਾਂ ਦੇ ਅਰਥ ਕੱਢਣੇ ਸਿਖਾ ਦਿੰਦੇ ਹਨ।

ਕਈ ਲੇਖਕਾਂ ਨੂੰ ਪੜ੍ਹਨ ਵਾਸਤੇ, ਪਾਠਕਾਂ ਨੂੰ ਅਨਪੜ੍ਹ ਬਣਨਾ ਪੈਂਦਾ ਹੈ।

ਅਖਾਣਾਂ-ਮੁਹਾਵਰਿਆਂ ਵਿਚ ਸਿਆਣਪ ਨੇ ਘੁੰਡ ਕੱਢਿਆ ਹੁੰਦਾ ਹੈ।

ਪਹਿਲਾਂ ਮਾਪੇ ਚਾਹੁੰਦੇ ਸਨ ਕਿ ਪੁੱਤਰ ਆਪਣੀ ਜ਼ਾਤ ਦੀ ਲੜਕੀ ਨਾਲ ਵਿਆਹ ਕਰਵਾਏ, ਫਿਰ ਚਾਹੁਣ ਲੱਗ ਪਏ ਕਿ ਆਪਣੇ ਧਰਮ ਦੀ ਲੜਕੀ ਨਾਲ ਵਿਆਹ ਕਰਵਾਏ, ਫਿਰ ਚਾਹੁਣ ਲੱਗ ਪਏ ਕਿ ਆਪਣੇ ਸੂਬੇ ਦੀ ਲੜਕੀ ਨਾਲ ਵਿਆਹ ਕਰਵਾਏ, ਹੁਣ ਕੇਵਲ ਇਤਨਾ ਚਾਹੁੰਦੇ ਹਨ ਕਿ ਉਹ ਕਿਸੇ ਲੜਕੀ ਨਾਲ ਹੀ ਵਿਆਹ ਕਰਵਾਏ।

ਜਦੋਂ ਵੀ ਪਤੀ-ਪਤਨੀ ਦਾ ਰਿਸ਼ਤਾ ਟੁੱਟਦਾ ਹੈ ਤਾਂ ਉਹ ਦੋਵੇਂ ਵੀ ਨਾਲ ਹੀ ਟੁੱਟ ਜਾਂਦੇ ਹਨ।

ਜੇ ਬੱਚੇ ਨਾ ਹੋਣ ਤਾਂ ਪੁਰਸ਼ ਨੂੰ ਜ਼ਿੰਮੇਵਾਰੀ ਨਿਭਾਉਣ ਅਤੇ ਇਸਤਰੀ ਨੂੰ ਜ਼ਿੰਮੇਵਾਰੀ ਮਾਣਨ ਦਾ ਅਵਸਰ ਹੀ ਨਹੀਂ ਮਿਲਦਾ।

ਹਕੂਮਤ ਭ੍ਰਿਸ਼ਟ ਹੀ ਨਹੀਂ ਕਰਦੀ, ਹਕੂਮਤ ਭ੍ਰਿਸ਼ਟ ਬੰਦਿਆਂ ਨੂੰ ਆਪਣੇ ਵੱਲ ਖਿੱਚਦੀ ਵੀ ਹੈ।

ਬਹਾਦਰਾਂ ਅਤੇ ਸਿਆਣਿਆਂ ਵਿਚ ਲੰਘ ਗਏ ਅਵਸਰਾਂ ਬਾਰੇ ਪਛਤਾਉਣ ਦੀ ਆਦਤ ਨਹੀਂ ਹੁੰਦੀ, ਪਛਤਾਉਣਾ ਸਧਾਰਨ ਵਿਅਕਤੀਆਂ ਦੀ ਆਦਤ ਹੁੰਦੀ ਹੈ।



ਪ੍ਰਸਿੱਧ ਹੋਣ ਲਈ ਕਦੇ-ਕਦਾਈਂ ਨਹੀਂ, ਨਿਰੰਤਰ ਯਤਨ ਕਰਨਾ ਪੈਂਦਾ ਹੈ।

ਮਹਾਂਪੁਰਸ਼ਾਂ ਦੇ ਜਿਊਂਦਿਆਂ ਉਨ੍ਹਾਂ ਦਾ ਵਿਰੋਧ ਹੀ ਹੁੰਦਾ ਹੈ; ਵਿਰੋਧ ਰਾਹੀਂ ਜ਼ਮਾਨਾ ਮਹਾਂਪੁਰਸ਼ਾਂ ਨੂੰ ਪਰਖ ਰਿਹਾ ਹੁੰਦਾ ਹੈ।

ਹੋਰਾਂ ਦੇ ਨਿਜੀ ਜੀਵਨ ਦੇ ਵੇਰਵੇ ਜਾਣਨਾ ਅਤੇ ਹੋਰਾਂ ਨੂੰ ਦੱਸਣਾ, ਵਿਸ਼ਵ ਦਾ ਸਭ ਤੋਂ ਵੱਡਾ ਮਨੋਰੰਜਨ ਹੈ।

ਬਜ਼ਾਰ ਵਿਚ ਸਾਡਾ ਵਾਹ ਵਸਤਾਂ ਨਾਲ ਘੱਟ ਅਤੇ ਉਨ੍ਹਾਂ ਦੀਆਂ ਨਿਤ ਵਧਦੀਆਂ ਕੀਮਤਾਂ ਨਾਲ ਵਧੇਰੇ ਪੈਂਦਾ ਹੈ।

ਕਈ ਵਿਅਕਤੀਆਂ ਦੇ ਮਿਹਰਬਾਨ ਹੋਣ ਦਾ ਢੰਗ, ਬੜਾ ਕਮੀਨਾ ਹੁੰਦਾ ਹੈ।

ਕਈ ਦਰੱਖਤਾਂ ਦਾ ਮੁਹਾਂਦਰਾ ਹੀ ਸਵਾਗਤੀ ਹੁੰਦਾ ਹੈ।

ਪਤਵੰਤੇ ਮਰੀਜ਼ ਨੂੰ, ਡਾਕਟਰ ਆਪਣੇ ਤੋਂ ਵਧੇਰੇ ਮਹੱਤਵਪੂਰਨ ਸਮਝਣ ਲੱਗ ਪੈਂਦੇ ਹਨ ਅਤੇ ਉਸ ਦਾ ਲੋੜ ਨਾਲੋਂ ਅਧਿਕ ਇਲਾਜ ਕਰਦੇ ਹਨ।

ਜਦੋਂ ਵੀ, ਜਿਹੜਾ ਵੀ ਤੁਹਾਡੀ ਕਿਸੇ ਪ੍ਰਕਾਰ ਦੀ ਪ੍ਰਸੰਸਾ ਕਰੇਗਾ, ਉਹ ਆਪਣੀ ਉਮਰ ਨਾਲੋਂ ਵਧੇਰੇ ਸਿਆਣਾ ਲੱਗੇਗਾ।

ਅਨੇਕਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਇਹੀ ਪਤਾ ਲੱਗਦਾ ਹੈ ਕਿ ਕਿਵੇਂ ਨਹੀਂ ਲਿਖਣਾ ਚਾਹੀਦਾ।

ਮਿਹਨਤੀ ਬੰਦੇ ਨੂੰ ਵਿਸ਼ਵਾਸ ਹੁੰਦਾ ਹੈ ਕਿ ਭਾਵੇਂ ਮੈਂ ਅੱਜ ਗਰੀਬ ਹਾਂ, ਪਰ ਜਲਦੀ ਹੀ ਗਰੀਬੀ ਤੋਂ ਮੁਕਤ ਹੋ ਜਾਵਾਂਗਾ।

ਪੜ੍ਹਨ ਅਤੇ ਸੋਚਣ ਨਾਲ, ਮਨੁੱਖ ਨੂੰ ਜ਼ਿੰਦਗੀ ਦੇ ਜੰਗਲ ਵਿਚੋਂ, ਮਾਲ-ਰੋਡ ਵਿਖਾਈ ਦੇਣ ਲੱਗ ਪੈਂਦੀ ਹੈ।

ਬਹੁਤੇ ਮੂਰਖ ਆਪਣੇ ਆਪ ਨੂੰ ਮੂਰਖ ਸਾਬਤ ਕਰਨ ਵਿਚ ਔਸਤ ਅੱਧਾ ਘੰਟਾ ਹੀ ਲਾਉਂਦੇ ਹਨ।

ਬੁਢਾਪੇ ਵਿਚ ਜਵਾਨੀ ਵਾਲੀ ਇੱਜ਼ਤ ਕੰਮ ਨਹੀਂ ਆਉਂਦੀ, ਨਵੀਂ ਕਿਸਮ ਦੀ ਇੱਜ਼ਤ ਕਮਾਉਣੀ ਪੈਂਦੀ ਹੈ।

ਪ੍ਰਸਿੱਧੀ ਮੁਸ਼ਕਿਲ ਨਾਲ ਹੀ ਮਿਲਦੀ ਹੈ, ਅਸਾਨੀ ਨਾਲ ਤਾਂ ਬਦਨਾਮੀ ਵੀ ਨਹੀਂ ਮਿਲਦੀ।



Scanned by CamScanner

ਸਾਡਾ ਪਿਆਰਾ ਉਹ ਹੁੰਦਾ ਹੈ, ਜਿਸ ਤੋਂ ਅਸੀਂ ਪਹਿਲਾਂ ਮਰਨਾ ਚਾਹੁੰਦੇ ਹਾਂ।

ਗਲਤ ਢੰਗ ਨਾਲ ਕੀਤੀ ਪ੍ਰਸ਼ੰਸਾ ਵੀ ਬੇਇਜ਼ਤੀ ਹੀ ਹੁੰਦੀ ਹੈ।

ਸਾਡੇ ਦਫ਼ਤਰਾਂ ਵਿਚਲੇ ਕਰਮਚਾਰੀਆਂ ਤੋਂ ਇਹੀ ਪਤਾ ਲੱਗਦਾ ਹੈ ਕਿ ਦਫ਼ਤ
ਅਤੇ ਕਰਮਚਾਰੀ ਕਿਹੋ ਜਿਹੇ ਨਹੀਂ ਹੋਣੇ ਚਾਹੀਦੇ।

ਸੋਚ ਕੇ ਕੀਤੀ ਮਿਹਰਬਾਨੀ, ਧੋਖਾ ਹੁੰਦੀ ਹੈ।

ਜੇ ਕਿਸੇ ਵਰਤਾਰੇ ਵਿਚੋਂ ਹਾਸੋਹੀਣਾ ਭਾਗ ਲੱਭੋਗੇ, ਲੱਭ ਪਏਗਾ।

ਜੇ ਪਰਿਵਾਰ ਵਿਚ ਚਾਰ-ਪੰਜ ਧੀਆਂ-ਪੁੱਤਰ ਹੋਣਗੇ ਤਾਂ ਉਹ ਆਪਣੇ ਮਾਤਾ-
ਪਿਤਾ ਦੇ ਵੱਖਰੇ-ਵੱਖਰੇ ਲੱਛਣ ਧਾਰਨ ਕਰਨਗੇ।

ਜਦੋਂ ਇਸਤਰੀ ਕਿਸੇ ਵੱਲ ਮੁਸਕਰਾ ਕੇ ਵੇਖਦੀ ਹੈ ਤਾਂ ਆਸ ਕਰਦੀ ਹੈ ਕਿ ਉ
ਵਲੋਂ, ਉਸ ਨਾਲ ਚੰਗਾ ਵਿਹਾਰ ਕੀਤਾ ਜਾਵੇਗਾ।

ਹਰ ਦਿਨ ਐਤਵਾਰ ਨਹੀਂ ਹੁੰਦਾ, ਪਰ ਕਈ ਫਿਰ ਵੀ ਹਰ ਰੋਜ਼ ਉਸ ਵੇਲੇ ਜਾਗ
ਹਨ, ਜਿਵੇਂ ਐਤਵਾਰ ਹੋਵੇ।

ਜਿਸ ਨੂੰ ਅਸੀਂ ਨਫ਼ਰਤ ਕਰਦੇ ਹਾਂ, ਉਸ ਤੋਂ ਅਸੀਂ ਡਰਦੇ ਵੀ ਹਾਂ।

ਕਿਸੇ ਲਈ ਸਿਰ ਦਾ ਦਰਦ ਨਾ ਬਣੋ, ਦਿਲ ਦਾ ਦਰਦ ਬਣੋ।

ਜਿਉਂ ਹੀ ਕੋਈ ਸੁੰਦਰ ਇਸਤਰੀ ਬੋਲਣ ਲਈ ਮੰਚ 'ਤੇ ਖਲੋਂਦੀ ਹੈ, ਸਰੋਤੇ ਉਸ ਦੇ
ਬੋਲਣ ਤੋਂ ਪਹਿਲਾਂ ਹੀ, ਉਸ ਦੇ ਭਾਸ਼ਣ ਦੀ ਦਾਦ ਦੇਣ ਲੱਗ ਪੈਂਦੇ ਹਨ।

ਸਾਡਾ ਪਿਆਰਾ ਉਹ ਹੁੰਦਾ ਹੈ, ਜਿਸ ਦਾ ਸਾਨੂੰ ਜ਼ਿੰਦਗੀ ਭਰ ਬਦਲ ਨਹੀਂ ਲੱਭਦਾ।

ਕੋਈ ਵੀ ਵਿਅਕਤੀ, ਪਿਛਲੇ ਜਨਮ ਦੇ ਕਰਮਾਂ ਕਰਕੇ ਮਹਾਨ ਨਹੀਂ ਬਣਿਆ।

ਕਈ ਸੋਹਣੀਆਂ ਇਸਤਰੀਆਂ ਪ੍ਰਭਾਵ ਹੀ ਨਹੀਂ ਸਿਰਜਦੀਆਂ, ਮੌਸਮ ਅਤੇ
ਵਾਤਾਵਰਣ ਵੀ ਸਿਰਜ ਦਿੰਦੀਆਂ ਹਨ।

ਹਰ ਕਿਸੇ ਦਾ ਦਿਲ ਵੱਖਰੀ ਭਾਂਤ ਦਾ ਹੁੰਦਾ ਹੈ; ਕਈਆਂ ਦਾ ਘਰ ਵਰਗਾ,
ਕਈਆਂ ਦਾ ਦੁਕਾਨ ਵਰਗਾ, ਕਈਆਂ ਦਾ ਬੈਂਕ ਵਰਗਾ।

ਚੰਗੀ ਕਿਤਾਬ ਪੜ੍ਹ ਕੇ ਜਾਂ ਚੰਗੇ ਬੰਦੇ ਨੂੰ ਮਿਲ ਕੇ ਇਝ ਲੱਗਦਾ ਹੈ ਜਿਵੇਂ ਸਾਡੀ
ਚੇਤਨਾ ਨੂੰ ਨਵੀਂ ਪਰਤ ਚੜ੍ਹ ਗਈ ਹੋਵੇ।



ਜਦੋਂ ਮਨੁੱਖ ਇਕੱਲਾ ਹੁੰਦਾ ਹੈ, ਉਹ ਸੰਸਾਰ ਨੂੰ ਵਧੇਰੇ ਵੇਖਦਾ-ਸੁਣਦਾ-ਸਮਝਦਾ ਹੈ।

ਸਾਡੀ ਸੁਸਤੀ ਦੀ ਸਜ਼ਾ ਸਾਡੀ ਆਪਣੀ ਅਸਫ਼ਲਤਾ ਹੀ ਨਹੀਂ ਹੁੰਦੀ, ਦੂਜਿਆਂ
ਦੀ ਸਫ਼ਲਤਾ ਵੀ ਹੁੰਦੀ ਹੈ।

ਚਿੰਤਕ ਆਪਣੇ ਕੱਪੜਿਆਂ ਪ੍ਰਤੀ ਲਾਪ੍ਰਵਾਹ ਹੀ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ
ਅਸਲੀ ਲਿਬਾਸ, ਉਨ੍ਹਾਂ ਦੇ ਵਿਚਾਰ ਹੁੰਦੇ ਹਨ।

ਪੁਰਸ਼, ਇਸਤਰੀ ਵਾਂਗ ਭਾਵਕ ਹੋ ਕੇ ਕਿਸੇ ਕੰਮ ਦਾ ਨਹੀਂ ਰਹਿੰਦਾ; ਇਸਤਰੀ,
ਪੁਰਸ਼ ਵਾਂਗ ਨਿਰਭਾਵਕ ਹੋ ਕੇ, ਕਿਸੇ ਦੀ ਤਾਂਘ ਨਹੀਂ ਬਣਦੀ।

ਜੇ ਸੰਸਾਰ ਦੇ ਸਾਰੇ ਮੂਰਖ ਆਪਣੀ ਮੂਰਖਤਾ ਤਿਆਗ ਦੇਣ ਤਾਂ ਸੰਸਾਰ ਵਿਚ
ਬੜੀ ਗੜਬੜ ਮੱਚ ਜਾਵੇਗੀ, ਕਿਉਂਕਿ ਸੰਸਾਰ ਵਿਚ ਇਤਨੇ ਸਿਆਣਿਆਂ ਦੇ
ਰਹਿਣ ਲਈ ਥਾਂ ਹੀ ਨਹੀਂ ਹੈ।

ਸਮਾਜਵਾਦ ਦਿਮਾਗ ਵਿਚੋਂ ਉਪਜਿਆ ਹੋਣ ਕਰਕੇ ਦਿਲ ਨੂੰ ਨਹੀਂ ਛੂਹ ਸਕਿਆ।

ਬੰਦਾ ਜਿਊਂਦਾ ਉਤਨਾ ਚਿਰ ਹੀ ਹੈ, ਜਿਤਨਾ ਚਿਰ ਜ਼ਿੰਦਗੀ ਦੇ ਸਵਾਦ ਬਣੇ
ਰਹਿੰਦੇ ਅਤੇ ਮਾਣੇ ਜਾਂਦੇ ਹਨ।

ਇਸਤਰੀ ਨੂੰ ਇਤਿਹਾਸ ਦੀਆਂ ਤਾਰੀਖ਼ਾਂ ਨਹੀਂ; ਆਪਣੇ ਵਿਆਹ, ਪੱਪੂ ਦੇ ਜਨਮ
ਅਤੇ ਲਾਡੀ ਦੇ ਪੈਦਾ ਹੋਣ ਦੀਆਂ ਮਿਤੀਆਂ ਯਾਦ ਹੁੰਦੀਆਂ ਹਨ, ਕਿਉਂਕਿ ਇਹੀ
ਇਸਤਰੀ ਦਾ ਇਤਿਹਾਸ ਹੁੰਦੀਆਂ ਹਨ।

ਯਾਦ ਪ੍ਰੇਮਿਕਾ ਦੀ ਹੀ ਆਉਂਦੀ ਹੈ, ਦੋਸਤ ਦੀ ਨਹੀਂ; ਕਿਉਂਕਿ ਦੋਸਤ ਨੂੰ ਮਿਲਣ
ਵਿਚ ਕੋਈ ਰੁਕਾਵਟ ਨਹੀਂ ਹੁੰਦੀ; ਮਿਲਣ ਵਿਚ ਰੁਕਾਵਟ ਕਾਰਨ ਹੀ ਪ੍ਰੇਮਿਕਾ ਦੀ
ਯਾਦ ਆਉਂਦੀ ਹੈ।

LIBRARY
Acc. No 9539

ਉਦਾਸ ਵਿਅਕਤੀ ਨੂੰ ਪ੍ਰਸੰਨਤਾ, ਇਕ ਪਖੰਡ ਹੀ ਪ੍ਰਤੀਤ ਹੁੰਦੀ ਹੈ।

ਰੋਸ਼ਨੀ ਵਿਚ ਹਰ ਚੀਜ਼ ਤੁਹਾਡੇ ਨਾਲ ਚਲੇਗੀ, ਹਨੇਰੇ ਵਿਚ ਤੁਹਾਡਾ ਪਰਛਾਵਾਂ
ਵੀ ਤੁਹਾਨੂੰ ਛੱਡ ਜਾਵੇਗਾ।

ਧੰਨਵਾਦ ਦਾ ਪ੍ਰਗਟਾਵਾ, ਕੁਝ ਪ੍ਰਾਪਤ ਹੋ ਜਾਣ ਦਾ ਸਬੂਤ ਹੁੰਦਾ ਹੈ।

ਬੱਦਲ, ਅਸਮਾਨ ਨੂੰ ਪੂਰੀ ਤਰ੍ਹਾਂ ਕਦੇ ਵੀ ਨਹੀਂ ਢੱਕ ਸਕਦੇ।

ਮਨੁੱਖ ਦੇ ਨੁਕਸ ਘਟਾਏ ਹੀ ਜਾ ਸਕਦੇ ਹਨ, ਮੁਕਾਏ ਨਹੀਂ ਜਾ ਸਕਦੇ।



Scanned by CamScanner

ਹਰ ਔਰਤ ਕੋਲ ਇਕ ਸਰਲ, ਸੱਚਾ ਅਤੇ ਸੁਹਿਰਦ ਦਿਲ ਹੁੰਦਾ ਹੈ; ਜਿਸ ਵਿ
ਉਹ ਆਪਣੀ ਮੁਹੱਬਤ ਦਾ ਮੂੰਹ ਵੇਖਦੀ ਹੈ।

ਸੱਚਾਈ ਵੱਲ ਧਿਆਨ ਨਹੀਂ ਦਿਓਗੇ ਤਾਂ ਇਹ ਤੁਹਾਡੇ 'ਤੇ ਹਮਲਾ ਕਰੇਗੀ।

ਕੰਮ ਤੋਂ ਬਿਨਾਂ ਜ਼ਿੰਦਗੀ ਨੇਮਬਧ ਨਹੀਂ ਬਣਦੀ ਅਤੇ ਕਿਸੇ ਨਾਲ ਕਿਸੇ ਪ੍ਰਕਾਰ ਦ
ਤਾਲ-ਮੇਲ ਨਹੀਂ ਉਪਜਦਾ।

ਕਵਿਤਾ ਅਤੇ ਸੰਗੀਤ ਮਨੁੱਖ ਨੂੰ ਮੰਦ-ਭਾਵਨਾ ਤੋਂ ਬਚਾਈ ਰੱਖਦੇ ਹਨ।

ਸ਼ੋਰ ਨੂੰ ਕੇਵਲ ਕੰਨ ਸੁਣਦੇ ਹਨ, ਚੁੱਪ ਨੂੰ ਸਾਰਾ ਸਰੀਰ ਮਾਣਦਾ ਹੈ।

ਜਿਤਨੀ ਤੇਜ਼ੀ ਨਾਲ ਚੋਣ ਵਿਚ ਹਾਰੇ ਉਮੀਦਵਾਰ ਨੂੰ ਭੁਲਾਇਆ ਜਾਂਦਾ ਹੈ, ਹੋ
ਕਿਸੇ ਨੂੰ ਨਹੀਂ ਭੁਲਾਇਆ ਜਾਂਦਾ।

ਤੋਹਫ਼ੇ ਦਾ ਗੁਣ ਇਹ ਹੁੰਦਾ ਹੈ ਕਿ ਇਹ ਮੁਫ਼ਤ ਮਿਲਦਾ ਹੈ; ਜੇ ਇਸ ਨੂੰ ਅੱਧ
ਕੀਮਤ 'ਤੇ ਵੀ ਖਰੀਦਣਾ ਪਏ ਤਾਂ ਅਸੀਂ ਨਹੀਂ ਲਵਾਂਗੇ।

ਮੰਗਣੇ ਉਪਰੰਤ ਅਤੇ ਵਿਆਹ ਤੋਂ ਪਹਿਲਾਂ, ਲੜਕੀ ਨੂੰ ਆਪਣੇ ਘਰ ਦੇ ਔਗੁਣ
ਅਤੇ ਸਹੁਰੇ ਘਰ ਦੇ ਗੁਣ ਪਤਾ ਹੁੰਦੇ ਹਨ, ਇਹ ਯਥਾਰਥ ਅਤੇ ਕਲਪਨਾ ਦ
ਅੰਤਰ ਹੁੰਦਾ ਹੈ।

ਰਿਸ਼ਤਾ ਕੋਈ ਹੋਵੇ, ਉਸ ਵਿਚ ਇਕ ਧਿਰ ਵੱਲੋਂ ਦੂਜੇ ਨੂੰ ਪ੍ਰਭਾਵਿਤ ਕਰਨ ਦ
ਸੰਭਾਵਨਾ ਹੁੰਦੀ ਹੈ।

ਹਾਰਿਆ ਜੂਏਬਾਜ਼, ਹਾਰੇ ਪੈਸਿਆਂ ਨੂੰ ਵਾਪਸ ਜਿੱਤਣ ਲਈ ਅਤੇ ਜਿੱਤਿਆ
ਜੂਏਬਾਜ਼, ਜਿੱਤੇ ਪੈਸਿਆਂ ਨੂੰ ਦੁਗਣੇ ਕਰਨ ਲਈ ਜੂਆ ਖੇਡਣਾ ਜਾਰੀ ਰੱਖਦੇ ਹਨ
ਅਤੇ ਦੋਵੇਂ ਕਿਸੇ ਤੀਜੇ ਤੋਂ ਹਾਰ ਜਾਂਦੇ ਹਨ।

ਜਿੱਤ ਜਾਂ ਪ੍ਰਸੰਨਤਾ ਦੀ ਹਾਲਤ ਵਿਚ ਕੋਈ ਵਾਅਦਾ ਕਰਨ ਨਾਲ ਅਤੇ ਗੁੱਸੇ ਦੀ
ਹਾਲਤ ਵਿਚ ਕੋਈ ਖ਼ਤ ਲਿਖਣ ਨਾਲ, ਹਮੇਸ਼ਾਂ ਪਛਤਾਵਾ ਉਪਜਦਾ ਹੈ।

ਸ਼ਰਾਬੀ ਸਮਝਦੇ ਹਨ ਕਿ ਹਰ ਬੋਤਲ ਦਾ ਅਰਥ ਸ਼ਰਾਬ ਅਤੇ ਹਰ ਗਲਾਸ ਦਾ
ਅਰਥ ਪੀਣਾ ਹੁੰਦਾ ਹੈ।

ਕਲਾਕਾਰ, ਮੁਹੱਬਤ ਦੀ ਖ਼ੁਸ਼ੀ ਨਾਲੋਂ ਮੁਹੱਬਤ ਦੀ ਪੀੜ ਅਤੇ ਉਦਾਸੀ, ਵਧੇਰੇ
ਵਿਸਥਾਰ ਅਤੇ ਸ਼ਿੱਦਤ ਨਾਲ ਹੰਢਾਉਂਦੇ ਹਨ।



ਤਰੇਲ ਦਾ ਤੁਪਕਾ ਸਮੁੰਦਰ ਵਿਚ ਡਿਗ ਕੇ ਲੋਪ ਹੋ ਜਾਂਦਾ ਹੈ, ਕਮਲ ਦੇ ਫੁੱਲ ਤੇ
ਪੈ ਕੇ ਹੀਰੇ ਵਾਂਗ ਚਮਕਦਾ ਹੈ; ਜ਼ਿੰਦਗੀ ਵਿਚ ਚਮਕਣ ਲਈ ਥਾਂ ਦਾ ਨਿਰਣਾ
ਤੁਸੀਂ ਕਰਨਾ ਹੈ।

ਸੇਵਾ ਕਰਨ ਵਾਸਤੇ, ਕਿਸੇ ਡਿਗਰੀ ਦੀ ਲੋੜ ਨਹੀਂ ਪੈਂਦੀ।

ਲੇਖਕ ਦੀ ਜ਼ਿੰਦਗੀ ਵਿਚ ਅਨੇਕਾਂ ਲੋਕ ਆਉਂਦੇ ਹਨ, ਪਰ ਉਹ ਕੁਝ ਕਹਿੰਦੇ-
ਕਰਦੇ ਉਦੋਂ ਹੀ ਹਨ, ਜਦੋਂ ਉਹ ਉਸ ਦੀ ਰਚਨਾ ਵਿਚ ਪਾਤਰ ਬਣਦੇ ਹਨ।

ਉੱਚੀਆਂ ਪ੍ਰਾਪਤੀਆਂ ਲਈ ਨੀਵੀਆਂ ਤਾਂਘਾਂ ਤਿਆਗਣੀਆਂ ਪੈਣਗੀਆਂ।

ਜਦੋਂ ਪੁਰਸ਼ ਸਮਝਦਾ ਹੈ ਕਿ ਉਸ ਨੇ ਆਪਣੇ ਸੰਪਰਕ ਵਿਚਲੀ ਔਰਤ ਨੂੰ ਸਮਝ
ਲਿਆ ਹੈ, ਉਹ ਉਸੇ ਪਲ ਬੁਝਾਰਤ ਬਣ ਜਾਂਦੀ ਹੈ।

ਨਿਰੰਤਰ ਪ੍ਰਸੰਸਾ, ਕਲਾਕਾਰ ਦੀ ਕਲਾ ਨੂੰ ਮਾਰ ਦਿੰਦੀ ਹੈ।

ਵਧੀਕੀ ਕਰਨੀ ਹਰ ਕਿਸੇ ਨੂੰ ਆਉਂਦੀ ਹੈ, ਜਰਨੀ ਕੋਈ-ਕੋਈ ਹੀ ਜਾਣਦਾ ਹੈ।

ਜਿਹੜਾ ਸਭ ਕੁਝ ਕਰਨ ਦਾ ਵਾਅਦਾ ਕਰਦਾ ਹੈ, ਉਹ ਕੁਝ ਨਹੀਂ ਕਰੇਗਾ।

ਭਾਰੀ ਮੀਂਹ ਮਗਰੋਂ ਨਦੀ ਨੱਚਣ ਲੱਗ ਪੈਂਦੀ ਹੈ, ਪਾਣੀ ਗਾਉਣ ਲੱਗ ਪੈਂਦਾ ਹੈ,
ਦਰਿਆ ਦੇ ਪੱਥਰ ਸਾਜ਼ ਵਜਾਉਂਦੇ ਹਨ।

ਲਾਲਚ ਕਾਰਨ ਆਪਣੇ ਛੋਟੇਪਣ ਦਾ ਹੀ ਅਹਿਸਾਸ ਹੁੰਦਾ ਹੈ, ਲਾਲਚ ਤਿਆਗਣ
ਨਾਲ ਸਾਡਾ ਅੰਦਰਲਾ ਵੱਡਾ ਹੋ ਜਾਂਦਾ ਹੈ।

ਜਾਗੇ ਹੋਏ ਹੀ, ਅੱਖਾਂ ਮੀਟ ਕੇ ਅਰਦਾਸ ਕਰਦੇ ਹਨ।

ਸਾਹਿਤਕਾਰ ਕਲਮ ਨਾਲ ਜ਼ਿੰਦਗੀ ਦੇ ਫੇਰੇ ਲੈਂਦੇ ਹਨ।

ਕੋਈ ਇਨਕਲਾਬ ਪੂਰਾ ਨਹੀਂ ਹੁੰਦਾ, ਹਰ ਇਨਕਲਾਬ ਅਧੂਰਾ ਰਹਿ ਜਾਂਦਾ ਹੈ,
ਜਿਸ ਨੂੰ ਅਗਲੇਰੇ ਇਨਕਲਾਬ ਰਾਹੀਂ, ਪੂਰਾ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਮੁਸਕਰਾਹਟ ਵਿਚ ਬੁੱਲ੍ਹ ਬੋਲਦੇ ਹਨ, ਅੱਖਾਂ ਸੁਣਦੀਆਂ ਹਨ।

ਜਿਵੇਂ ਦਰੱਖ਼ਤ ਆਪਣੇ ਫ਼ਲ ਆਪ ਨਹੀਂ ਖਾਂਦੇ, ਨਦੀਆਂ ਆਪਣਾ ਪਾਣੀ ਆਪ
ਨਹੀਂ ਪੀਂਦੀਆਂ, ਉਵੇਂ ਹੀ ਸੱਜਣ-ਪੁਰਖਾਂ ਦਾ ਸਭ ਕੁਝ ਹੋਰਾਂ ਲਈ ਹੁੰਦਾ ਹੈ।

ਕੋਈ ਵੀ ਇਕ-ਪਾਸੜ ਪ੍ਰਬੰਧ, ਹੰਢਣਸਾਰ ਨਹੀਂ ਹੁੰਦਾ।



Scanned by CamScanner

ਸੋਹਣਾ-ਪਿਆਰਾ ਉਹ ਹੁੰਦਾ ਹੈ, ਜਿਸ ਨਾਲ ਮੁੱਢ ਵਿਚ ਹੀ ਦਿਲ ਦੀਆਂ ਗੱਲਾਂ ਕਰਨ ਨੂੰ ਮਨ ਕਰੇ।

ਸ਼ਰਾਬ ਪੀਣ ਵਿਚ ਪੰਜੇ ਗਿਆਨ-ਇੰਦਰੇ ਸ਼ਾਮਲ ਹੁੰਦੇ ਹਨ; ਅੱਖਾਂ ਸ਼ਰਾਬ ਨੂੰ ਵੇਖਦੀਆਂ ਹਨ, ਨੱਕ ਸੁੰਘਦਾ ਹੈ, ਹੱਥ ਛੂੰਹਦੇ ਹਨ, ਜੀਭ ਚੱਖਦੀ ਹੈ, ਗਲਾਸ ਇਸ ਲਈ ਟਕਰਾਏ ਜਾਂਦੇ ਹਨ, ਤਾਂ ਕਿ ਕੰਨ ਸੁਣ ਲੈਣ।

ਉਬਲਦੇ ਪਾਣੀ ਵਿਚੋਂ ਆਪਣਾ ਚਿਹਰਾ ਨਹੀਂ ਵੇਖਿਆ ਜਾ ਸਕਦਾ।

ਵੱਡੀ ਸੜਕ 'ਤੇ ਚੱਲਦਿਆਂ-ਚੱਲਦਿਆਂ ਜਦੋਂ ਕੁੜੀਆਂ ਦੇ ਸਿਰਾਂ 'ਤੇ ਚੁੰਨੀਆਂ ਨਜ਼ਰ ਆਉਣ ਲੱਗ ਪੈਣ ਤਾਂ ਸਮਝਣਾ ਪਿੰਡ ਆ ਗਿਆ ਹੈ।

ਖੂਹ ਵਿਚ ਧਿਆਨ ਨਾਲ ਵੇਖੋ, ਖੂਹ ਤੁਹਾਡੇ ਵੱਲ ਵੇਖਣ ਲੱਗ ਪਵੇਗਾ।

ਬਹਾਦਰ ਉਹ ਹੁੰਦੇ ਹਨ, ਜਿਹੜੇ ਤੌਖ਼ਲਿਆਂ ਦੇ ਬਾਵਜੂਦ ਵੱਡੇ ਫੈਸਲੇ ਕਰਦੇ ਹਨ।

ਜੇ ਸ਼ਰਾਬੀ ਗਲਾਸ ਵਿਚ ਸ਼ਰਾਬ ਘੱਟ ਅਤੇ ਪਾਣੀ ਵੱਧ ਪਾਉਣ ਤਾਂ ਉਹ ਗੰਭੀਰ ਗੱਲਾਂ ਕਰਨਗੇ; ਜੇ ਪਾਣੀ ਅਤੇ ਸ਼ਰਾਬ ਬਰਾਬਰ ਪਾਉਣ ਤਾਂ ਉਹ ਦੇਰ ਤਕ ਸਾਰੀਆਂ ਗੱਲਾਂ ਕਰਨਗੇ; ਜੇ ਸ਼ਰਾਬ ਵੱਧ ਅਤੇ ਪਾਣੀ ਘੱਟ ਪਾਉਣ ਤਾਂ ਉਹ ਗੱਲਾਂ ਘੱਟ ਅਤੇ ਸਰੂਰ ਵੱਧ ਲੈਣਗੇ; ਜੇ ਗਲਾਸ ਸਿਰੇ ਤਕ ਭਰ ਲੈਣ ਤਾਂ ਅਰਥ ਹੈ ਕਿ ਅੱਜ ਉਹ ਕੇਵਲ ਪੀਣਗੇ, ਗੱਲਾਂ ਨਹੀਂ ਕਰਨਗੇ।

ਚਰਿੱਤਰ ਅਤੇ ਇਮਾਨਦਾਰੀ ਨਿਖੇੜੇ ਨਹੀਂ ਜਾ ਸਕਦੇ, ਪਤਾ ਨਹੀਂ ਲੱਗਦਾ ਕਿ ਕੋਈ ਚਰਿੱਤਰ ਕਾਰਨ ਇਮਾਨਦਾਰ ਹੈ, ਜਾਂ ਇਮਾਨਦਾਰ ਹੋਣ ਕਰਕੇ ਚਰਿੱਤਰਵਾਨ ਹੈ।

ਕਈ ਹਰ ਥਾਂ ਸਵਾਲੀਆ-ਨਿਸ਼ਾਨ ਬਣ ਕੇ ਹੀ ਖਲੋਂਦੇ ਹਨ।

ਵੱਡੇ ਸ਼ਹਿਰਾਂ ਵਿਚ ਚੰਨ-ਸੂਰਜ ਅਣ-ਦਿੱਸੇ ਹੀ ਚੜ੍ਹਦੇ ਹਨ, ਅਣ-ਵੇਖੇ ਹੀ ਛੁਪ ਜਾਂਦੇ ਹਨ।

ਅਕਾਉਣ ਵਾਲੇ ਕੰਮਾਂ ਤੋਂ ਅਸੀਂ ਵਧੇਰੇ ਸਿੱਖਦੇ ਹਾਂ।

ਸੂਰਜ ਡੁੱਬਦਾ ਹੈ, ਪਰ ਜਾਂਦਾ ਹੋਇਆ ਚੰਨ-ਤਾਰੇ ਦੇ ਜਾਂਦਾ ਹੈ।

ਚੰਦਰਮਾ ਦੀ ਲੋਅ ਬੜੀ ਸੁਖਦਾਈ ਹੁੰਦੀ ਹੈ, ਅਸਮਾਨ ਥੱਲੇ ਸੁੱਤਿਆਂ ਇਹ ਨੀਂਦਰ ਵਿਚ ਖਲਲ ਨਹੀਂ ਪਾਉਂਦੀ ਅਤੇ ਅੱਖਾਂ ਖੋਲ੍ਹਿਆਂ ਇਹ ਚੁੰਧਿਆਉਂਦੀ ਨਹੀਂ।



ਜਿਸ ਪਿਆਰ ਵਿਚ ਖਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ।

ਜਦੋਂ ਕਿਸੇ ਰਿਸ਼ਤੇ ਵਿਚ ਕਾਨੂੰਨ ਦੀ ਦਖ਼ਲ-ਅੰਦਾਜ਼ੀ ਹੋ ਜਾਵੇ ਤਾਂ ਉਹ ਰਿਸ਼ਤਾ ਨਹੀਂ ਰਹਿੰਦਾ, ਮੁਕੱਦਮਾ ਬਣ ਜਾਂਦਾ ਹੈ।

ਤਾਕਤਵਰਾਂ ਅਤੇ ਗਿਆਨਵਾਨਾਂ ਨੂੰ ਪ੍ਰਭਾਵਿਤ ਕਰਨ ਦੀ ਥਾਂ ਉਨ੍ਹਾਂ ਤੋਂ ਪ੍ਰਭਾਵਿਤ ਹੋਣ ਦਾ ਯਤਨ ਕਰਨਾ ਵਧੇਰੇ ਲਾਹੇਵੰਦਾ ਹੁੰਦਾ ਹੈ।

ਪੁਰਸ਼ ਨੂੰ ਔਰਤ ਨਾਲ ਸੌਣਾ ਹੀ ਆਉਂਦਾ ਹੈ, ਜਾਗਣਾ ਨਹੀਂ।

ਪਿਆਰ-ਕਹਾਣੀ ਸਾਨੂੰ ਆਪਣੀ ਹੀ ਸੱਚੀ ਲੱਗਦੀ ਹੈ, ਹੋਰਾਂ ਦੀਆਂ ਪਿਆਰ-ਕਹਾਣੀਆਂ ਮਨਘੜਤ ਹੀ ਲਗਦੀਆਂ ਹਨ।

ਪ੍ਰੇਮਿਕਾ ਦੇ ਪ੍ਰੇਮ-ਪੱਤਰ ਵਿਚਲੇ ਸ਼ਬਦ ਧੜਕਣ ਲੱਗ ਪੈਂਦੇ ਹਨ, ਜਦੋਂ ਤਕ ਦਿਲ ਜਵਾਬ ਨਹੀਂ ਦਿੰਦਾ, ਇਹ ਧੜਕਦੇ ਰਹਿੰਦੇ ਹਨ।

ਵਿਆਹ ਉਪਰੰਤ, ਮਨੁੱਖ ਆਪਣੀਆਂ ਅਸਫ਼ਲਤਾਵਾਂ ਨੂੰ, ਸੰਭੋਗ ਦੀ ਸਫ਼ਲਤਾ ਵਿਚ ਡੁਬੋ ਦਿੰਦਾ ਹੈ।

ਪੂਰਾ ਚੰਨ, ਕਿਸੇ ਨਾਲ ਪਿਆਰ ਹੋ ਜਾਣ ਮਗਰੋਂ ਹੀ ਵਿਖਾਈ ਦੇਣ ਲੱਗਦਾ ਹੈ ਅਤੇ ਉਦੋਂ ਹੀ ਵੇਖਿਆ ਜਾਣ ਲਗਦਾ ਹੈ।

ਵੇਖਣਾ, ਸਵਾਦ ਮਾਣਨਾ, ਛੂਹਣਾ, ਹੱਸਣਾ, ਸੁਣਨਾ, ਮਹਿਸੂਸਣਾ, ਪਿਆਰ ਕਰਨਾ, ਇਹ ਸੰਸਾਰ ਦੇ ਸੱਤ ਅਜੂਬੇ ਹਨ।

ਜੇ ਬਚਪਨ ਵਿਚ ਸਿੱਖਿਆ ਨਹੀਂ ਲਈ, ਜਵਾਨੀ ਵਿਚ ਕੰਮ ਨਹੀਂ ਕੀਤਾ, ਅਧਖੜ ਉਮਰ ਵਿਚ ਜਾਇਦਾਦ ਨਹੀਂ ਉਸਾਰੀ ਤਾਂ ਬੁਢਾਪੇ ਵਿਚ ਕੀ ਕਰੋਗੇ?

ਨੂੰਹ ਦੇ ਆਉਣ 'ਤੇ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਸਿਫ਼ਤ ਉਸ ਦੀ ਸੱਸ ਕਰਦੀ ਹੈ; ਉਸ ਦੀ ਗੁੱਤ ਵੀ ਸਭ ਤੋਂ ਪਹਿਲਾਂ ਸੱਸ ਹੀ ਪੁੱਟਦੀ ਹੈ।

ਸਾਡੇ ਦੇਸ਼ ਵਿਚ ਹਰ ਕੋਈ ਇਤਨਾ ਪੈਸਾ ਜੋੜਨਾ ਚਾਹੁੰਦਾ ਹੈ ਕਿ ਸੱਤ ਪੀੜ੍ਹੀਆਂ ਬਹਿ ਕੇ ਖਾ ਸਕਣ, ਅੱਠਵੀਂ-ਨੌਂਵੀਂ ਪੀੜ੍ਹੀ ਦੀ ਕੋਈ ਚਿੰਤਾ ਹੀ ਨਹੀਂ ਕਰਦਾ।

ਪਿਆਰ ਵਿਚ ਝੂਠ ਲਈ ਕੋਈ ਥਾਂ ਨਹੀਂ ਹੁੰਦੀ, ਇਸੇ ਕਰਕੇ ਪਿਆਰ ਵਿਚ ਝੂਠ ਵੀ ਸੱਚ ਲੱਗਦਾ ਹੈ।



Scanned by CamScanner

ਬੱਚੇ ਵਾਸਤੇ ਸਭ ਤੋਂ ਵੱਡੀ ਸਜ਼ਾ ਮਾਂ ਨਾਲੋਂ ਵਿਛੋੜਿਆ ਜਾਣਾ ਹੁੰਦੀ ਹੈ, ਮਾਂ ਵਾਸਤੇ ਵੀ ਇਹੀ ਸਭ ਤੋਂ ਵੱਡੀ ਸਜ਼ਾ ਹੁੰਦੀ ਹੈ।

ਭਾਰਤ ਦੁਸ਼ਟਾਂ ਦਾ ਦੇਸ਼ ਹੈ, ਦੁਸ਼ਟਾਂ ਦਾ ਅੰਤ ਕਰਨ ਲਈ ਇਕੱਲੇ ਵਿਸ਼ਨੂੰ ਨੂੰ ਚੌਵ੍ਹੀ ਅਵਤਾਰ ਧਾਰਨ ਕਰਨੇ ਪਏ ਸਨ, ਪਰ ਉਹ ਵੀ ਵਿਵਸਥਾ ਨਾ ਕਰ ਸਕਿਆ ਕਿ ਅੱਗੋਂ ਦੁਸ਼ਟ ਪੈਦਾ ਨਾ ਹੋਣ।

ਸਨਿਆਸੀ, ਜਿਊਂਦਿਆਂ ਹੀ ਮਰਨ ਦਾ ਆਨੰਦ ਲੈਂਦੇ ਹਨ।

ਮਨੁੱਖ ਪਿਆਰ ਕਰਦਾ ਹੈ, ਰਿਸ਼ਤੇ ਉਸਾਰਦਾ ਅਤੇ ਦੋਸਤੀਆਂ ਪਾਉਂਦਾ ਹੈ, ਤਾਂ ਕਿ ਵਕਤ ਦੀ ਰਫ਼ਤਾਰ ਨੂੰ ਆਪਣੇ ਪੱਖ ਵਿਚ ਕਰ ਸਕੇ।

ਮਨਚਾਹੇ ਕਾਰਜ ਦਾ ਅਕੇਵਾਂ ਨਹੀਂ ਹੁੰਦਾ, ਅਕੇਵਾਂ ਮਜਬੂਰੀ ਦਾ ਹੁੰਦਾ ਹੈ।

ਪਿਆਰ ਦੌਰਾਨ, ਕਦੇ ਨਾ ਕਦੇ, ਦੋਹਾਂ ਧਿਰਾਂ ਨੂੰ ਪਿਆਰ, ਇਕ ਕੈਦ ਅਤੇ ਪਰੇਸ਼ਾਨੀ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਜੇ ਕੁਝ ਸੋਚਣਾ-ਕਰਨਾ-ਕਹਿਣਾ ਨਹੀਂ ਤਾਂ ਅਕਲ ਤੋਂ ਬਿਨਾਂ ਵੀ ਸਰ ਜਾਵੇਗਾ।

ਜੇ ਕੋਈ ਪਤਨੀ, ਪਤੀ ਨਾਲੋਂ ਵਧੇਰੇ, ਪਰਮਾਤਮਾ ਵੱਲ ਧਿਆਨ ਦੇਣ ਲੱਗ ਪਵੇ ਤਾਂ ਪਤੀ, ਨਾਸਤਕ ਬਣ ਜਾਂਦਾ ਹੈ।

ਦੂਜਿਆਂ ਨੂੰ ਸਮਝੋ, ਆਪਣੇ ਆਪ ਬਾਰੇ ਭਰਪੂਰ ਸੋਝੀ ਮਿਲੇਗੀ।

ਅੰਗਰੇਜ਼ਾਂ ਲਈ ਭਾਰਤ ਤੋਂ ਲੈ ਜਾਣ ਵਾਲੀਆਂ ਅਨੇਕਾਂ ਮੁਲਵਾਨ ਚੀਜ਼ਾਂ ਸਨ, ਸਾਡੇ ਲਈ ਉਨ੍ਹਾਂ ਤੋਂ ਸਿੱਖਣ ਵਾਲੀਆਂ ਅਨੇਕਾਂ ਚੰਗੀਆਂ ਗੱਲਾਂ ਸਨ; ਉਹ ਚੀਜ਼ਾਂ ਲੈ ਗਏ, ਅਸੀਂ ਸਿੱਖਣ ਤੋਂ ਇਨਕਾਰ ਕਰਦੇ ਰਹੇ।

ਕੀ ਤੁਹਾਡਾ ਵਿਚਾਰ ਨਵਾਂ ਹੈ? ਜੇ ਤੁਹਾਡੇ ਵਿਚਾਰ ਦਾ ਵਿਰੋਧ ਹੋ ਰਿਹਾ ਹੈ ਤਾਂ ਇਹ ਸਬੂਤ ਹੈ ਕਿ ਵਿਚਾਰ ਨਵਾਂ ਹੈ।

ਵਿਆਹ ਤੋਂ ਪਤਾ ਲੱਗਦਾ ਹੈ ਕਿ ਜ਼ਿੰਦਗੀ ਵਿਚ ਕਿਤਨਾ ਕੁ ਪ੍ਰਸੰਨ ਅਤੇ ਕਿਤਨਾ ਕੁ ਦੁਖੀ ਹੋਇਆ ਜਾ ਸਕਦਾ ਹੈ।

ਸੰਸਾਰ ਵਿਚੋਂ ਸ਼ਾਂਤੀ ਪਹਿਲਾਂ ਹੀ ਮੁੱਕੀ ਹੋਈ ਹੈ, ਹੁਣ ਅਰਾਮ ਵੀ ਮੁੱਕਦਾ ਜਾ ਰਿਹਾ ਹੈ।

ਖ਼ੁਸ਼ੀ ਵਿਚ ਭੁੱਲ ਜਾਣ ਵਾਲੇ ਲੱਛਣ ਹੁੰਦੇ ਹਨ, ਦਰਦ ਵਿਚ ਯਾਦ ਰਹਿਣ ਵਾਲੇ ਤੱਤ ਹੁੰਦੇ ਹਨ।



ਆਪਣੀ ਸਮਰੱਥਾ ਨਾਲੋਂ ਵਧੇਰੇ ਦੇਣਾ ਮਿਹਰਬਾਨੀ ਹੁੰਦੀ ਹੈ, ਆਪਣੀ ਲੋੜ ਨਾਲੋਂ ਘੱਟ ਲੈਣਾ ਨਿਮਰਤਾ ਅਖਵਾਉਂਦੀ ਹੈ।

ਜਦੋਂ ਸਮਾਜ ਦੀ ਕੋਈ ਕਰੜੀ ਪਾਬੰਦੀ ਟੁੱਟਦੀ ਹੈ ਤਾਂ ਲਤੀਫ਼ੇ ਉਪਜਦੇ ਹਨ।

ਅਜੋਕੀਆਂ ਦਵਾਈਆਂ, ਰੋਗ ਮੁਕਾਉਂਦੀਆਂ ਨਹੀਂ, ਲਮਕਾਉਂਦੀਆਂ ਹਨ।

ਜਿਤਨਾ ਤੁਹਾਡਾ ਸ਼ਬਦ-ਭੰਡਾਰ ਵੱਡਾ ਹੋਵੇਗਾ, ਉਤਨੀਆਂ ਹੀ ਤੁਹਾਡੀਆਂ ਦਿਲਚਸਪੀਆਂ ਵਧੇਰੇ ਅਤੇ ਕਹਿਣ ਲਈ ਗੱਲਾਂ ਵੱਧ ਹੋਣਗੀਆਂ।

ਬੱਚੇ, ਜਿਹੜੇ ਹਵਾਈ ਕਿਲ੍ਹੇ ਬਣਾਉਂਦੇ ਹਨ, ਉਨ੍ਹਾਂ ਦੀ ਲਾਗਤ ਪਿਤਾ ਨੂੰ ਅਦਾ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਮਾਂ ਨੂੰ ਕਰਨੀ ਪੈਂਦੀ ਹੈ।

ਪੈਰਿਸ, ਸਭ ਪ੍ਰਕਾਰ ਦੇ ਮਨੁੱਖੀ ਮੇਲ-ਮਿਲਾਪ ਦੀ ਦਿਲਚਸਪ ਰਾਜਧਾਨੀ ਹੈ।

ਸੰਸਾਰ ਨੂੰ ਅੱਖਾਂ ਨਾਲ ਨਹੀਂ, ਗਿਆਨ ਨਾਲ ਵੇਖਿਆ ਜਾਂਦਾ ਹੈ।

ਪੱਖਪਾਤ, ਸੀਮਤ ਘੇਰੇ ਵਿਚ ਹੀ ਸੰਭਵ ਹੁੰਦਾ ਹੈ; ਵਿਸ਼ਾਲਤਾ ਅਤੇ ਉਦਾਰਤਾ, ਨਿਰਪੱਖਤਾ ਸਿਰਜਦੀਆਂ ਹਨ

ਜੇ ਠੀਕ ਢੰਗ ਦੇ ਕੱਪੜੇ ਪਾਏ ਹੋਣ ਤਾਂ ਚਿਹਰੇ ਵਿਚੋਂ ਸਵੈ-ਵਿਸ਼ਵਾਸ ਅਤੇ ਵਿਹਾਰ ਵਿਚੋਂ ਸੰਤੁਸ਼ਟਤਾ ਝਲਕਦੀ ਹੈ।

ਆਪਣੀ ਜਵਾਨੀ ਦਾ ਵਿਸ਼ਲੇਸ਼ਣ, ਬੁਢਾਪੇ ਵਿਚ ਹੀ ਸੰਭਵ ਹੁੰਦਾ ਹੈ; ਸਾਡੇ ਬੁਢਾਪੇ ਦਾ ਵਿਸ਼ਲੇਸ਼ਣ, ਸਾਡੇ ਮਗਰੋਂ ਸਮਾਜ ਕਰਦਾ ਹੈ।

ਕਿਸੇ ਨਾਲ ਨਿੱਘੀ ਗੱਲ ਕਰਨੀ ਹੈ ਤਾਂ ਪਹਿਲਾਂ ਰਲ ਕੇ ਖਾਣਾ ਖਾਓ।

ਬੁਢਾਪੇ ਵਿਚ, ਹਰ ਕਿਸੇ ਨੂੰ ਜਵਾਨੀ ਵਿਚ ਕੁਝ ਵਾਪਰਨ ਦਾ ਦੁੱਖ ਅਤੇ ਕੁਝ ਨਾ ਵਾਪਰਨ ਦਾ ਪਛਤਾਵਾ ਹੁੰਦਾ ਹੈ।

ਜਿਹੜੇ ਕਹਿੰਦੇ ਹਨ: ਮੈਨੂੰ ਜ਼ਿੰਦਗੀ ਦਾ ਕੰਮ ਮੁਕੰਮਲ ਕਰਨ ਦਾ ਵਕਤ ਨਹੀਂ ਮਿਲਿਆ, ਉਨ੍ਹਾਂ ਨੂੰ ਪੁੱਛੋ: ਕਿਸ ਨੂੰ ਮਿਲਿਆ ਹੈ?

ਦੋਸਤੀ ਵਿਚ ਖ਼ਜ਼ਾਨੇ ਸਾਂਝੇ ਹੁੰਦੇ ਹਨ।

ਪੰਜਾਬ ਵਿਚ ਜਿਹੜਾ ਵੀ ਨਾਨਕ ਦੀਆਂ ਕਹਾਣੀਆਂ ਸੁਣਾਉਂਦਾ ਹੈ, ਲੋਕ ਉਸ ਦੀਆਂ ਝੋਲੀਆਂ ਭਰ ਦਿੰਦੇ ਹਨ।



Scanned by CamScanner

ਪਿਆਰ ਵਿਚ, ਪ੍ਰੇਮਿਕਾ ਪਹਿਲਾਂ ਆਪਣਾ ਅਕਸ ਘੋਲਦੀ ਹੈ ਅਤੇ ਫਿਰ ਉ ਵਿਚ ਆਪਣੇ ਪਿਆਰੇ ਨੂੰ ਰੰਗਦੀ ਹੈ।

ਰੱਟਾ ਲਾਉਣ ਵਾਲੇ ਵਿਦਿਆਰਥੀਆਂ ਦੇ ਚਿਹਰੇ 'ਤੇ ਅਕਲ ਦੀ ਚਮਕ ਅ ਸੂਝ-ਸਮਝ ਦੀ ਰੌਣਕ ਨਹੀਂ ਹੁੰਦੀ।

ਕਈ ਲੇਖਕਾਂ ਦੇ ਵਿਚਾਰ ਪਾਠਕਾਂ ਤਕ ਪਹੁੰਚਦੇ ਹੀ ਨਹੀਂ, ਵਿਚੋਂ ਹੀ ਕਿਧ ਉਡਾਰੀ ਮਾਰ ਜਾਂਦੇ ਹਨ।

ਯੋਰਪ ਦੀ ਸਿਆਣਪ, ਵਿਸ਼ਵ-ਪ੍ਰਸਿੱਧ ਹੈ, ਪਰ ਦੋ ਵਿਸ਼ਵ-ਯੁੱਧ, ਯੋਰਪ ਦੀ ਮੂਰਖਤਾ ਦੇ ਹੀ ਸਬੂਤ ਹਨ।

ਕੋਈ ਵੀ ਲਹਿਰ ਆਪਣੇ ਵਿਰੋਧੀਆਂ ਨੂੰ ਮਾਰਨ ਨਾਲ ਕਦੇ ਵੀ ਮਜ਼ਬੂਤ ਨਹੀਂ ਹੁੰਦੀ, ਮਜ਼ਬੂਤ ਉਹ ਵਿਰੋਧੀਆਂ ਨਾਲੋਂ ਚੰਗੇਰੇ ਬਣਨ ਵਿਚ, ਚੰਗੇਰੀ ਸੋਚ ਵਿਚ ਅਤੇ ਚੰਗੇਰੇ ਵਿਹਾਰ ਨਾਲ ਹੁੰਦੀ ਹੈ।

ਅਗਲੇਰੀ ਪੀੜ੍ਹੀ ਨੂੰ ਆਪਣੇ ਪ੍ਰਸਿੱਧ ਪਿਤਾ ਦਾ ਕਿੱਤਾ ਤਾਂ ਹੀ ਅਪਨਾਉਣਾ ਚਾਹੀਦਾ ਹੈ, ਜੇ ਉਸ ਵਿਚ ਆਪਣੇ ਪਿਤਾ ਨਾਲੋਂ ਵਧੇਰੇ ਮਿਹਨਤ ਕਰਨ ਦੀ ਆਦਤ ਅਤੇ ਸਮਰੱਥਾ ਹੋਵੇ; ਨਹੀਂ ਤਾਂ ਉਹ ਆਪ ਅਸਫ਼ਲ ਹੋ ਕੇ ਆਪਣੇ ਪਿਤਾ ਦੀ ਬਦਨਾਮੀ ਦਾ ਕਾਰਨ ਬਣਦੀ ਹੈ।

ਸੌਖੇ ਕੰਮ ਸਾਰੇ ਕਰ ਲੈਣਗੇ, ਔਖੇ ਕੰਮ ਕਰਨ ਦੀ ਜ਼ਿੰਮੇਵਾਰੀ ਸਾਡੀ ਹੈ।

ਪੁਰਾਤਨ ਰੋਮ ਅਤੇ ਯੂਨਾਨ ਵਿਚ ਨੈਤਿਕਤਾ ਦਾ ਪੱਧਰ ਇਹ ਸੀ ਕਿ ਜਾਇਦਾਦ ਜਾਂ ਪਸ਼ੂ ਵੇਚਣ ਵੇਲੇ, ਮਾਲਕ ਆਪ ਉਸ ਦੇ ਨੁਕਸ ਵੀ ਦਸਦਾ ਸੀ।

ਮਨੁੱਖ ਸੋਚਦਾ ਉਦੋਂ ਹੀ ਹੈ, ਜਦੋਂ ਉਸ ਦੇ ਕਾਰਜਾਂ ਅਤੇ ਯਤਨਾਂ ਦੇ ਮਨ-ਇੱਛਤ ਸਿੱਟੇ ਨਹੀਂ ਨਿਕਲਦੇ।

ਹਰੇਕ ਸਫ਼ਲਤਾ ਦਾ ਸਬੰਧ, ਕੁਝ ਲੋਕਾਂ ਨਾਲ ਕੁਝ ਸਮੇਂ ਲਈ ਹੀ ਹੁੰਦਾ ਹੈ, ਇਸ ਤੋਂ ਬਾਹਰ ਅਤੇ ਮਗਰੋਂ ਸਫ਼ਲਤਾ ਦਾ ਕੋਈ ਮਹੱਤਵ ਨਹੀਂ ਹੁੰਦਾ।

ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਲਈ ਜ਼ਮਾਨੇ ਦੀਆਂ ਤੋਹਮਤਾਂ ਤੋਂ ਬਚਾਉਣ ਵਾਲੀ ਢਾਲ ਬਣ ਜਾਂਦੇ ਹਨ।

ਕੋਈ ਚੀਜ਼ ਰੱਖ ਕੇ ਭੁੱਲ ਜਾਣ 'ਤੇ ਉਸ ਨੂੰ ਲੱਭਦਿਆਂ, ਉਹ ਭਾਵੇਂ ਨਾ ਲੱਭੇ, ਹੋਰ ਕਈ ਚੀਜ਼ਾਂ ਲੱਭ ਪੈਂਦੀਆਂ ਹਨ।



ਪ੍ਰਣ ਕਰੋ ਕਿ ਸਰਦੀ-ਗਰਮੀ ਦੀ ਗੱਲ ਨਹੀਂ ਕਰਨੀ, ਗਰਮੀ-ਸਰਦੀ ਘੱਟ ਲੱਗੇਗੀ।

ਕਈਆਂ ਦਾ ਕੇਵਲ ਨਾਂ ਹੀ ਮਨੁੱਖਾਂ ਵਾਲਾ ਹੁੰਦਾ ਹੈ।

ਪਰਮਾਤਮਾ ਨੇ ਇਹ ਸੰਸਾਰ ਵਿਉਂਤਿਆ ਹੀ ਇਵੇਂ ਹੈ ਕਿ ਇਥੇ ਕਿਸੇ ਦੇ ਹਮੇਸ਼ਾਂ ਲਈ ਰਹਿਣ ਦਾ ਕੋਈ ਪ੍ਰਬੰਧ ਨਹੀਂ ਹੈ।

ਸੌਣ ਵੇਲੇ, ਜੇ ਮਨੁੱਖ ਆਪਣੇ ਦਿਨ-ਭਰ ਦੇ ਕਥਨਾਂ-ਕਾਰਜਾਂ ਦਾ ਵਿਸ਼ਲੇਸ਼ਣ ਕਰੇ ਤਾਂ ਉਹ ਸਿਆਣਾ, ਤਿੱਖਾ ਅਤੇ ਨਿਪੁੰਨ ਹੋ ਜਾਂਦਾ ਹੈ।

ਸੰਸਾਰ ਵਿਚ ਧਰਮ ਨੂੰ ਮੰਨਣ ਵਾਲੇ ਗਰੀਬ ਹਨ, ਵਿਗਿਆਨ ਨੂੰ ਮੰਨਣ ਵਾਲੇ ਅਮੀਰ ਹਨ।

'ਹੈਲੋ' ਕਿਸੇ ਭਾਸ਼ਾ ਦਾ ਸ਼ਬਦ ਨਹੀਂ, ਪਰ ਇਹ ਸੰਸਾਰ ਵਿਚ ਹਰ ਰੋਜ਼ ਸਭ ਤੋਂ ਵੱਧ ਬੋਲਿਆ ਜਾਣ ਵਾਲਾ ਸ਼ਬਦ ਹੈ।

ਕਈ ਚਿਹਰਿਆਂ ਨੂੰ ਵੇਖਣ ਨਾਲ ਹੀ ਅੱਖਾਂ ਦੁਖੀ ਹੋ ਜਾਂਦੀਆਂ ਹਨ।

ਪਰਮਾਤਮਾ ਪ੍ਰਤੀ ਸੁਚੇਤ ਹੋਣਾ ਹੀ ਧਰਮ ਹੈ।

ਮਹਾਨ ਕਾਰਜ ਉਹ ਹੁੰਦਾ ਹੈ, ਜਿਹੜਾ ਕੀਤਾ ਮਨੁੱਖ ਦਾ ਹੋਵੇ, ਪਰ ਕੀਤਾ ਹੋਇਆ ਰੱਬ ਦਾ ਲੱਗੇ।

ਕਲਾ ਦੇ ਖੇਤਰ ਵਿਚ ਇਹ ਨਹੀਂ ਪੁੱਛਿਆ ਜਾਂਦਾ ਕਿ ਤੁਸੀਂ ਪੁੱਤਰ-ਧੀ ਕਿਸ ਦੇ ਹੋ? ਇਹ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਉਸਤਾਦ ਕੌਣ ਹੈ?

ਕੋਈ ਵੀ ਅਜਨਬੀ ਨਹੀਂ ਹੁੰਦਾ, ਸਾਡੇ ਵੱਲੋਂ ਓਪਰੀ ਤੱਕਣੀ ਨਾਲ ਵੇਖਣ ਕਰਕੇ, ਉਹ ਅਜਨਬੀ ਲੱਗਦਾ ਹੈ।

ਰਿਗਵੇਦ ਭਾਰਤ ਦੇ ਗਿਆਨ ਦੀ ਸਿਖ਼ਰ ਹੈ, ਜ਼ਾਤ-ਪਾਤ ਪ੍ਰਣਾਲੀ ਸਾਡੀ ਸਭਿਅਤਾ ਦੀ ਸਭ ਤੋਂ ਡੂੰਘੀ ਖਾਈ ਹੈ।

ਜੇ ਜ਼ਿੰਦਗੀ ਵਿਚ ਪੜ੍ਹਨ ਲਈ ਵਕਤ ਥੋੜ੍ਹਾ ਹੈ ਤਾਂ ਪ੍ਰਸਿੱਧ ਪੁਸਤਕਾਂ ਪਹਿਲਾਂ ਪੜ੍ਹੋ।

ਸੁਧਾਰ ਦੀ ਲੋੜ ਉਦੋਂ ਹੀ ਪੈਂਦੀ ਹੈ, ਜਦੋਂ ਕੋਈ ਪਰੰਪਰਾ ਆਪਣਾ ਰੋਲ ਨਿਭਾ ਕੇ ਰੁਕਾਵਟ ਬਣ ਚੁੱਕੀ ਹੁੰਦੀ ਹੈ।

ਮਹਾਨ ਵਿਅਕਤੀ ਮਹਾਨਤਾ ਦੇ ਸੰਕਲਪ ਵਿਚ ਨਵੀਆਂ ਪਰਤਾਂ ਜੋੜਦੇ ਹਨ।



Scanned by CamScanner

ਕਈ ਨੌਕਰ, ਮਾਲਕਾਂ ਨਾਲੋਂ ਵੀ ਵਧੇਰੇ ਕੰਮ-ਚੋਰ ਅਤੇ ਆਲਸੀ ਹੁੰਦੇ ਹਨ।

ਬੱਚੇ ਨੂੰ ਠੀਕ ਤਰ੍ਹਾਂ ਪੜ੍ਹਨਾ ਸਿਖਾਓ, ਲਿਖਣਾ ਉਹ ਆਪੇ ਸਿੱਖ ਜਾਵੇਗਾ; ਠੀਕ ਤਰ੍ਹਾਂ ਟੁਰਨਾ ਸਿਖਾਓ, ਦੌੜਨਾ ਉਹ ਆਪੇ ਸਿੱਖ ਜਾਂਦਾ ਹੈ।

ਹਰੇਕ ਜੀਵ-ਜੰਤੂ ਨੂੰ ਹਰ ਰੋਜ਼, ਖਰਚਣ ਲਈ ਕੁਦਰਤ ਨਵਾਂ ਦਿਨ ਦਿੰਦੀ ਹੈ।

ਮਹਾਂਪੁਰਸ਼ ਜਦੋਂ ਬੋਲਦੇ ਹਨ ਤਾਂ ਕਿਸੇ ਨੂੰ ਸਾੜਾ ਨਹੀਂ ਹੁੰਦਾ, ਕਿਉਂਕਿ ਉਹ ਬੋਲਦੇ ਹੀ ਇਵੇਂ ਹਨ ਕਿ ਸੁਣਨ ਵਾਲੇ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਦੇ ਹਨ।

ਪੈਰ ਅਕਸਰ ਚੱਲਣ ਲਈ ਹੀ ਵਰਤੇ ਜਾਂਦੇ ਹਨ, ਪਰ ਇਹ ਅੜਨ ਅਤੇ ਡਟਣ ਲਈ ਵੀ ਹੁੰਦੇ ਹਨ।

ਭੈੜੇ ਮਹਿਮਾਨ, ਮਾਲਕ ਨੂੰ ਬੇਘਰ ਕਰ ਦਿੰਦੇ ਹਨ।

ਅਨੇਕਾਂ, ਜਨਮ ਮਨੁੱਖਾਂ ਵਜੋਂ ਲੈਂਦੇ ਹਨ, ਪਰ ਜਨਮ ਲੈਂਦਿਆਂ ਹੀ ਭੇਡਾਂ ਬਣ ਜਾਂਦੇ ਹਨ।

ਪਲੈਟੋ ਅਜਿਹਾ ਵਿਦਿਆਰਥੀ ਸੀ, ਜਿਸ ਦਾ ਸੁਪਨਾ ਹਰ ਅਧਿਆਪਕ ਵੇਖਦਾ ਹੈ।

ਜਦੋਂ ਕੋਈ ਕਿਸੇ ਨਾਲ ਵਧੀਕੀ ਕਰਦਾ ਹੈ ਤਾਂ ਉਹ ਆਪਣਾ ਪੜ੍ਹਿਆ-ਲਿਖਿਆ ਤਿਆਗ ਕੇ ਅਨਪੜ੍ਹਤਾ ਪਹਿਨ ਲੈਂਦਾ ਹੈ।

ਵਿਦਵਾਨਾਂ ਵਲੋਂ ਸੁਕਰਾਤ ਦੇ ਮੁਲਾਂਕਣ-ਵਿਸ਼ਲੇਸ਼ਣ ਦਾ ਹਰ ਯਤਨ, ਉਸ ਪ੍ਰਤੀ ਸ਼ਰਧਾਂਜਲੀ ਹੋ ਨਿਬੜਦਾ ਹੈ।

ਵਿਆਹ ਜਦੋਂ ਮਰਜ਼ੀ ਕਰੋ, ਪਰ ਜਸ਼ਨ ਇਕ ਸਾਲ ਮਗਰੋਂ ਮਨਾਓ, ਜੇ ਮਨਾਉਣ ਦੀ ਨੌਬਤ ਆਏ ਤਾਂ ਜਸ਼ਨ ਸਾਰਾ ਜੀਵਨ ਚੱਲਣਗੇ।

ਜਿਤਨੀ ਕਿਸੇ ਦੀ ਦਲੀਲ ਢਿੱਲੀ ਹੋ ਜਾਂਦੀ ਹੈ, ਉਤਨੀ ਹੀ ਉਸ ਦੀ ਸ਼ਬਦਾਵਲੀ ਸਖ਼ਤ ਹੋ ਜਾਂਦੀ ਹੈ।

ਹਰ ਤਸਵੀਰ ਵਾਂਗ, ਹਰ ਚਿਹਰੇ ਦੇ ਵੀ ਦੋ ਪਾਸੇ ਹੁੰਦੇ ਹਨ, ਦੋਵੇਂ ਵੇਖੋ।

ਕਿਸੇ ਚੀਜ਼ ਦੀ ਸਹੀ ਕੀਮਤ ਕੀ ਹੈ? ਨਿਰਭਰ ਕਰਦਾ ਹੈ ਕਿ ਤੁਸੀਂ ਵੇਚ ਰਹੇ ਹੋ ਕਿ ਤੁਸੀਂ ਖਰੀਦ ਰਹੇ ਹੋ।

ਵਿਦਿਆਰਥੀ ਉਹ ਹੁੰਦਾ ਹੈ, ਜਿਹੜਾ ਡਿਗਰੀ ਮਿਲਣ ਉਪਰੰਤ ਵੀ ਪੜ੍ਹਦਾ ਰਹੇ।



ਪਤੀ, ਅਕਸਰ ਪਤਨੀ ਨੂੰ ਕਾਰ ਚਲਾਉਣੀ ਨਹੀਂ ਸਿਖਾ ਸਕਦਾ, ਕਿਉਂਕਿ ਪਤੀ ਨੂੰ ਤਾਂ ਪਤਨੀ ਆਪ ਚਲਾਉਂਦੀ ਹੈ।

ਕੱਪੜੇ ਧੋਣ ਵੇਲੇ ਜਦੋਂ ਪਤਨੀ, ਪਤੀ ਦੇ ਕੱਪੜਿਆਂ ਦੀਆਂ ਜੇਬਾਂ ਫਰੋਲਦੀ ਹੈ ਤਾਂ ਪਤੀ ਨੂੰ ਦੇਣ ਲਈ, ਉਸ ਨੂੰ ਕਈ ਭਾਸ਼ਣਾਂ ਦੀ ਸਮੱਗਰੀ ਲੱਭ ਪੈਂਦੀ ਹੈ।

ਇਮਾਨਦਾਰੀ ਨਾਲ ਵਪਾਰ ਕਰੋ, ਕੋਈ ਮੁਕਾਬਲਾ ਨਹੀਂ ਕਰੇਗਾ।

ਪੈਸਾ ਬੋਲਦਾ ਹੈ ਅਤੇ ਅਕਸਰ ਕਹਿੰਦਾ ਹੈ: ਅਲਵਿਦਾ।

ਜੇ ਤੁਸੀਂ ਆਪਣੇ ਤਜਰਬੇ ਤੋਂ ਕੁਝ ਨਹੀਂ ਸਿੱਖਿਆ, ਨਿਰਾਸ਼ ਨਾ ਹੋਵੋ, ਤੁਹਾਡੇ ਬੱਚੇ ਤੁਹਾਨੂੰ ਸਭ ਕੁਝ ਸਿਖਾ ਦੇਣਗੇ।

ਸਰਦੀਆਂ ਵਿਚ, ਹਰ ਕੰਮ ਨੂੰ ਦੇਰ ਜਲਦੀ ਹੋ ਜਾਂਦੀ ਹੈ।

ਹੌਲੀ ਸੋਚਣ ਵਾਲੇ ਲੰਮਾ ਅਰਸਾ ਜੀਵਨ ਜਿਊਂਦੇ ਹਨ, ਪਰ ਉਨ੍ਹਾਂ ਨੂੰ ਸੜਕ ਪਾਰ ਕਰਨ ਦਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੀਦਾ।

ਸ਼ਰਤ ਉਹੀ ਲਾਓ, ਜਿਹੜੀ ਹੱਸ ਕੇ ਹਾਰਨ ਦੀ ਹਿੰਮਤ ਹੋਵੇ।

ਗਲਤੀ ਹੋਣ 'ਤੇ ਛੜਾ ਆਪਣੀ ਗਲਤੀ ਮੰਨ ਲੈਂਦਾ ਹੈ, ਪਰ ਪਤੀ ਠੀਕ ਹੋਣ ਦੇ ਬਾਵਜੂਦ ਆਪਣੀ ਗਲਤੀ ਨਹੀਂ ਮੰਨਦਾ।

ਬੁਢਾਪੇ ਵਿਚ ਜਦੋਂ ਵੀ ਉਦਾਸ ਹੋਵੋ, ਉਨ੍ਹਾਂ ਬਾਰੇ ਸੋਚੋ, ਜਿਹੜੇ ਜਵਾਨੀ ਵਿਚ ਹੀ ਚਲਾਣਾ ਕਰ ਗਏ।

ਪ੍ਰੇਮੀ, ਪ੍ਰੇਮਿਕਾ ਦੇ ਸੋਹਣੀ ਹੋਣ ਦਾ ਕੋਈ ਸਬੂਤ ਨਹੀਂ ਮੰਗਦਾ।

ਅਮਰੀਕਾ ਦਾ ਲੱਭ ਪੈਣਾ ਚੰਗੀ ਗੱਲ ਸੀ, ਪਰ ਅਮਰੀਕਾ ਦਾ ਵਿਹਾਰ ਵੇਖ ਕੇ ਲੱਗਦਾ ਹੈ ਕਿ ਜੇ ਇਹ ਨਾ ਲੱਭਦਾ ਤਾਂ ਹੋਰ ਵੀ ਚੰਗੀ ਗੱਲ ਹੋਣੀ ਸੀ।

ਚਿੰਤਕਾਂ ਕੋਲ ਸਿਧਾਂਤ ਹੁੰਦੇ ਹਨ, ਪੈਸੇ-ਜਾਇਦਾਦ ਨਹੀਂ।

ਅਮਰੀਕਾ ਦੀ ਯਾਤਰਾ ਨਾਲ, ਮਨੁੱਖ ਦੀ ਲੰਬਾਈ ਉਹੀ ਰਹਿੰਦੀ ਹੈ, ਪਰ ਭੋਜਨ ਦੀ ਖੁਲ੍ਹ ਕਾਰਨ, ਚੌੜਾਈ ਵੱਧ ਜਾਂਦੀ ਹੈ।

ਇਲਹਾਮ ਉਸ ਨੂੰ ਕਹਿੰਦੇ ਹਨ, ਜਦੋਂ ਪਤੀ ਦੇ ਬੋਲਣ ਤੋਂ ਪਹਿਲਾਂ ਹੀ, ਪਤਨੀ ਉਸ ਦੀ ਗੱਲ ਕੱਟ ਦੇਵੇ।



Scanned by CamScanner

ਸੰਜਮੀ, ਵਿਖਾਈ ਗਰੀਬ ਦਿੰਦਾ ਹੈ, ਪਰ ਹੁੰਦਾ ਅਮੀਰ ਹੈ; ਫ਼ਜ਼ੂਲ-ਖਰਚ, ਵਿਖਾਈ ਅਮੀਰ ਦਿੰਦਾ ਹੈ, ਪਰ ਹੁੰਦਾ ਗਰੀਬ ਹੈ।

ਅਜੋਕੇ ਸਮੇਂ ਵਿਚ ਜਿਹੜਾ ਵੀ ਸਬਰ-ਸੰਤੋਖ ਵਿਖਾਉਂਦਾ ਹੈ, ਉਹ ਪੱਛੜ ਜਾਂਦਾ ਹੈ।

ਕੱਲ੍ਹ ਕੜਾਹ-ਪੂੜੇ ਮਿਲਣ ਦੀ ਆਸ ਨਾਲ, ਅੱਜ ਦੀ ਭੁੱਖ ਨਹੀਂ ਮਿਟਦੀ।

ਮਾਂ, ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਵਰਤਣਾ ਕਿਵੇਂ ਹੈ; ਪਿਤਾ ਸਿਖਾਉਂਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ।

ਇਸਤਰੀ ਦੇ ਚਿਹਰੇ ਨੂੰ ਬਣਾਉਣ-ਵਿਗਾੜਨ ਦਾ ਕਾਰਜ ਉਸ ਦੇ ਵਾਲ ਕਰਦੇ ਹਨ।

ਤਿੱਖੀ ਜੀਭ ਅਤੇ ਖੁੰਢਾ ਦਿਮਾਗ, ਅਕਸਰ ਇਕੋ ਸਰੀਰ ਵਿਚ ਨਿਵਾਸ ਕਰਦੇ ਹਨ।

ਗ੍ਰਹਿਣ ਲੱਗਦੇ ਕੋਈ ਨਹੀਂ, ਅਸੀਂ ਸਮਝਦੇ ਹਾਂ ਕਿ ਲੱਗਦੇ ਹਨ।

ਮਨੁੱਖ ਦੇ ਪਸ਼ੂ ਪੱਖ ਬਾਰੇ ਕੋਈ ਵਿਵਾਦ ਨਹੀਂ ਹੈ, ਵਿਵਾਦ ਉਸ ਦੇ ਮਨੁੱਖੀ ਪੱਖ ਬਾਰੇ ਹੀ ਹਨ।

ਗਣਿਤ ਵਿਚ ਕੁਝ ਵੀ ਚੰਗਾ-ਮਾੜਾ ਨਹੀਂ ਹੁੰਦਾ, ਇਹ ਪੂਰਨਭਾਂਤ ਨਿਰਪੱਖ ਹੁੰਦਾ ਹੈ।

ਜੇ ਮਨ ਇੱਛਾਵਾਂ ਦੀ ਪਕੜ ਵਿਚ ਹੋਵੇ ਤਾਂ ਇਹ ਗਲਤ ਫੈਸਲੇ ਹੀ ਕਰਦਾ ਹੈ।

ਇਸਤਰੀ ਕੱਪੜੇ ਉਤਾਰਦਿਆਂ ਹੀ, ਸ਼ਰਮ ਪਹਿਨ ਲੈਂਦੀ ਹੈ।

ਕਿਸੇ ਦੀ ਝੂਠੀ ਪ੍ਰਸ਼ੰਸਾ ਕਰੋ, ਉਸ ਦਾ ਚਿਹਰਾ ਪ੍ਰਸੰਨ ਮੂਰਖ ਵਾਲਾ ਹੋ ਜਾਵੇਗਾ।

ਜਿਹੜਾ ਨੀਂਦ ਤਿਆਗ ਸਕਦਾ ਹੈ, ਉਹ ਸਭ ਕੁਝ ਪ੍ਰਾਪਤ ਕਰ ਸਕਦਾ ਹੈ।

ਘਰੇਲੂ ਮਾਮਲਿਆਂ ਵਿਚ ਵਿਚਾਰ-ਚਰਚਾ ਜਿਤਨੀ ਮਰਜ਼ੀ ਹੋਵੇ, ਅੰਤਿਮ ਨਿਰਣਾ ਇਸਤਰੀ ਨੂੰ ਕਰਨ ਦਿਓ; ਘਰੋਂ ਬਾਹਰਲੇ ਮਸਲਿਆਂ ਬਾਰੇ ਇਸਤਰੀ ਜਿਤਨੀ ਮਰਜ਼ੀ ਸਲਾਹ ਦੇਵੇ, ਫੈਸਲਾ ਪੁਰਸ਼ ਨੂੰ ਕਰਨ ਦਿਓ।

ਜਿਹੜਾ ਧਰਮ ਬਾਰੇ ਬਹਿਸ ਕਰਦਾ ਹੈ, ਉਹ ਧਾਰਮਿਕ ਨਹੀਂ ਹੁੰਦਾ।

ਅਸੀਂ ਪਸੰਦ ਹਾਂ ਕਹਿਣ ਵਾਲਿਆਂ ਨੂੰ ਕਰਦੇ ਹਾਂ, ਪਰ ਧਿਆਨ ਨਾਂਹ ਕਹਿਣ ਵਾਲਿਆਂ ਵੱਲ ਦਿੰਦੇ ਹਾਂ।



ਜੇ ਯੋਗਤਾ ਹੈ ਤਾਂ ਸਥਿਤੀਆਂ ਭਾਵੇਂ ਕਿਤਨੀਆਂ ਵੀ ਵਿਰੋਧੀ ਹੋਣ, ਯੋਗਤਾ ਆਪਣਾ ਰੰਗ ਵਿਖਾਏਗੀ, ਵਿਖਾ ਕੇ ਰਹੇਗੀ।

ਮਨੁੱਖ ਦੇ ਸੱਚੇ ਦੋਸਤ ਅਤੇ ਸੱਚੇ ਸੇਵਕ, ਉਸ ਦੇ ਦੋ ਹੱਥ ਹੀ ਹੁੰਦੇ ਹਨ।

ਯੁੱਧ ਦੇ ਮੈਦਾਨ ਵਿਚ ਬਹਿਸ ਨਹੀਂ ਚਲਦੀ, ਗੋਲੀ ਚਲਦੀ ਹੈ।

ਕਿਸ਼ੋਰ ਅਵਸਥਾ ਉਹ ਹੁੰਦੀ ਹੈ, ਜਦੋਂ ਭੋਲੀ ਗੱਲ ਕਹਿਣੀ ਆਉਂਦੀ ਨਹੀਂ ਹੁੰਦੀ ਅਤੇ ਸਿਆਣੀ ਗੱਲ ਸੁਝਦੀ ਨਹੀਂ।

ਜਿਹੜਾ ਆਪਣੀ ਪਤਨੀ ਨਾਲੋਂ ਆਪਣੀ ਮਾਂ ਨੂੰ ਵੱਧ ਸੁਣੇਗਾ, ਉਸ ਨੂੰ ਪਤਨੀ ਵੀ ਸੁਣਾਏਗੀ।

ਵਕਤ ਆਪ ਨਵਾਂ ਰਹਿੰਦਾ ਹੈ, ਪਰ ਇਹ ਹਰ ਚੀਜ਼ ਨੂੰ ਪੁਰਾਣਾ ਬਣਾਉਂਦਾ ਰਹਿੰਦਾ ਹੈ।

ਜਿਵੇਂ ਅਸੀਂ ਸੁਕਰਾਤ, ਬੁੱਧ ਆਦਿ ਤੋਂ ਬਿਨਾਂ ਸਾਰ ਹੀ ਰਹੇ ਹਾਂ, ਉਵੇਂ ਹੀ ਅਗਲੀ ਪੀੜ੍ਹੀ, ਸਾਡੇ ਤੋਂ ਬਿਨਾਂ ਸਾਰ ਹੀ ਲਵੇਗੀ।

ਜਦੋਂ ਜ਼ਬਾਨ ਚੁੱਪ ਹੋਵੇ ਅਤੇ ਦਿਲ ਵਿਰਲਾਪ ਕਰੇ, ਉਸ ਨੂੰ ਪਛਤਾਵਾ ਕਹਿੰਦੇ ਹਨ।

ਛੜਾ ਉਹ ਹੁੰਦਾ ਹੈ, ਜ਼ਿਹੜਾ ਹਰ ਵੇਲੇ ਵਿਆਹ ਬਾਰੇ ਸੋਚਦਾ ਹੈ ਪਰ ਇਕ ਵਾਰ ਵੀ ਵਿਆਹ ਕਰਨ ਦੀ ਗਲਤੀ ਨਹੀਂ ਕਰਦਾ।

ਕਿਸੇ ਦੇਸ਼ ਦਾ ਚਰਿੱਤਰ ਬਹੁ-ਗਿਣਤੀ ਨਹੀਂ, ਘੱਟ-ਗਿਣਤੀ ਨਿਰਧਾਰਤ ਕਰਦੀ ਹੈ।

ਜੋ ਉੱਤਮ ਹੈ, ਉਹ ਪ੍ਰਾਪਤ ਕਰੋ; ਜੋ ਚੰਗਾ ਹੈ, ਉਹ ਆਪੇ ਪ੍ਰਾਪਤ ਹੋ ਜਾਵੇਗਾ।

ਹਉਮੈ ਹੀਜੜੇ ਵਾਂਗ ਹੁੰਦੀ ਹੈ, ਜਿਸ ਨੂੰ ਨਾ ਇਸਤਰੀਆਂ ਤੋਂ ਅਤੇ ਨਾ ਹੀ ਪੁਰਸ਼ਾਂ ਤੋਂ ਸ਼ਰਮ ਆਉਂਦੀ ਹੈ।

ਜਿਥੇ ਵੀ ਧਰਮ ਦਾ ਬੋਲਬਾਲਾ ਹੋਵੇਗਾ, ਉਥੇ ਪਰਿਵਰਤਨ ਅਤੇ ਵਿਕਾਸ ਦੀ ਚਾਲ ਸੁਸਤ ਹੋਵੇਗੀ।

ਹੁਣ ਤੋਂ ਵੀਹ ਸਾਲ ਮਗਰੋਂ ਤੁਹਾਨੂੰ ਕੀਤੇ ਕੰਮਾਂ ਦਾ ਮਾਣ ਘੱਟ ਅਤੇ ਨਾ ਕੀਤੇ ਕੰਮਾਂ ਦਾ ਪਛਤਾਵਾ ਵੱਧ ਹੋਵੇਗਾ।

ਪ੍ਰੇਮਿਕਾ ਮਸੀਹਾ ਹੀ ਨਹੀਂ ਹੁੰਦੀ, ਤਸੀਹਾ ਵੀ ਹੁੰਦੀ ਹੈ।



Scanned by CamScanner

ਜੇ ਤੁਹਾਡੀ ਆਲੋਚਨਾ ਕਰਨ ਵਾਲਾ ਕੋਈ ਨਹੀਂ ਤਾਂ ਆਪਣਾ ਆਲੋਚਕ ਤੁਹਾਨੂੰ ਆਪ ਬਣਨਾ ਪਏਗਾ, ਕਿਉਂਕਿ ਆਲੋਚਨਾ ਤੋਂ ਬਿਨਾਂ ਵਿਕਾਸ ਨਹੀਂ ਵਾਪਰਦਾ।

ਕਈ ਰੋਸ਼ਨੀਆਂ ਪਿੱਛੇ, ਬਰਬਾਦੀ ਦਾ ਹਨੇਰਾ ਹੁੰਦਾ ਹੈ।

ਇਸਤਰੀਆਂ, ਪੁਰਸ਼ਾਂ ਦਾ ਵਿਸ਼ਲੇਸ਼ਣ ਕਰਦੀਆਂ ਹਨ; ਪੁਰਸ਼, ਇਸਤਰੀਆਂ ਦਾ ਮੁਲਾਂਕਣ ਕਰਦੇ ਹਨ।

ਕੁਝ ਹੀ ਆਪ ਕੁਝ ਹੋਣਾ ਚਾਹੁੰਦੇ ਹਨ, ਬਹੁਤੇ ਕਿਸੇ ਨਾਲ ਹੋਣਾ ਚਾਹੁੰਦੇ ਹਨ।

ਜੇ ਕੁਝ ਕਰਨ ਜਾਂ ਨਾ ਕਰਨ ਦਾ ਸੰਸਾ ਹੋਵੇ, ਕਰੋ; ਜੇ ਜਾਣ ਜਾਂ ਨਾ ਜਾਣ ਦੀ ਦੁਚਿੱਤੀ ਹੋਵੇ, ਜਾਓ।

ਦੁਨੀਆਂ ਨੇ ਵਸਦੀ ਰਹਿਣਾ ਹੈ, ਸਾਡੇ ਬਗੈਰ ਵੀ, ਸਾਡੇ ਮਗਰੋਂ ਵੀ।

ਸੋਹਣੀ ਇਸਤਰੀ ਉਹ ਹੁੰਦੀ ਹੈ, ਜਿਸ ਦਾ ਚਿਹਰਾ, ਰਾਤ ਦੇ ਹਨੇਰੇ ਵਿਚ ਪ੍ਰਭਾਤ ਦਾ ਭੁਲੇਖਾ ਪਾਵੇ।

ਕਰਜ਼ਾ ਕੋਈ ਹੋਵੇ, ਉਹ ਵਰਤਮਾਨ ਵਿਚ ਵਰਦਾਨ, ਪਰ ਭਵਿੱਖ ਵਿਚ ਸਰਾਪ ਬਣ ਜਾਂਦਾ ਹੈ।

ਕੋਈ-ਕੋਈ ਇਸਤਰੀ ਤਾਂ ਇਤਨੀ ਸੋਹਣੀ ਹੁੰਦੀ ਹੈ ਕਿ ਜਿਸ-ਜਿਸ ਦੀ ਸੁੰਦਰਤਾ ਵੇਖਣ ਦੀ ਜਿਤਨੀ-ਜਿਤਨੀ ਔਕਾਤ ਹੁੰਦੀ ਹੈ, ਉਹ ਉਤਨੀ-ਉਤਨੀ ਵੇਖ ਲੈਂਦਾ ਹੈ ਅਤੇ ਆਪਣੀਆਂ ਨਜ਼ਰਾਂ ਦੀਆਂ ਝੋਲੀਆਂ ਭਰ ਲੈਂਦਾ ਹੈ।

ਜਿਹੜਾ ਇਸਤਰੀਆਂ ਨੂੰ ਸੁਣਨ ਲਾ ਦੇਵੇ, ਉਸ ਨੂੰ ਪ੍ਰਚਾਰਕ ਕਹਿੰਦੇ ਹਨ।

ਬੁਢਾਪਾ ਅਜਿਹੀ ਅਵਸਥਾ ਹੁੰਦੀ ਹੈ, ਜਦੋਂ ਵਾਲ ਵਾਹੁਣ ਜਾਂ ਨਾ ਵਾਹੁਣ ਦਾ ਅੰਤਰ ਪਤਾ ਨਹੀਂ ਲੱਗਦਾ।

ਆਸ਼ਾਵਾਦੀ ਉਹ ਹੈ, ਜਿਹੜਾ ਖੂਹ ਵਿਚ ਡਿਗ ਕੇ ਕਹੇ: ਸਾਬਣ ਸੁੱਟੋ।

ਅਕਸਰ ਮੇਜ਼ ਦੇ ਦਰਾਜ਼ਾਂ ਨੂੰ ਰੱਦੀ ਦੀ ਟੋਕਰੀ ਵਜੋਂ ਹੀ ਵਰਤਿਆ ਜਾਂਦਾ ਹੈ।

ਇਮਤਿਹਾਨ ਅਤੇ ਬੁਢਾਪਾ ਤਿਆਰੀ ਤੋਂ ਪਹਿਲਾਂ ਹੀ ਆ ਜਾਂਦੇ ਹਨ।

ਮਨੁੱਖ ਆਪਣੀਆਂ ਸਮੱਸਿਆਵਾਂ ਗਿਆਨ ਨਾਲ ਹੱਲ ਕਰਦਾ ਹੈ, ਪਰ ਜਿਊਂਦਾ ਉਹ ਵਿਸ਼ਵਾਸਾਂ ਨਾਲ ਹੈ।



ਮਾਂ ਆਪਣਾ ਪਿਆਰ ਸਾਰੇ ਬੱਚਿਆਂ ਵਿਚ ਇਸ ਢੰਗ ਨਾਲ ਬਰਾਬਰ ਵੰਡਦੀ ਹੈ, ਕਿ ਹਰ ਕਿਸੇ ਨੂੰ ਸੌ ਪ੍ਰਤੀਸ਼ਤ ਮਿਲਦਾ ਹੈ।

ਕੋਈ ਕਿਤਨਾ ਵੀ ਗਰੀਬ ਹੋਵੇ, ਜੇ ਉਸ ਦਾ ਪਰਿਵਾਰ ਹੈ ਤਾਂ ਉਹ ਅਨੁਭਵ ਦੇ ਪੱਖੋਂ ਅਮੀਰ ਹੀ ਹੋਵੇਗਾ।

ਦਾਦੀ ਬੜੀ ਸਿਆਣੀ ਹੁੰਦੀ ਹੈ, ਪਰ ਪੋਤੇ-ਪੋਤੀਆਂ ਵਿਚ ਉਹ ਮੂਰਖ ਬਣਨਾ ਪਸੰਦ ਕਰਦੀ ਹੈ।

ਹੱਸਣ ਨਾਲ ਥਕਾਵਟ ਦੇ ਜਾਲੇ ਲਹਿ ਜਾਂਦੇ ਹਨ।

ਇਸ ਸੰਸਾਰ ਵਿਚ ਜਿਊਣ ਅਤੇ ਮਰਨ ਦਾ ਕਾਰਜ ਆਪ ਹੀ ਕਰਨਾ ਪੈਂਦਾ ਹੈ।

ਜਿਹੜੀ ਚੀਜ਼ ਖਰੀਦਣ ਦੀ ਔਕਾਤ ਨਾ ਹੋਵੇ, ਪਰ ਫਿਰ ਵੀ ਖਰੀਦੀ ਜਾਵੇ, ਉਹ ਵਿਖਾਵੇ ਲਈ ਹੁੰਦੀ ਹੈ।

ਨਿਜੀ ਮਨਸੂਬਿਆਂ ਦੀ ਜਨਤਕ ਘੋਸ਼ਣਾ ਨੂੰ, ਵਿਆਹ ਕਿਹਾ ਜਾਂਦਾ ਹੈ।

ਜਦੋਂ ਲੜਕੀ ਖ਼ੁਸ਼ਬੂ ਦੇ ਹਾਣ ਦੀ ਹੋ ਜਾਂਦੀ ਹੈ ਤਾਂ ਉਹ ਵੇਖਣ ਵਾਲਿਆਂ ਦੀ ਨਜ਼ਰ ਦੀ ਹੱਦ ਤਕ ਫੈਲ ਜਾਂਦੀ ਹੈ।

ਦੋਸਤ ਉਹ ਹੁੰਦਾ ਹੈ, ਜਿਹੜਾ ਉਸ ਵੇਲੇ ਵੀ ਸੁਣਦਾ ਹੈ, ਜਦੋਂ ਅਸੀਂ ਕੁਝ ਨਹੀਂ ਕਹਿ ਰਹੇ ਹੁੰਦੇ।

ਸਵੈ-ਆਲੋਚਨਾ ਦੀ ਅਤਿ-ਗੰਭੀਰ ਕਿਸਮ, ਖ਼ੁਦਕੁਸ਼ੀ ਅਖਵਾਉਂਦੀ ਹੈ।

ਇਸਤਰੀ ਨੂੰ, ਜਿਹੜੀ ਇਸਤਰੀ ਚੰਗੀ ਨਹੀਂ ਲੱਗਦੀ, ਉਸ ਨੂੰ ਉਸ ਦੇ ਪਤੀ 'ਤੇ ਤਰਸ ਆਉਂਦਾ ਹੈ ਕਿ ਇਸ ਸ਼ਰੀਫ ਆਦਮੀ ਨਾਲ ਇਨਸਾਫ਼ ਨਹੀਂ ਹੋਇਆ।

ਕਈ ਉਬਾਸੀ ਲੈਣ ਵੇਲੇ ਮੂੰਹ ਇਤਨਾ ਖੋਲ੍ਹ ਲੈਂਦੇ ਹਨ, ਜਿਵੇਂ ਬੰਦ ਕਿਸੇ ਹੋਰ ਨੇ ਆ ਕੇ ਕਰਨਾ ਹੋਵੇ।

ਪ੍ਰੇਮੀ-ਪ੍ਰੇਮਿਕਾ ਬੜੀਆਂ ਗੱਲਾਂ ਕਰਦੇ ਹਨ, ਕਿਉਂਕਿ ਉਹ ਆਪਣੀ ਮਹਿਮਾ ਸੁਣਨ ਤੋਂ ਹਟਦੇ ਹੀ ਨਹੀਂ।

ਤਾਕਤ ਝੁਕਾਉਂਦੀ ਹੈ, ਤਰਕ ਮਨਾਉਂਦਾ ਹੈ।

ਪੁੱਤਰ, ਪਿਓ ਵਰਗਾ ਹੋਵੇ ਤਾਂ ਇਹ ਜੀਵ-ਵਿਗਿਆਨ ਹੈ, ਪਰ ਜੇ ਗਵਾਂਢੀ ਵਰਗਾ ਹੋਵੇ ਤਾਂ ਇਹ ਸਮਾਜ-ਵਿਗਿਆਨ ਹੈ।



Scanned by CamScanner

ਜਿਸ ਸਿੱਖਿਆ ਵਿਚੋਂ ਵਿਚਾਰ ਨਹੀਂ ਉਪਜਦੇ, ਉਹ ਸਿੱਖਿਆ ਬੇਕਾਰ ਹੈ; ਜਿਨ੍ਹਾਂ ਵਿਚਾਰਾਂ ਵਿਚੋਂ ਹਿੰਮਤ ਅਤੇ ਯੋਗਤਾ ਨਹੀਂ ਉਪਜਦੀ, ਉਹ ਵਿਚਾਰ ਕਿਸੇ ਕੰਮ ਨਹੀਂ ਆਉਂਦੇ।

ਬਹਿਸ ਮਰਦਾਨਾ ਵਰਤਾਰਾ ਹੈ, ਗੱਲਬਾਤ ਜ਼ਨਾਨਾ ਵਰਤਾਰਾ ਹੈ।

ਜੋ ਮੁਫ਼ਤ ਹੈ, ਉਹ ਉਪਦੇਸ਼ ਹੁੰਦਾ ਹੈ; ਜੋ ਪੈਸੇ ਦੇ ਕੇ ਲਿਆ ਜਾਵੇ, ਉਹ ਮਸ਼ਵਰਾ ਹੁੰਦਾ ਹੈ; ਜੋ ਫ਼ੀਸ ਅਦਾ ਕਰਕੇ ਮਿਲੇ, ਉਸਨੂੰ ਸਿੱਖਿਆ ਕਹਿੰਦੇ ਹਨ।

ਸ਼ੈਂਪਨ ਜੇਤੂਆਂ ਲਈ ਹੁੰਦੀ ਹੈ, ਹਾਰਿਆਂ ਲਈ ਸ਼ਰਾਬ ਹੁੰਦੀ ਹੈ।

ਆਪਣੇ ਡਰਪੋਕਪੁਣੇ ਨੂੰ ਸਾਵਧਾਨੀ ਕਿਹਾ ਜਾਂਦਾ ਹੈ, ਦੂਜਿਆਂ ਦੀ ਸਾਵਧਾਨੀ ਨੂੰ ਡਰਪੋਕਪੁਣਾ ਕਿਹਾ ਜਾਂਦਾ ਹੈ।

ਬਚਪਨ ਵਿਚ ਮਨੁੱਖ ਸ਼ੀਸ਼ੇ ਵਿਚ ਅਜੀਬ-ਅਜੀਬ ਸ਼ਕਲਾਂ ਬਣਾਉਂਦਾ ਹੈ, ਬੁਢਾਪੇ ਵਿਚ ਸ਼ੀਸ਼ਾ ਅਜੀਬ-ਅਜੀਬ ਸ਼ਕਲਾਂ ਵਿਖਾਉਂਦਾ ਹੈ।

ਜਵਾਨੀ ਭਵਿੱਖ ਵੱਲ ਵੇਖਦੀ ਹੈ, ਬੁਢਾਪਾ ਅਤੀਤ ਵੱਲ ਵੇਖਦਾ ਹੈ; ਅਧਖੜ ਉਮਰ ਵਿਚ ਸੁਝਦਾ ਨਹੀਂ ਕਿ ਕੀ ਵੇਖੀਏ ਅਤੇ ਕਿਧਰ ਵੇਖੀਏ।

ਡਾਕਟਰ ਦਾ ਸੰਬੰਧ ਸਾਡੇ ਭਵਿੱਖ ਨਾਲ ਹੁੰਦਾ ਹੈ ਅਤੇ ਮਨੋਵਿਗਿਆਨੀ ਦਾ ਸਾਡੇ ਅਤੀਤ ਨਾਲ।

ਕਿਉਂ, ਕਿਵੇਂ, ਕਿਥੇ, ਕਦੋਂ ਆਦਿ ਪ੍ਰਸ਼ਨ ਬੌਧਿਕ ਬੇਚੈਨੀ ਦੇ ਸੂਚਕ ਹੁੰਦੇ ਹਨ।

ਜੇ ਪਿਤਾ ਗਰੀਬ ਹੈ ਤਾਂ ਇਹ ਤੁਹਾਡੀ ਕਿਸਮਤ ਹੈ, ਜੇ ਸਹੁਰਾ ਗਰੀਬ ਹੈ ਤਾਂ ਇਹ ਤੁਹਾਡੀ ਬਦਕਿਸਮਤੀ ਹੈ।

ਵਿਧਵਾ ਦੇ ਹੰਝੂ ਮੁੱਕ ਜਾਂਦੇ ਹਨ, ਪਰ ਰੋਣਾ ਜਾਰੀ ਰਹਿੰਦਾ ਹੈ।

ਧਰਮ ਦੀ ਦ੍ਰਿਸ਼ਟੀ ਤੋਂ, ਮਨੁੱਖ-ਜਾਤੀ ਸਦਾ ਹੀ ਸੰਕਟ ਵਿਚ ਰਹੀ ਹੈ।

ਕੁਝ ਖਰੀਦਣ ਲੱਗਿਆਂ, ਮੁੱਲ ਵਸਤ ਦਾ ਨਹੀਂ, ਲੋੜ ਦਾ ਦਿੱਤਾ ਜਾਂਦਾ ਹੈ।

ਹੁਣ ਤਲਾਕ ਮਿਲਣ 'ਤੇ ਉਵੇਂ ਖ਼ੁਸ਼ੀ ਮਨਾਈ ਜਾਂਦੀ ਹੈ, ਜਿਵੇਂ ਦੂਜੇ ਵਿਆਹ 'ਤੇ ਮਨਾਉਂਦੇ ਹਨ।

ਜੇ ਹੁਣ ਕਾਲਜ ਵਿਚ ਕਿਸੇ ਵਿਦਿਆਰਥੀ ਨੇ ਕਿਤਾਬ ਚੁੱਕੀ ਹੋਵੇ ਤਾਂ ਉਹ ਨਾਲੰਦਾ ਅਤੇ ਟੈਕਸਲਾ ਦੇ ਜ਼ਮਾਨੇ ਦਾ ਲੱਗਦਾ ਹੈ।



ਜਦੋਂ ਮਾਯੂਸ ਹੋਵੋ, ਹਸਪਤਾਲ ਜਾਓ, ਜਦੋਂ ਬਹੁਤ ਮਾਯੂਸ ਹੋਵੋ ਤਾਂ ਸ਼ਮਸ਼ਾਨਘਾਟ ਜਾਓ, ਸ਼ਾਂਤ ਹੋ ਕੇ ਮੁੜੋਗੇ।

ਉਦਾਸੀ ਦਾ ਵੀ ਨਸ਼ਾ ਹੁੰਦਾ ਹੈ, ਕਈ ਇਹ ਨਸ਼ਾ ਤਿਆਗਦੇ ਹੀ ਨਹੀਂ।

ਜਦੋਂ ਇਸਤਰੀ ਨਾਲ ਕੋਈ ਸੰਕਟ ਵਾਪਰਦਾ ਹੈ ਤਾਂ ਉਸ ਦੇ ਵਾਲ ਉਲਝੇ ਹੋਏ ਅਤੇ ਉਸ ਦਾ ਲਿਬਾਸ ਬੇਢੰਗਾ ਹੋ ਜਾਂਦਾ ਹੈ।

ਕਰੂਪਤਾ ਦੇ ਯੁੱਗ ਵਿਚ, ਸ਼ੋਰ ਨੂੰ ਸੰਗੀਤ ਕਿਹਾ ਜਾਂਦਾ ਹੈ।

ਆਦਰਸ਼ਵਾਦੀ ਹੋਏ ਬਿਨਾਂ, ਪਿਆਰ ਨਹੀਂ ਕੀਤਾ ਜਾ ਸਕਦਾ।

ਇਕ ਸ਼ਕਲ ਪਤਨੀ ਦੀ ਹੁੰਦੀ ਹੈ, ਇਕ ਸ਼ਕਲ ਬੱਚਿਆਂ ਦੀ ਮਾਂ ਦੀ ਹੁੰਦੀ ਹੈ; ਤੁਹਾਨੂੰ ਕਿਹੜੀ ਪਸੰਦ ਹੈ?

ਯੁੱਧ ਵਾਂਗ, ਸੰਭੋਗ ਵਿਚ ਵੀ ਦੋਵੇਂ ਧਿਰਾਂ, ਆਪਣੀ ਸਾਰੀ ਸ਼ਕਤੀ ਅਤੇ ਸਾਰੇ ਯੰਤਰ ਝੋਕ ਦਿੰਦੀਆਂ ਹਨ।

ਭੋਜਨ ਆਦਰ-ਭਾਵ ਨਾਲ ਖਾਓ, ਵਧੇਰੇ ਰੱਜ ਦੇਵੇਗਾ।

ਖ਼ੁਸ਼ਹਾਲ ਦੇਸ਼ਾਂ ਦੇ ਕਬਰਸਤਾਨ ਸੈਰਗਾਹਾਂ ਵੀ ਹੁੰਦੇ ਹਨ, ਜਿਥੇ ਵਿਸ਼ੇਸ਼ ਦਿਨਾਂ 'ਤੇ ਲੋਕ ਰਾਤ ਵੇਲੇ ਮੋਮਬੱਤੀਆਂ ਬਾਲਦੇ ਹਨ ਅਤੇ ਇੰਝ ਲੱਗਦਾ ਹੈ, ਜਿਵੇਂ ਉਥੇ ਰਹਿਣ ਵਾਲੇ, ਆਪਣਾ-ਆਪਣਾ ਮਰਨ-ਦਿਹਾੜਾ ਮਨਾ ਰਹੇ ਹੋਣ।

ਸੰਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ।

ਪਿਆਰ ਉਦੋਂ ਤਕ ਹੀ ਮਾਣਨਯੋਗ ਰਹਿੰਦਾ ਹੈ, ਜਦੋਂ ਤਕ ਇਹ ਗੁਪਤ ਰਹਿੰਦਾ ਹੈ; ਨਸ਼ਰ ਹੋਣ ਨਾਲ ਇਹ ਬੋਝਲ ਹੋਣ ਲੱਗ ਪੈਂਦਾ ਹੈ ਅਤੇ ਇਸ ਦਾ ਬੋਝ ਚੁੱਕਣਾ ਸੰਭਵ ਨਹੀਂ ਰਹਿੰਦਾ।

ਫੇਲ੍ਹ ਹੋਏ ਵਿਦਿਆਰਥੀਆਂ ਨੂੰ, ਜਦੋਂ ਕਿਸੇ ਲਾਇਕ ਵਿਦਿਆਰਥੀ ਦੇ ਫੇਲ੍ਹ ਹੋਣ ਦਾ ਪਤਾ ਲਗਦਾ ਹੈ ਤਾਂ ਉਨ੍ਹਾਂ ਨੂੰ ਆਪਣੀ ਗੁਆਚੀ ਇੱਜ਼ਤ ਬਹਾਲ ਹੋ ਗਈ ਪ੍ਰਤੀਤ ਹੁੰਦੀ ਹੈ।

ਪਲੈਟੋ ਦਾ ਮੱਤ ਸੀ ਕਿ ਪਹਿਲਾਂ ਪੁਰਸ਼-ਇਸਤਰੀ ਜੁੜੇ ਹੋਏ ਸਨ, ਪਰਮਾਤਮਾ ਨੇ ਵੱਖ-ਵੱਖ ਕਰ ਦਿੱਤੇ, ਉਦੋਂ ਤੋਂ ਦੋਵੇਂ, ਦੂਜੇ ਅੱਧ ਲਈ ਭਟਕ ਰਹੇ ਹਨ, ਵੱਖਰਾ ਹੋਇਆ ਅੱਧ ਨਹੀਂ ਮਿਲਦਾ, ਹੋਰ-ਹੋਰ ਅੱਧ ਮਿਲੀ ਜਾਂਦੇ ਹਨ, ਸੋ ਭਟਕਣ ਜਾਰੀ ਰਹਿੰਦੀ ਹੈ।



Scanned by CamScanner

ਜੇ ਸਾਰੀ ਜ਼ਿੰਦਗੀ ਗੈਰ-ਜ਼ਿੰਮੇਵਾਰੀ ਨਾਲ ਜੀਣ ਵਾਲੇ ਪਤੀ ਦਾ ਭੋਗ ਪੈ ਹੋਵੇ ਤਾਂ ਸ਼ਰਧਾਂਜਲੀਆਂ ਵਿਚ ਪ੍ਰਸੰਸਾ ਪਤਨੀ ਦੀ ਹੀ ਹੋਵੇਗੀ।

ਜੇ ਕੋਈ ਚੰਗਾ ਲੱਗਣੋ ਹਟ ਜਾਵੇ ਤਾਂ ਉਸ ਦੀਆਂ ਚਿੱਠੀਆਂ ਅਤੇ ਸੁਨੇਹੇ ਸਮਝ ਆਉਣੋਂ ਹਟ ਜਾਂਦੇ ਹਨ।

ਸਾੜਾ ਹਮੇਸ਼ਾਂ ਸਮਰੱਥ ਅਤੇ ਯੋਗ ਵਿਅਕਤੀਆਂ ਨਾਲ ਹੀ ਕੀਤਾ ਜਾਂਦਾ ਹੈ।

ਸਵਰਗ ਵਿਚੋਂ ਮਨੁੱਖ ਕੱਢਿਆ ਗਿਆ ਸੀ, ਜਾਨਵਰ-ਪੰਛੀ ਆਦਿ ਨਹੀਂ; ਇ ਕਰਕੇ ਮਨੁੱਖ ਦੁਖੀ ਹੈ, ਜਾਨਵਰ-ਪੰਛੀ ਹੁਣ ਵੀ ਸਵਰਗ ਵਿਚ ਹੀ ਹਨ।

ਵਿਸ਼ਵਾਸ ਕਰਨ ਵਾਲਿਆਂ ਲਈ, ਪਰਮਾਤਮਾ ਹਰ ਜੰਦਰੇ ਦੀ ਕੁੰਜੀ ਹੈ।

ਦੂਜਿਆਂ ਲਈ ਜਿਊਣ ਵਾਲੇ ਹੀ ਜਿਊਂਦੇ ਹਨ, ਬਾਕੀ ਸਾਰੇ ਮਰਨ ਦੀ ਉਡੀਕ ਹੀ ਕਰਦੇ ਹਨ।

ਦੁੱਖ ਪੱਕੇ ਪੁਲ ਹੁੰਦੇ ਹਨ, ਸੁੱਖ ਵਹਿੰਦੇ ਪਾਣੀਆਂ ਵਾਂਗ ਆ ਕੇ ਲੰਘ ਜਾਂਦੇ ਹਨ।

ਹੋਰ ਅਨੁਭਵਾਂ ਨਾਲੋਂ ਪਿਆਰ ਦੇ ਅਨੁਭਵ ਦਾ ਵੱਖਰੇਵਾਂ ਇਹ ਹੈ ਕਿ ਪਿਆਰ ਸਦੀਵੀ ਯਾਦਾਂ ਉਸਾਰਦਾ ਹੈ।

ਜੇ ਗਰੀਬਾਂ ਨੂੰ ਉਪਯੋਗੀ ਸਿੱਖਿਆ ਦਿੱਤੀ ਜਾਵੇ ਤਾਂ ਉਹ ਆਪਣੀ ਅਮੀਰੀ ਆਪੇ ਲੱਭ ਲੈਣਗੇ।

ਅਹੁਦਿਆਂ ਦੇ ਚਾਹਵਾਨ ਹੋਰਾਂ ਨੂੰ ਵੀ ਅਹੁਦਿਆਂ ਦੀ ਰੋਸ਼ਨੀ ਵਿਚ ਹੀ ਵੇਖਦੇ-ਪਰਖਦੇ ਹਨ।

ਜੇ ਹਾਰਨ ਵਾਲਾ ਹਾਰਨ ਦੇ ਬਾਵਜੂਦ ਮੁਸਕਰਾਉਂਦਾ ਰਹੇ ਤਾਂ ਜਿੱਤਣ ਵਾਲੇ ਦੀ ਜਿੱਤ ਫਿੱਕੀ ਪੈ ਜਾਂਦੀ ਹੈ।

ਜੇ ਤੁਸੀਂ ਕੁਝ ਦੇਣਾ ਹੈ ਤਾਂ ਦੇਣ ਦਾ ਢੰਗ ਬੱਦਲਾਂ ਵਾਲਾ ਹੋਣਾ ਚਾਹੀਦਾ ਹੈ।

ਇਸਲਾਮ ਬਹੁਤ ਉਦਾਰ ਹੈ, ਪਰ ਮੁਸਲਮਾਨਾਂ ਦਾ ਨਜ਼ਰੀਆ ਬੜਾ ਤੰਗ ਹੈ।

ਆਪਣੇ ਦੁਸ਼ਮਣਾਂ-ਵਿਰੋਧੀਆਂ ਨੂੰ, ਉਨ੍ਹਾਂ ਵਰਗਾ ਹੀ ਵਿਹਾਰ ਕਰਕੇ ਨਹੀਂ ਜਿੱਤਿਆ ਜਾ ਸਕਦਾ।

ਜੇ ਤੁਸੀਂ ਕਿਸੇ ਨੂੰ ਖ਼ਤ ਲਿਖਣ ਤੋਂ ਪਹਿਲਾਂ ਹੀ ਜਵਾਬ ਉਡੀਕਣ ਲੱਗ ਪਏ ਹੋ ਤਾਂ ਸਮਝਣਾ ਤੁਹਾਨੂੰ ਪਿਆਰ ਹੋ ਗਿਆ ਹੈ।



ਸਭ ਤੋਂ ਵੱਧ ਨਸ਼ਾ ਆਪਣੇ ਧੀਆਂ-ਪੁੱਤਰਾਂ ਦੀ ਪ੍ਰਸੰਸਾ ਸੁਣਨ ਨਾਲ ਚੜ੍ਹਦਾ ਹੈ।

ਭਾਰਤ ਵਿਚ ਬ੍ਰਾਹਮਣ ਦਾ ਕਰਤੱਵ ਗਿਆਨ ਦੇ ਖ਼ਜ਼ਾਨੇ ਲੁਟਾਉਣਾ ਸੀ, ਪਰ ਬ੍ਰਾਹਮਣ ਗਿਆਨ 'ਤੇ ਹੀ ਕਾਬਜ਼ ਹੋ ਗਿਆ ਅਤੇ ਭਾਰਤ ਰੁਕ ਗਿਆ।

ਸੰਤਾਨ ਲਈ, ਮਾਂ ਤੋਂ ਬਿਨਾਂ ਜੀਵਨ ਸੁੰਨਾ ਅਤੇ ਸੰਸਾਰ ਫਿੱਕਾ ਹੋ ਜਾਂਦਾ ਹੈ।

ਪਰਿਵਰਤਨ ਉਸ ਵਿਚ ਹੀ ਵਾਪਰਦਾ ਹੈ, ਜੋ ਸੀਮਤ ਹੈ, ਵਿਸ਼ਾਲ ਵਿਚ ਵਿਕਾਸ ਵਾਪਰਦਾ ਹੈ।

ਸ਼ਰਧਾ ਇਹ ਨਹੀਂ ਕਹਿੰਦੀ ਕਿ ਤਿਆਗ ਕਰੋ, ਸ਼ਰਧਾ ਕਹਿੰਦੀ ਹੈ ਪਿਆਰ ਕਰੋ, ਤਿਆਗਣਯੋਗ ਆਪੇ ਤਿਆਗਿਆ ਜਾਵੇਗਾ।

ਜੇ ਗਰੀਬ ਸਕੂਲਾਂ ਵਿਚ ਨਹੀਂ ਆ ਸਕਦੇ ਤਾਂ ਸਕੂਲ ਗਰੀਬਾਂ ਕੋਲ ਜਾਣੇ ਚਾਹੀਦੇ ਹਨ; ਖੇਤਾਂ ਵਿਚ, ਕਾਰਖਾਨਿਆਂ ਵਿਚ, ਝੁੱਗੀਆਂ ਵਿਚ, ਬਸਤੀਆਂ ਵਿਚ।

ਹਨੇਰਾ ਕਹਿੰਦਾ ਹੈ: ਸੂਰਜ ਮੈਨੂੰ ਪਰੇਸ਼ਾਨ ਕਰਦਾ ਹੈ, ਸੂਰਜ ਕਹਿੰਦਾ ਹੈ: ਮੈਂ ਤਾਂ ਹਨੇਰੇ ਨੂੰ ਜਾਣਦਾ ਹੀ ਨਹੀਂ।

ਅਸਲੀ ਮਦਦ ਉਹ ਹੁੰਦੀ ਹੈ, ਜਿਹੜੀ ਬਿਮਾਰੀ ਅਤੇ ਮੁਸੀਬਤ ਵਿਚ ਕੀਤੀ ਜਾਵੇ।

ਚੰਗੇ ਵਿਅਕਤੀ ਆਪਣੇ ਚੰਗੇ ਵਿਹਾਰ ਨਾਲ ਆਪਣੇ ਸਾਰੇ ਪਰਿਵਾਰ ਲਈ ਸਤਿਕਾਰ ਜਿੱਤ ਲੈਂਦੇ ਹਨ।

ਗਰੀਬ ਉਹ ਹੈ, ਜਿਹੜਾ ਮਹਿਮਾਨ ਨਾਲ ਦੁਰਵਿਹਾਰ ਕਰਦਾ ਹੈ।

ਦਾਨ ਉਹ ਹੁੰਦਾ ਹੈ, ਜਿਹੜਾ ਕਿਸੇ ਲੋੜਵੰਦ ਨੂੰ ਦਿੱਤਾ ਜਾਵੇ; ਬਾਕੀ ਸਾਰੇ ਕਰਜ਼ੇ ਅਤੇ ਉਧਾਰ ਹੁੰਦੇ ਹਨ।

ਪੁਰਸ਼, ਪ੍ਰਸ਼ਨ-ਚਿੰਨ੍ਹ ਹੁੰਦਾ ਹੈ; ਇਸਤਰੀ, ਵਿਸਮਿਕ-ਚਿੰਨ੍ਹ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮ ਢਾਈ ਹਜ਼ਾਰ ਵਾਰੀ, ਹਰਿ ਅੱਠ ਹਜ਼ਾਰ ਵਾਰੀ, ਪ੍ਰਮੇਸ਼ਰ ਸੌ ਵਾਰੀ, ਨਰਾਇਣ ਅੱਸੀ ਵਾਰੀ ਨਾਲੋਂ ਵੱਧ ਦਰਜ ਹੈ, ਵਾਹਿਗੁਰੂ ਕੇਵਲ ਛਤਾਲੀ ਵਾਰ ਦਰਜ ਹੈ, ਪਰ ਫਿਰ ਵੀ ਇਸ ਨੂੰ ਸਿੱਖਾਂ ਦਾ ਗ੍ਰੰਥ ਕਿਹਾ ਜਾਂਦਾ ਹੈ।

ਕਿਸੇ ਵੀ ਵਿਅਕਤੀ ਨੂੰ ਉਸ ਦੇ ਔਗੁਣਾਂ ਦੇ ਅਧਾਰ 'ਤੇ ਮਾਪਣਾ, ਮਾਪਣ ਵਾਲੇ ਦਾ ਔਗੁਣ ਹੁੰਦਾ ਹੈ।

ਸ਼ਾਂਤ ਹੋਣਾ ਸਿਆਣਪ ਦਾ ਗੁਣ ਹੈ, ਮੂਰਖ ਕਦੇ ਸ਼ਾਂਤ ਨਹੀਂ ਹੁੰਦੇ।



Scanned by CamScanner

ਜੋ ਆਪਣੀ ਮਾਂ ਦਾ ਫ਼ਿਕਰ ਨਹੀਂ ਕਰਦਾ, ਉਹ ਜੀਵਨ ਵਿਚ ਕਿਸੇ ਔਰਤ ਦਾ ਸਤਿਕਾਰ ਨਹੀਂ ਕਰੇਗਾ।

ਗੀਤਾਂ ਤੋਂ ਬਿਨਾਂ, ਸੱਭਿਆਚਾਰ ਦੀ ਹੋਂਦ ਨਹੀਂ ਹੁੰਦੀ।

ਸਵਾਦ ਵਿਚ ਸਭ ਤੋਂ ਵਧੇਰੇ ਯੋਗਦਾਨ ਲੂਣ ਦਾ ਹੁੰਦਾ ਹੈ, ਪਰ ਵਧੇਰੇ ਲੂਣ ਸਵਾਦ ਨੂੰ ਮਾਰ ਦਿੰਦਾ ਹੈ।

ਬੱਚਿਆਂ ਨੂੰ ਘੰਟੀਆਂ ਚੰਗੀਆਂ ਲੱਗਦੀਆਂ ਹਨ ਅਤੇ ਸਭ ਤੋਂ ਚੰਗੀ ਲੱਗਦੀ ਹੈ ਛੁੱਟੀ ਦੀ ਘੰਟੀ; ਮਗਰੋਂ ਜੀਵਨ ਵਿਚ ਘੰਟੀ ਤਾਂ ਨਹੀਂ ਵਜਦੀ, ਪਰ ਛੁੱਟੀ ਚੰਗੀ ਲੱਗਦੀ ਰਹਿੰਦੀ ਹੈ।

ਜਿਸ ਨੂੰ ਸਮੁੰਦਰ ਸੋਹਣਾ ਨਹੀਂ ਲੱਗਦਾ, ਉਹ ਆਪ ਵੀ ਸੋਹਣਾ ਨਹੀਂ ਹੁੰਦਾ; ਜਿਸ ਨੂੰ ਚੰਨ ਸੋਹਣਾ ਨਹੀਂ ਲੱਗਦਾ, ਉਹ ਆਪ ਵੀ ਸੋਹਣੀ ਨਹੀਂ ਹੋ ਸਕਦੀ।

ਕੰਮ ਕਰਨ ਦੀ ਇੱਛਾ, ਅੱਧਾ ਕੰਮ ਪਹਿਲਾਂ ਹੀ ਮੁਕਾ ਦਿੰਦੀ ਹੈ।

ਅੰਨ੍ਹੇ ਬੰਦੇ ਨੂੰ ਲੁੱਟਣਾ, ਬੇਸ਼ਰਮੀ ਦੀ ਸਿਖ਼ਰ ਹੀ ਹੋ ਸਕਦੀ ਹੈ।

ਜੀਵਨ ਅਤੇ ਕੁਦਰਤ ਵਿਚ ਜੋ ਵੀ ਕਦੇ ਵਾਪਰਿਆ ਹੈ, ਉਹ ਮੁੜ ਵੀ ਵਾਪਰ ਸਕਦਾ ਹੈ ਅਤੇ ਮੁੜ ਵੀ ਵਾਪਰੇਗਾ।

ਭੋਗ-ਰੋਗ-ਯੋਗ ਇਕੋ ਵੇਲੇ ਸੰਭਵ ਨਹੀਂ ਹੁੰਦੇ।

ਪ੍ਰਕਾਸ਼ ਅਤੇ ਗਿਆਨ ਲਈ ਪ੍ਰਾਰਥਨਾ ਹੀ, ਸੱਚੀ ਪ੍ਰਾਰਥਨਾ ਹੁੰਦੀ ਹੈ; ਬਾਕੀ ਸਭ ਪ੍ਰਾਰਥਨਾਵਾਂ ਸੁਆਰਥ ਤੋਂ ਪ੍ਰੇਰਿਤ ਹੁੰਦੀਆਂ ਹਨ।

ਕਈ ਨਜ਼ਾਰੇ ਇਤਨੇ ਸੋਹਣੇ ਹੁੰਦੇ ਹਨ ਕਿ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਹੀਂ ਆਉਂਦਾ।

ਪੁੱਤਰ ਪਲਦੇ ਹਨ, ਧੀਆਂ ਵੱਡੀਆਂ ਹੁੰਦੀਆਂ ਹਨ।

ਪੁਰਾਣੇ ਜ਼ਮਾਨੇ ਵਿਚ ਚੁੱਲ੍ਹਾ ਘਰ ਦਾ ਦਿਲ ਅਤੇ ਖੂਹ ਪਿੰਡ ਦੀ ਧੜਕਣ ਹੋਇਆ ਕਰਦਾ ਸੀ।

ਭਾਰਤ ਵਿਚ ਭਿਖਸ਼ੂ ਨੂੰ ਰਾਜਕੁਮਾਰ ਨਾਲੋਂ ਉੱਚਾ ਸਮਝਿਆ ਜਾਂਦਾ ਹੈ, ਕਿਉਂਕਿ ਸਭ ਤੋਂ ਪਹਿਲਾ ਭਿਖਸ਼ੂ, ਪਹਿਲਾਂ ਰਾਜਕੁਮਾਰ ਸੀ।

ਪੈਸੇ ਦੀ ਘਾਟ ਅਤੇ ਬਹੁਤਾਤ ਦੋਹਾਂ ਨਾਲ ਕਲੇਸ਼ ਉਪਜਦਾ ਹੈ।



ਜੇ ਸਥਿਤੀ ਨਹੀਂ ਬਦਲ ਰਹੀ ਤਾਂ ਸੰਕੇਤ ਸਮਝੋ ਅਤੇ ਆਪ ਬਦਲੋ।

ਚੀਚੀ ਬੜੀ ਛੋਟੀ ਹੁੰਦੀ ਹੈ, ਪਰ ਇਸ ਦੇ ਸਹਿਯੋਗ ਤੋਂ ਬਿਨਾਂ ਹੱਥ, ਘਸੁੰਨ ਨਹੀਂ ਬਣਦਾ।

ਦਰਜ਼ੀ ਅਕਸਰ ਗਾਹਕ ਦਾ ਨਾਪ ਲੈਂਦਾ ਹੈ, ਪਰ ਕਿਸੇ-ਕਿਸੇ ਗਾਹਕ ਦਾ ਉਸ ਨੂੰ ਨਕਸ਼ਾ ਵੀ ਬਣਾਉਣਾ ਪੈਂਦਾ ਹੈ।

ਜੇ ਪਰਸਪਰ ਵਿਸ਼ਵਾਸ ਮੁੱਕ ਜਾਵੇ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਹੀ ਵੱਡੇ ਝਗੜੇ ਬਣ ਜਾਂਦੀਆਂ ਹਨ।

ਉਸ ਨਾਲ ਦੋਸਤੀ ਕਰੋ, ਜਿਹੜਾ ਤੁਹਾਡੇ ਨਾਲੋਂ ਸਿਆਣਾ ਹੋਵੇ, ਜਿਹੜਾ ਤੁਹਾਨੂੰ ਝਿੜਕ ਸਕੇ।

ਮਹਾਨ ਸਾਹਿਤ, ਇਨਸਾਨੀਅਤ ਦਾ ਇਲਮ ਹੁੰਦਾ ਹੈ।

ਮਹਾਨਤਾ ਉਨ੍ਹਾਂ ਨੂੰ ਮਿਲਦੀ ਹੈ, ਜਿਹੜੇ ਇਸ ਦੇ ਯੋਗ ਹੋਣ, ਪਰ ਇਸ ਦੇ ਚਾਹਵਾਨ ਨਾ ਹੋਣ।

ਕਈਆਂ ਦਾ ਜ਼ੁਲਮ ਉਨ੍ਹਾਂ ਦੇ ਨਾਵਾਂ ਨਾਲੋਂ ਵੀ ਵਧੇਰੇ ਬਦਨਾਮ ਹੋ ਜਾਂਦਾ ਹੈ।

ਪਰਿਵਰਤਨ ਨੇ ਵਾਪਰਨਾ ਹੀ ਹੈ, ਪਰਿਵਰਤਨ ਤੋਂ ਲਾਭ-ਨੁਕਸਾਨ ਉਠਾਉਣਾ ਸਾਡੀ ਤਿਆਰੀ 'ਤੇ ਨਿਰਭਰ ਕਰਦਾ ਹੈ।

ਸੱਭਿਅਤਾਵਾਂ ਦੇ ਕਤਲ ਨਹੀਂ ਹੁੰਦੇ, ਇਹ ਆਤਮਘਾਤ ਹੀ ਕਰਦੀਆਂ ਹਨ।

ਪਰਿਵਾਰਕ ਝਗੜੇ ਜ਼ਬਾਨ ਦੀ ਦੁਰਵਰਤੋਂ ਨਾਲ ਅਰੰਭ ਹੁੰਦੇ ਹਨ ਅਤੇ ਵਿਹਾਰ ਦੇ ਭੈੜੇ ਹੋਣ ਕਰਕੇ ਵਧਦੇ ਜਾਂਦੇ ਹਨ।

ਪੁੱਤਰ ਜਾਇਦਾਦ ਵੰਡਾਉਂਦੇ ਹਨ, ਦੁੱਖ ਧੀਆਂ ਹੀ ਵੰਡਾਉਂਦੀਆਂ ਹਨ।

ਜੇ ਉਦੇਸ਼-ਆਦਰਸ਼ ਉੱਚੇ ਹੋਣ ਤਾਂ ਅਸਫ਼ਲ ਹੋਣ ਦੇ ਬਾਵਜੂਦ, ਸਿਕੰਦਰ ਅਤੇ ਨੈਪੋਲੀਅਨ ਵਾਂਗ, ਸ਼ਾਨ-ਚਮਕ ਬਰਕਰਾਰ ਰਹਿੰਦੀ ਹੈ।

ਪੁਰਸ਼ ਅਤੇ ਇਸਤਰੀ ਇਕ-ਦੂਜੇ ਨੂੰ ਸੁਪਨੇ ਵੇਖਣੇ ਸਿਖਾ ਦਿੰਦੇ ਹਨ।

ਉਸਤਾਦ ਉਹ ਹੁੰਦਾ ਹੈ, ਜਿਹੜਾ ਅਸੰਭਵ ਨੂੰ ਸੰਭਵ ਬਣਾਉਣਾ ਦਸਦਾ ਹੈ।

ਪੁਰਸ਼ ਨੂੰ ਪਿਆਰ ਅਤੇ ਸੁੰਦਰਤਾ ਮਾਣਨ ਦੀ ਕਲਾ, ਇਸਤਰੀ ਸਿਖਾਉਂਦੀ ਹੈ।



Scanned by CamScanner

ਸਾਡੀ ਜ਼ਿੰਦਗੀ ਵਿਚ ਉਹੀ ਕੁਝ ਬਦਲਦਾ ਹੈ ਅਤੇ ਉਹੀ ਕੁਝ ਬਦਲੇਗਾ, ਜਿਸ ਨੂੰ ਬਦਲਣ ਦੀ ਜ਼ਿੰਮੇਵਾਰੀ ਅਸੀਂ ਆਪ ਚੁਕਦੇ ਹਾਂ।

ਇਸ ਸੰਸਾਰ ਵਿਚ ਮਹਾਂਪੁਰਸ਼ਾਂ ਵਾਸਤੇ ਕੋਈ ਥਾਂ ਨਹੀਂ ਹੈ; ਆਪਣੀ ਥਾਂ ਉਨ੍ਹਾਂ ਨੂੰ ਆਪ ਬਣਾਉਣੀ ਪੈਂਦੀ ਹੈ।

ਜ਼ਿੰਮੇਵਾਰੀ ਕਈਆਂ ਲਈ ਬੋਝ ਅਤੇ ਕਈਆਂ ਲਈ ਜੀਵਨ-ਉਦੇਸ਼ ਹੁੰਦੀ ਹੈ।

ਇਸਤਰੀ ਨਾਲ ਪਰਸਪਰ ਸਤਿਕਾਰ ਵਾਲੇ ਰਿਸ਼ਤੇ ਦੀ ਪੁਰਸ਼ ਨੇ ਅਜੇ ਤਕ ਚਾਸ਼ਨੀ ਨਹੀਂ ਚੱਖੀ।

ਕਿਸਮਤ ਨਿਰਧਾਰਤ ਕਰਦੀ ਹੈ ਕਿ ਅਸੀਂ ਕਿਹੜੀਆਂ ਹਾਲਤਾਂ ਵਿਚੋਂ ਗੁਜ਼ਰਾਂਗੇ, ਪਰ ਅਸੀਂ ਆਪ ਚੁਣਨਾ ਹੁੰਦਾ ਹੈ ਕਿ ਅਸੀਂ ਕਿਵੇਂ ਗੁਜ਼ਰਾਂਗੇ।

ਜਿਸ ਘਰ ਵਿਚ ਮਾਂ ਪ੍ਰਸੰਨ ਹੈ, ਉਥੇ ਕੋਈ ਉਦਾਸ ਨਹੀਂ ਹੋਵੇਗਾ।

ਉਤਸ਼ਾਹ ਅਤੇ ਪਿਆਰ ਨਾਲ ਨਿਤਾ-ਪ੍ਰਤੀ ਦਾ ਅਕਾਊ ਨਿਤ-ਨੇਮ ਲੋਪ ਹੋ ਜਾਂਦਾ ਹੈ; ਹਰ ਚੀਜ਼ 'ਤੇ ਨਵਾਂ ਰੰਗ ਚੜ੍ਹਦਾ ਹੈ ਅਤੇ ਹਰੇਕ ਦਿਨ ਇਕ ਦਿਲਚਸਪ ਮੁਹਿਮ ਬਣ ਜਾਂਦਾ ਹੈ।

ਸਫ਼ਲਤਾ, ਸਸਤੀ ਨਹੀਂ ਮਿਲਦੀ, ਪਰ ਇਹ ਇਤਨੀ ਮਹਿੰਗੀ ਵੀ ਨਹੀਂ ਮਿਲਦੀ ਕਿ ਲਈ ਹੀ ਨਾ ਜਾ ਸਕੇ।

ਹੁਣ ਅਸੀਂ ਬਹੁਤ ਲੋਕਾਂ ਨੂੰ ਜਾਣਦੇ ਹਾਂ, ਪਰ ਮਿਲਦੇ ਕਿਸੇ ਨੂੰ ਨਹੀਂ।

ਘਰ-ਪਰਿਵਾਰ ਵਿਚ ਵੀਹ ਪ੍ਰਤੀਸ਼ਤ ਜ਼ਿੰਮੇਵਾਰੀ ਮਿਲਦੀ ਹੈ, ਅੱਸੀ ਪ੍ਰਤੀਸ਼ਤ ਲਈ ਜਾਂਦੀ ਹੈ, ਸ਼ਤ-ਪ੍ਰਤੀਸ਼ਤ ਨਿਭਾਉਣੀ ਪੈਂਦੀ ਹੈ।

ਲਾਇਕ ਬੰਦਿਆਂ ਵਿਚ ਆਪਣੀ ਪ੍ਰਸੰਸਾ ਸੁਣਨ ਦੀ ਸੁਭਾਵਕ ਪ੍ਰਵਿਰਤੀ ਹੁੰਦੀ ਹੈ; ਨਾਲਾਇਕਾਂ ਵਿਚ ਆਪਣੀ ਪ੍ਰਸੰਸਾ ਆਪ ਹੀ ਕਰਨ ਦੀ ਆਦਤ ਸੁਭਾਵਕ ਹੁੰਦੀ ਹੈ।

ਨੀਵਾਂ ਉਹ ਹੈ, ਜੋ ਉੱਚੇ ਦੀ ਪਛਾਣ ਨਹੀਂ ਕਰ ਸਕਦਾ।

ਬਰਾਬਰੀ ਅਤੇ ਸਤਿਕਾਰ ਦੀ ਭਾਵਨਾ ਤੋਂ ਬਿਨਾਂ ਉਪਜਿਆ ਸਮਝੌਤਾ, ਬੜੀ ਭੈੜੀ ਕਿਸਮ ਦੀ ਦੁਸ਼ਮਣੀ ਬਣ ਜਾਂਦਾ ਹੈ।

ਟੈਲੀਫੋਨ ਦੇ ਮੁਕਾਬਲੇ, ਚਿੱਠੀ ਸ਼ਾਂਤ ਹੁੰਦੀ ਹੈ।



ਖ਼ੂਬਸੂਰਤ ਉਹ ਹੁੰਦਾ ਹੈ, ਜਿਸ ਦੇ ਜਾਣ ਮਗਰੋਂ ਉਸ ਨੂੰ ਫਿਰ ਵੇਖਣ ਦੀ ਤਾਂਘ ਵੱਧ ਜਾਵੇ।

ਜੇ ਸੌਦੇਬਾਜ਼ੀ ਨਾ ਕੀਤੀ ਜਾਵੇ ਤਾਂ ਦੁਕਾਨਦਾਰ ਅਤੇ ਗਾਹਕ ਇਕ-ਦੂਜੇ ਨੂੰ ਸ਼ਗਨ ਅਤੇ ਤੋਹਫ਼ੇ ਦਿੰਦੇ ਪ੍ਰਤੀਤ ਹੋਣਗੇ।

ਕਈਆਂ ਦੀ ਅਵਾਜ਼ ਵਿਚ ਮੁਸਕਰਾਹਟ ਹੁੰਦੀ ਹੈ, ਉਨ੍ਹਾਂ ਦੇ ਸ਼ਬਦ ਵੀ ਮੁਸਕਰਾਉਂਦੇ ਹਨ, ਉਨ੍ਹਾਂ ਦੇ ਕਾਰਜ ਹਰ ਕਿਸੇ ਨੂੰ ਪ੍ਰਸੰਨ ਕਰਦੇ ਹਨ।

ਜਵਾਨੀ ਵਿਚ ਮਰਨ ਵਾਲੇ ਕਵੀਆਂ, ਕਲਾਕਾਰਾਂ, ਯੋਧਿਆਂ, ਪ੍ਰੇਮੀਆਂ, ਸ਼ਹੀਦਾਂ ਆਦਿ ਬਾਰੇ ਬਹੁਤੇ ਵੇਰਵੇ ਨਹੀਂ ਹੁੰਦੇ, ਲੋਕ ਵੇਰਵੇ ਆਪਣੇ ਕੋਲੋਂ ਜੋੜ ਲੈਂਦੇ ਹਨ।

ਕਿਸੇ ਨਵੀਂ ਥਾਂ 'ਤੇ ਅਸੀਂ ਅਜ਼ਾਦੀ ਇਸ ਲਈ ਮਹਿਸੂਸ ਕਰਦੇ ਹਾਂ, ਕਿਉਂਕਿ ਕੋਈ ਸਾਨੂੰ ਅਤੇ ਅਸੀਂ ਕਿਸੇ ਨੂੰ ਤੋਲ-ਮਾਪ ਨਹੀਂ ਰਹੇ ਹੁੰਦੇ।

ਜੇ ਪ੍ਰੇਮੀ ਬੇਵਫ਼ਾ ਨਿਕਲੇ ਤਾਂ ਪ੍ਰੇਮਿਕਾ ਆਪਣੇ-ਆਪ 'ਤੇ ਸ਼ੱਕ ਕਰਨ ਲੱਗ ਪੈਂਦੀ ਹੈ।

ਮਨੁੱਖ ਦਾ ਦੁਖਾਂਤ ਇਹ ਹੈ ਕਿ ਉਹ ਸਾਰਾ ਜੀਵਨ ਚਤੁਰਾਈਆਂ-ਚਲਾਕੀਆਂ ਕਰਕੇ, ਬੁਢਾਪੇ ਵਿਚ ਭੋਲਾ ਅਤੇ ਸਾਊ ਬਣਨਾ ਚਾਹੁੰਦਾ ਹੈ।

ਜਿਹੜੇ ਲੇਖਕਾਂ ਨਾਲ ਅਸੀਂ ਸਹਿਮਤ ਨਹੀਂ ਹੁੰਦੇ, ਉਨ੍ਹਾਂ ਦਾ ਯੋਗਦਾਨ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਪੜ੍ਹ ਕੇ ਸਾਨੂੰ ਆਪਣੇ ਵਿਚਾਰਾਂ ਬਾਰੇ ਪਤਾ ਲੱਗ ਜਾਂਦਾ ਹੈ।

ਇਕ ਸੰਸਾਰ ਵਿਚ ਅਸੀਂ ਜਿਊਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ।

ਬਹੁਤ ਸੋਹਣੀਆਂ ਅੱਖਾਂ ਨੂੰ ਬਰਦਾਸ਼ਤ ਕਰਨਾ ਸੌਖਾ ਨਹੀਂ ਹੁੰਦਾ; ਉਨ੍ਹਾਂ ਨੂੰ ਵੇਖ ਕੇ ਸਾਨੂੰ ਆਪਣਾ ਆਪ ਦਿਸਣਾ ਬੰਦ ਹੋ ਜਾਂਦਾ ਹੈ।

ਕਈ ਚੀਜ਼ਾਂ ਇਸ ਕਰਕੇ ਸਾਡਾ ਧਿਆਨ ਖਿੱਚਦੀਆਂ ਹਨ, ਕਿਉਂਕਿ ਉਹ ਤਾਲ-ਮੇਲ ਤੋਂ ਉਖੜੀਆਂ ਹੁੰਦੀਆਂ ਹਨ।

ਜ਼ਿੰਦਗੀ ਵਿਚ ਕੁਝ ਅਨੁਭਵ ਇਕੱਲਿਆਂ, ਕੁਝ ਕਿਸੇ ਨਾਲ ਰੱਲ ਕੇ, ਕੁਝ ਕਈਆਂ ਨਾਲ ਮਿਲ ਕੇ ਅਤੇ ਕੁਝ ਕਈਆਂ ਨਾਲ ਲੜ ਕੇ ਪ੍ਰਾਪਤ ਕਰਨੇ ਹੁੰਦੇ ਹਨ।

ਕਮਾਉਣ ਦੇ ਢੰਗਾਂ ਨਾਲੋਂ ਵੀ ਵਧੇਰੇ ਖਰਚਣ ਦੀਆਂ ਆਦਤਾਂ, ਮਨੁੱਖ ਨੂੰ ਅਮੀਰ-ਗਰੀਬ ਬਣਾਉਂਦੀਆਂ ਹਨ।

ਜੇ ਕਾਲ-ਬੈੱਲ ਉੱਪਰ ਭਰਿੰਡਾਂ ਦਾ ਛੱਤਾ ਲੱਗਿਆ ਹੋਵੇ ਤਾਂ ਹਰ ਕੋਈ ਆਪਣੇ ਆਉਣ ਦੀ ਸੂਚਨਾ, ਵੱਖਰੇ ਢੰਗ ਨਾਲ ਦੇਵੇਗਾ।



Scanned by CamScanner

ਜੇ ਪਤਨੀ ਘਰ ਅੰਦਰ ਪਤੀ ਦੀ ਹਰ ਗੱਲ ਮੰਨਣ ਲੱਗ ਪਏ ਤਾਂ ਉਹ ਘਰ ਨਹੀਂ ਚਲਾ ਸਕਦੀ, ਕਿਉਂਕਿ ਉਸ ਨੇ ਬੱਚਿਆਂ ਦਾ ਵੀ ਧਿਆਨ ਰੱਖਣਾ ਹੁੰਦਾ ਹੈ।

ਨਿੰਦਕ ਨੂੰ ਦੂਜਿਆਂ ਦੀਆਂ ਗਲਤੀਆਂ ਦਾ ਨਸ਼ਾ ਚੜ੍ਹਦਾ ਹੈ।

ਬੱਚਿਆਂ ਨੂੰ ਪੈਸੇ ਕਮਾਉਣ ਅਤੇ ਖਰਚਣ ਦੀ ਜਾਚ ਮਾਪਿਆਂ ਨੇ ਆਪਣੀ ਮਿਸਾਲ ਨਾਲ ਸਿਖਾਉਣੀ ਹੁੰਦੀ ਹੈ।

ਮੂਰਖ ਵਾਸਤੇ ਸਰਦੀ ਠੰਡਾ ਮੌਸਮ ਹੀ ਹੁੰਦਾ ਹੈ; ਸਿਆਣਿਆਂ ਵਾਸਤੇ ਇਹ ਚੰਗੀਆਂ ਪੁਸਤਕਾਂ ਪੜ੍ਹਨ ਦਾ ਨਿੱਘਾ ਅਵਸਰ ਵੀ ਹੁੰਦਾ ਹੈ।

ਖ਼ੁਸ਼ ਰਹਿਣੇ ਲੋਕਾਂ ਨਾਲ ਵਪਾਰ ਕਰੋ, ਫੇਰ ਮੁਨਾਫ਼ਾ ਹੋਵੇਗਾ।

ਦਰਿਆ ਆਪਣਾ ਰਾਹ ਬਦਲਣ ਤੋਂ ਪਹਿਲਾਂ ਆਪਣਾ ਸੁਭਾਓ ਬਦਲਦਾ ਹੈ।

ਹਾਰਨ ਵਿਚ ਖਿਡਾਰੀਆਂ ਦਾ ਕੋਈ ਦੋਸ਼ ਨਹੀਂ ਹੁੰਦਾ; ਦੋਸ਼ ਉਨ੍ਹਾਂ ਵਿਚ ਹੁੰਦਾ ਹੈ, ਜਿਹੜੇ ਹਰ ਵਾਰੀ ਉਨ੍ਹਾਂ ਨੂੰ ਜਿੱਤਦੇ ਹੀ ਵੇਖਣਾ ਚਾਹੁੰਦੇ ਹਨ।

ਮਨੁੱਖ ਕਿਧਰੇ ਵੀ ਹੋਵੇ, ਉਹ ਝੱਟ ਦਰਜੇਬੰਦੀ ਸਿਰਜ ਲੈਂਦਾ ਹੈ।

ਸਫ਼ਲ ਵਿਅਕਤੀ ਵੀ ਕਈ ਮੌਕੇ ਗੁਆਉਂਦੇ ਹਨ, ਪਰ ਉਹ ਕੋਈ ਅਜਿਹਾ ਮੌਕਾ ਨਹੀਂ ਗੁਆਉਂਦੇ, ਜਿਹੜਾ ਸਫ਼ਲਤਾ ਲਈ ਲਾਜ਼ਮੀ ਹੋਵੇ।

ਜੇ ਚੰਗੇ ਅਤੇ ਮਹਿੰਗੇ ਹੋਟਲ ਵਿਚ ਰਹੋਗੇ ਤਾਂ ਉਥੋਂ ਦੀ ਸੇਵਾ ਬਾਰੇ ਤੁਹਾਡੇ ਪ੍ਰਸੰਨ ਅਤੇ ਪਰੇਸ਼ਾਨ ਹੋਣ ਦਾ ਪੱਧਰ ਵੀ ਉੱਚਾ ਤੇ ਮਹਿੰਗਾ ਹੋ ਜਾਵੇਗਾ।

ਹੁਣ ਅਸੀਂ ਸੰਸਾਰ ਨੂੰ ਟੈਲੀਵਿਜ਼ਨ ਦੀ ਮੋਰੀ ਰਾਹੀਂ ਵੇਖਦੇ ਹਾਂ।

ਸਾਡੇ ਲਈ ਸਧਾਰਨ ਜਿਹਾ ਦਿਹਾੜਾ, ਕਿਸੇ ਲਈ ਜ਼ਿੰਦਗੀ ਦਾ ਸਭ ਤੋਂ ਕੀਮਤੀ ਦਿਨ ਹੋ ਸਕਦਾ ਹੈ।

ਉਲੰਪਿਕਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਸਰਵੋਤਮ ਦੇ ਵਿਰੁੱਧ ਸਰਵੋਤਮ ਹੀ ਜੂਝਦੇ ਹਨ।

ਆਪਣੇ ਆਪ ਲਈ ਕੁਰਬਾਨੀ ਨਹੀਂ ਕੀਤੀ ਜਾਂਦੀ, ਮਿਹਨਤ ਹੀ ਕੀਤੀ ਜਾ ਸਕਦੀ ਹੈ, ਪਰ ਮਿਹਨਤ ਵਿਚ ਕੁਰਬਾਨੀ ਦੇ ਤੱਤ ਹੁੰਦੇ ਹਨ।

ਖੇਡਾਂ ਵਿਚ ਇਕ ਦੀ ਜਿੱਤ, ਕਈਆਂ ਦੀ ਹਾਰ 'ਤੇ ਉਸਰੀ ਹੁੰਦੀ ਹੈ।



ਹਰ ਸੰਕਟ ਵਿਚ ਔਰਤਾਂ ਵਧੇਰੇ ਜ਼ਿੰਮੇਵਾਰੀ ਚੁਕਦੀਆਂ ਹੀ ਨਹੀਂ, ਉਹ ਚੁਕੀ ਜ਼ਿੰਮੇਵਾਰੀ ਨੂੰ ਵਧੇਰੇ ਸੁਹਿਦਰਤਾ ਨਾਲ ਨਿਭਾਉਂਦੀਆਂ ਵੀ ਹਨ।

ਉਚੇਰ, ਦਿਖਾਵਾ, ਬਨਾਵਟ ਆਦਿ ਸੁੰਦਰਤਾ ਦੇ ਲੱਛਣ ਨਹੀਂ; ਸੁੰਦਰਤਾ ਦੇ ਲੱਛਣ ਸੁਭਾਵਕਤਾ, ਲੱਜਾ ਅਤੇ ਭੋਲਾਪਣ ਹਨ।

ਉਲੰਪਿਕਸ ਵਿਚ ਭਾਗ, ਇਸ ਚੇਤਨਾ ਨਾਲ ਲਿਆ ਜਾਂਦਾ ਹੈ ਕਿ ਜੇ ਹੁਣ ਨਹੀਂ ਤਾਂ ਕਦੇ ਨਹੀਂ।

ਕਈ ਇਤਨਾ ਅਨਿਆਇ ਕਰਦੇ ਹਨ ਕਿ ਲੋਕਾਂ ਦੀ ਪਛਾਣ ਹੀ ਖੋਹ ਲੈਂਦੇ ਹਨ।

ਰਾਜਨੀਤੀ ਵਿਚ ਸਖ਼ਤ ਮੁਕਾਬਲਾ ਹੈ, ਵਪਾਰ ਵਿਚ ਮੁਕਾਬਲਾ ਹੋਰ ਵੀ ਸਖ਼ਤ ਹੈ, ਖੇਡਾਂ ਵਿਚ ਮੁਕਾਬਲੇ ਤੋਂ ਸਿਵਾਇ ਕੁਝ ਹੈ ਹੀ ਨਹੀਂ।

ਦਿਖਾਵਾ ਕਰਨ ਵਾਲੀਆਂ ਇਸਤਰੀਆਂ, ਆਪਣੇ ਸ਼ਰਮਾਕਲ ਹੋਣ ਦਾ ਵੀ ਦਿਖਾਵਾ ਹੀ ਕਰਦੀਆਂ ਹਨ।

ਉਲਿੰਪਕਸ ਵਿਚ ਹੁਣ ਵੀ ਦੌੜ ਉਵੇਂ ਲਾਈ ਜਾਂਦੀ ਹੈ, ਜਿਵੇਂ ਸ਼ਿਕਾਰ ਯੁੱਗ ਵਿਚਲੇ ਅਨੇਕਾਂ ਬੰਦੇ, ਸ਼ਿਕਾਰ ਪਿੱਛੇ ਦੌੜ ਰਹੇ ਹੋਣ।

ਅਨਪੜ੍ਹ ਅਮੀਰ ਬੰਦੇ ਦਾ ਸਭ ਤੋਂ ਵੱਡਾ ਯੋਗਦਾਨ, ਉਸ ਵੱਲੋਂ ਅਨਪੜ੍ਹ ਮਾਪਿਆਂ ਦੇ ਬੱਚਿਆਂ ਲਈ, ਸਕੂਲ ਖੋਲ੍ਹਣਾ ਮੰਨਿਆ ਗਿਆ ਹੈ।

ਮੈਚ ਕੋਈ ਹੋਵੇ, ਇਕ ਟੀਮ ਸਾਡੀ ਹੋ ਜਾਂਦੀ ਹੈ।

ਇੰਗਲੈਂਡ ਨੇ ਖੇਡ ਦੇ ਮੈਦਾਨ ਵਿਚ ਸਿੱਖੇ ਮੁੱਲਵਾਨ ਅਤੇ ਵਿਹਾਰਕ ਸਬਕਾਂ ਨੂੰ ਵਰਤ ਕੇ, ਸੰਸਾਰ ਤੇ ਰਾਜ ਕੀਤਾ ਹੈ।

ਜੂਏ ਵਿਚ ਸਭ ਤੋਂ ਦਿਲਚਸਪ ਚੀਜ਼ ਜਿੱਤਣਾ ਹੁੰਦੀ ਹੈ; ਦੂਜੀ ਸਭ ਤੋਂ ਦਿਲਚਸਪ ਚੀਜ਼ ਹਾਰਨਾ ਹੁੰਦੀ ਹੈ, ਤੀਜੀ ਦਿਲਚਸਪ ਚੀਜ਼ ਕੋਈ ਨਹੀਂ ਹੁੰਦੀ।

ਜਿਹੜਾ ਪੱਤਰਕਾਰ ਬਰਾਬਰ ਰਹੇ ਮੈਚ ਨੂੰ ਦਿਲਚਸਪ ਢੰਗ ਨਾਲ ਪੇਸ਼ ਕਰੇ, ਉਹ ਸਫ਼ਲ ਪੱਤਰਕਾਰ ਕਹਾਉਂਦਾ ਹੈ।

ਉਨੀਂਦਰੇਪਣ ਨੂੰ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਯੋਗਤਾ ਨਾਲ ਬਰਦਾਸ਼ਤ ਕਰਦੀਆਂ ਹਨ, ਕਿਉਂਕਿ ਬੱਚਿਆਂ ਨੇ ਉਨ੍ਹਾਂ ਨੂੰ ਲੰਮੀ ਅਤੇ ਭਰਪੂਰ ਸਿਖਲਾਈ ਦਿੱਤੀ ਹੁੰਦੀ ਹੈ।

ਇਸਤਰੀ ਦੀ ਸਭ ਤੋਂ ਵੱਡੀ ਯੋਗਤਾ, ਪਰਿਵਾਰ ਨੂੰ ਜੋੜ ਕੇ ਰੱਖਣ ਦੀ ਹੁੰਦੀ ਹੈ।

ਹਰ ਟੀਮ ਅੰਦਰ ਦੋ ਟੀਮਾਂ ਹੁੰਦੀਆਂ ਹਨ; ਇਕ ਹਮਲਾ ਕਰਨ ਵਾਲੀ, ਇਕ ਬਚਾਓ ਕਰਨ ਵਾਲੀ।

ਬਹੁਤ ਡਰਾਉਣਾ ਸੁਪਨਾ, ਨੀਂਦਰ ਨੂੰ ਵੀ ਡਰਾ ਦਿੰਦਾ ਹੈ।

ਦਰਦ ਅਤੇ ਪ੍ਰਸੰਨਤਾ, ਹਰੇਕ ਡੂੰਘੇ ਅਨੁਭਵ ਦਾ ਲਾਜ਼ਮੀ ਭਾਗ ਹੁੰਦੇ ਹਨ।

ਜਿਸ ਮਹਿੰਗੇ ਭਾਓ 'ਤੇ ਮੈਡਲ ਉਲੰਪਿਕਸ ਵਿਚ ਮਿਲਦੇ ਹਨ, ਉਸ ਭਾਓ 'ਤੇ ਸੰਸਾਰ ਵਿਚ ਕੁਝ ਨਹੀਂ ਮਿਲਦਾ।

ਟੁੱਟੇ ਪਰਿਵਾਰਾਂ ਦੇ ਬੱਚੇ, ਕੋਈ ਪਰਿਵਾਰ ਜੁੜਨ ਨਹੀਂ ਦਿੰਦੇ।

ਕੁੱਤੇ ਦਾ ਮਾਲਕ ਨੂੰ ਮਿਲਣ ਦਾ ਉਤਸ਼ਾਹ, ਕੁੱਤੇ ਨੂੰ ਮਨੁੱਖਾਂ ਤੋਂ ਵਖਰਿਆਉਂਦਾ ਹੈ।

ਕਈ ਵਾਰੀ ਕੋਈ ਚੀਜ਼ ਦਿਲ ਦੀਆਂ ਡੂੰਘਾਈਆਂ ਵਿਚੋਂ ਲਿਖੀ ਜਾਂਦੀ ਹੈ; ਲਿਖਣ ਮਗਰੋਂ ਹੀ ਪਤਾ ਲੱਗਦਾ ਹੈ ਕਿ ਦਿਲ ਕਿਤਨਾ ਡੂੰਘਾ ਹੈ।

ਸਾਦਗੀ ਦੀਆਂ ਮੌਜਾਂ, ਸ਼ਹਾਨਾ ਹੁੰਦੀਆਂ ਹਨ।

ਕਈਆਂ ਦਾ ਦੁਖਾਂਤ ਇਹ ਹੁੰਦਾ ਹੈ ਕਿ ਉਹ ਹਰ ਸਹੀ ਥਾਂ 'ਤੇ ਪੱਛੜ ਕੇ ਪਹੁੰਚਦੇ ਹਨ।

ਜਿਥੇ ਗਰੀਬੀ ਹੁੰਦੀ ਹੈ, ਉਥੇ ਹਰ ਚੀਜ਼ ਕੰਮ ਆਉਣ ਵਾਲੀ ਹੁੰਦੀ ਹੈ, ਸੋ ਕੁਝ ਵੀ ਬਾਹਰ ਨਹੀਂ ਸੁੱਟਿਆ ਜਾਂਦਾ।

ਕਿਸੇ ਦੀ ਸੁੰਦਰਤਾ ਵੇਖੀ ਅੱਖਾਂ ਨਾਲ ਜਾਂਦੀ ਹੈ, ਪਰ ਇਹ ਮਾਣੀ ਕਲਪਨਾ ਨਾਲ ਜਾਂਦੀ ਹੈ।

ਵਿਰੋਧ ਨਾਲ ਦੋਵੇਂ ਧਿਰਾਂ ਚੌਕੰਨੀਆਂ ਰਹਿੰਦੀਆਂ ਹਨ; ਮੁਕਾਬਲੇ ਨਾਲ ਦੋਵੇਂ ਧਿਰਾਂ ਵਿਕਾਸ ਕਰਦੀਆਂ ਹਨ, ਝਗੜੇ ਨਾਲ ਦੋਵੇਂ ਧਿਰਾਂ ਨਿਘਰਦੀਆਂ ਹਨ; ਸਹਿਯੋਗ ਨਾਲ ਦੋਵੇਂ ਧਿਰਾਂ ਸਫ਼ਲ ਹੁੰਦੀਆਂ ਹਨ; ਜਿਹੜਾ ਢੰਗ ਠੀਕ ਲੱਗੇ, ਅਪਣਾ ਲੈਣਾ।

ਅਜਨਬੀਆਂ ਨੂੰ ਖ਼ੁਸ਼ ਹੋ ਕੇ ਮਿਲਣਾ ਅਤੇ ਮਿਲ ਕੇ ਖ਼ੁਸ਼ ਹੋਣਾ, ਖ਼ੁਸ਼ਹਾਲ ਵਿਅਕਤੀਆਂ ਦੇ ਲੱਛਣ ਹੁੰਦੇ ਹਨ।

ਖੇਡਾਂ ਅਸਲ ਜੀਵਨ ਨਹੀਂ ਹੁੰਦੀਆਂ, ਪਰ ਇਹ ਅਸਲ ਜੀਵਨ ਲਈ ਬੜੀ ਪੱਕੀ ਤਿਆਰੀ ਹੁੰਦੀਆਂ ਹਨ।



ਮਨੁੱਖ, ਵਿਰੋਧਾਂ ਦਾ ਮਿਲਗੋਭਾ ਹੈ; ਵਿਆਹ ਵੀ ਕਰਨਾ ਚਾਹੁੰਦਾ ਹੈ, ਸੁਤੰਤਰ ਵੀ ਰਹਿਣਾ ਚਾਹੁੰਦਾ ਹੈ; ਵਫ਼ਾਦਾਰੀ ਦਾ ਦਾਅਵਾ ਵੀ ਕਰਦਾ ਹੈ, ਹੋਰਾਂ ਨਾਲ ਅੱਖਾਂ ਵੀ ਲੜਾਉਂਦਾ ਹੈ।

ਮਿਲਣੀ ਸੰਖੇਪ ਰੱਖੋ, ਹਰ ਕੋਈ ਮਿਲਣਾ ਪਸੰਦ ਕਰੇਗਾ।

ਘੋੜੇ ਦੀ ਸਵਾਰੀ ਕਰਨ ਵਾਲੀ ਇਸਤਰੀ ਨਾਲ, ਉਸ ਵੱਲੋਂ ਸਵਾਰੀ ਕਰਨ ਦੀ ਆਦਤ ਕਾਰਨ, ਮੁਹੱਬਤ ਕਰਨੀ ਸੌਖੀ ਨਹੀਂ ਹੁੰਦੀ।

ਬਰਾਬਰ ਦੀਆਂ ਟੀਮਾਂ ਵਿਚ, ਜਦੋਂ ਮੈਚ ਦਿਲਚਸਪ ਹੋ ਜਾਵੇ ਤਾਂ ਉਸ ਮੈਚ ਨੂੰ ਖਿਡਾਰੀ ਨਹੀਂ, ਦਰਸ਼ਕ ਖੇਡਣ ਲੱਗ ਪੈਂਦੇ ਹਨ।

ਜੇ ਤੁਸੀਂ ਕਦੇ ਉਦਾਸ-ਮਾਯੂਸ ਨਹੀਂ ਹੁੰਦੇ ਤਾਂ ਇਸ ਦਾ ਅਰਥ ਇਹੀ ਹੋ ਸਕਦਾ ਹੈ ਕਿ ਤੁਸੀਂ ਜਿਊਂ ਨਹੀਂ ਰਹੇ।

ਉਲੰਪਿਕਸ ਵਿਚ ਭਾਗ ਲੈਣ ਵਾਲੇ, ਚਾਰ ਸਾਲ ਦਾ ਗਰਭ ਹੰਢਾਉਂਦੇ ਹਨ।

ਕਿਉਂਕਿ ਪਿਆਰ ਦੀ ਕੋਈ ਸੀਮਾ ਨਹੀਂ, ਇਸ ਲਈ ਪਿਆਰ ਦੇ ਆਨੰਦ ਅਤੇ ਇਸ ਦੀ ਉਦਾਸੀ ਦੀ ਵੀ ਕੋਈ ਸੀਮਾ ਨਹੀਂ।

ਕੋਈ ਵੀ ਰਿਸ਼ਤਾ ਇਸ ਅਧਾਰ 'ਤੇ ਨਹੀਂ ਚੱਲਦਾ ਕਿ ਅਸੀਂ ਇਕ-ਦੂਜੇ ਨੂੰ ਸਮਝਦੇ ਕਿਤਨਾ ਹਾਂ; ਸਗੋਂ ਇਸ ਅਧਾਰ 'ਤੇ ਚੱਲਦਾ ਹੈ ਕਿ ਅਸੀਂ ਇਕ-ਦੂਜੇ ਸਬੰਧੀ ਗਲਤ-ਫ਼ਹਿਮੀਆਂ ਤੋਂ ਬਚਦੇ ਕਿਵੇਂ ਹਾਂ।

ਖੇਡਾਂ ਵਿਚ ਜਿੱਤ ਕਦੇ-ਕਦੇ ਹੁੰਦੀ ਹੈ, ਹਾਰ ਹੁੰਦੀ ਰਹਿੰਦੀ ਹੈ।

ਫ਼ੈਸਲਾਕੁਨ ਪੜਾਓ ਵਿਚ, ਫ਼ੁੱਟਬਾਲ ਦੀ ਖੇਡ, ਗੋਲਕੀਪਰ ਦੇ ਆਲੇ-ਦੁਆਲੇ ਘੁੰਮਣ ਲੱਗ ਪੈਂਦੀ ਹੈ।

ਕਾਰਲ ਮਾਰਕਸ, ਰੱਬ ਨੂੰ ਨਾ ਮੰਨਣ ਵਾਲਿਆਂ ਦਾ ਰੱਬ ਹੈ।

ਖਾਣਾ ਬਹੁਤ ਸਵਾਦ ਹੋਵੇ ਤਾਂ ਖਾਣ-ਪੀਣ ਦੇ ਨੇਮਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਇਸਤਰੀਆਂ ਦੂਜਿਆਂ ਬਾਰੇ ਵੇਰਵੇ ਖੋਜਣ ਵਿਚ ਮਾਹਿਰ ਹੁੰਦੀਆਂ ਹਨ; ਜੇ ਖੋਜਿਆਂ ਕੁਝ ਨਾ ਲੱਭੇ ਤਾਂ ਵੇਰਵੇ ਉਹ ਆਪ ਜੋੜ ਲੈਂਦੀਆਂ ਹਨ।

ਚੈਂਪੀਅਨ ਨੂੰ ਅਸਫ਼ਲਤਾ ਦਾ ਡਰ ਹੁੰਦਾ ਹੈ, ਬਾਕੀਆਂ ਨੂੰ ਜਿੱਤਣ ਦਾ ਲਾਲਚ ਹੁੰਦਾ ਹੈ।



Scanned by CamScanner

ਖ਼ੂਨ ਦੇ ਰਿਸ਼ਤਿਆਂ ਵਿਚ ਖ਼ੂਨ ਵਾਲੀ ਤਾਕਤ ਹੁੰਦੀ ਹੈ, ਇਸੇ ਕਰਕੇ ਇਨ੍ਹਾਂ ਨੂੰ ਤੋੜਨ ਵਿਚ ਬਹੁਤ ਜ਼ੋਰ ਲੱਗਦਾ ਹੈ।

ਜਿਉਂ-ਜਿਉਂ ਪਿਆਰ ਘਟਦਾ ਹੈ, ਇਕ-ਦੂਜੇ ਦੀਆਂ ਸ਼ਿਕਾਇਤਾਂ ਲੰਮੀਆਂ ਪਰ ਹੁੰਗਾਰੇ ਛੋਟੇ ਹੁੰਦੇ ਜਾਂਦੇ ਹਨ।

ਗੁੱਸੇ ਦੇ ਕਾਰਨਾਂ ਨਾਲੋਂ, ਗੁੱਸੇ ਦੇ ਸਿੱਟੇ ਵਧੇਰੇ ਗੰਭੀਰ ਹੁੰਦੇ ਹਨ।

ਸਾਡੀ ਵਿੱਦਿਅਕ ਪ੍ਰਣਾਲੀ, ਕੰਮ ਨਾਲ ਹੱਥ ਗੰਦੇ ਕਰਨ ਦੀ ਆਗਿਆ ਨਹੀਂ ਦਿੰਦੀ।

ਹਰ ਵਾਰ ਸਫ਼ਲ ਹੋਣ ਵਾਲਾ ਹਰਮਨ-ਪਿਆਰਾ ਨਹੀਂ ਰਹਿੰਦਾ, ਕਿਉਂਕਿ ਉਹ ਹੋਰਾਂ ਦਾ ਰਾਹ ਰੋਕ ਲੈਂਦਾ ਹੈ।

ਜੇਤੂਆਂ ਨੂੰ ਹਾਰਿਆਂ ਦੀ ਨਫ਼ਰਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇ ਉਨ੍ਹਾਂ ਦੀ ਖੇਡ ਵਿਚ ਨੁਕਸ ਨਾ ਲੱਭੇ ਤਾਂ ਉਨ੍ਹਾਂ ਦੇ ਵਿਹਾਰ ਵਿਚ ਨੁਕਸ ਕੱਢਿਆ ਜਾਂਦਾ ਹੈ।

ਪਿੰਡ ਵਿਚ ਨਿਰਪੱਖ ਹੋ ਕੇ ਨਹੀਂ ਰਿਹਾ ਜਾ ਸਕਦਾ, ਜਾਂ ਇਸ ਧੜੇ ਦੇ ਬਣੋ ਜਾਂ ਉਸ ਧੜੇ ਦੇ; ਨਿਰਪੱਖ ਹੋਵੋਗੇ, ਦੋਵੇਂ ਧੜੇ ਪਰੇਸ਼ਾਨ ਕਰਨਗੇ।

ਭੀੜ, ਕਮਜ਼ੋਰ ਦਾ ਸਾਥ ਦਿੰਦੀ ਹੈ; ਜਦੋਂ ਕਮਜ਼ੋਰ, ਸ਼ਕਤੀਸ਼ਾਲੀ ਹੋ ਜਾਂਦੇ ਹਨ ਤਾਂ ਭੀੜ ਉਨ੍ਹਾਂ ਦੇ ਵਿਰੁੱਧ ਹੋ ਜਾਂਦੀ ਹੈ।

ਸਫ਼ਲ ਹੋਵੋ, ਹੀਰੋ ਬਣੋ, ਲੱਖਾਂ ਮਤਵਾਲੇ ਉਪਜਣਗੇ ਅਤੇ ਹਜ਼ਾਰਾਂ ਖਾਰ ਖਾਣਗੇ।

ਸੋਹਣੀ ਇਸਤਰੀ ਦੀ ਸੁੰਦਰਤਾ ਵਿਚ, ਜੇ ਕੋਈ ਨੁਕਸ ਨਾ ਲੱਭੇ ਤਾਂ ਨੁਕਸ ਉਸ ਦੇ ਚਰਿੱਤਰ ਵਿਚ ਕੱਢਿਆ ਜਾਂਦਾ ਹੈ, ਜੇ ਚਰਿੱਤਰ ਵਿਚ ਵੀ ਕੋਈ ਨੁਕਸ ਨਾ ਲੱਭੇ ਤਾਂ ਨੁਕਸ ਨੂੰ ਉਸ ਦੇ ਵਿਹਾਰ ਵਿਚੋਂ ਲੱਭਿਆ ਜਾਂਦਾ ਹੈ, ਜਦੋਂ ਤਕ ਨੁਕਸ ਨਹੀਂ ਲੱਭਦਾ, ਲੱਭਣ ਦੇ ਯਤਨ ਜਾਰੀ ਰੱਖੇ ਜਾਂਦੇ ਹਨ।

ਬਾਦਸ਼ਾਹਾਂ ਦੇ ਕਾਰਨਾਮਿਆਂ ਨਾਲੋਂ, ਉਨ੍ਹਾਂ ਦੀਆਂ ਕਰਤੂਤਾਂ ਵਧੇਰੇ ਦਿਲਚਸਪੀ ਨਾਲ ਸੁਣੀਆਂ-ਸੁਣਾਈਆਂ ਜਾਂਦੀਆਂ ਹਨ।

ਚੰਗਾ ਮਹਿਮਾਨ ਉਹ ਹੁੰਦਾ ਹੈ, ਜਿਸ ਨੂੰ ਸਹੀ ਸਮੇਂ 'ਤੇ, ਸਹੀ ਢੰਗ ਨਾਲ ਰਵਾਨਾ ਹੋਣ ਦਾ ਹੁਨਰ ਆਉਂਦਾ ਹੈ।

ਅਟਕਿਆ ਹੋਇਆ ਮਨ, ਭਟਕਦਾ ਰਹਿੰਦਾ ਹੈ।

ਕਿਸੇ ਕੰਮ ਨੂੰ ਮੁਕੰਮਲ ਕਰਨ ਤੋਂ ਪਹਿਲਾਂ, ਉਸ ਨੂੰ ਸਹੀ ਢੰਗ ਨਾਲ ਅਰੰਭ ਕਰਨਾ ਜ਼ਰੂਰੀ ਹੁੰਦਾ ਹੈ।



ਪਤਨੀ ਦੀ ਸਿਆਣਪ ਦਾ ਸਨਮਾਨ ਕਰੋ, ਉਹ ਤੁਹਾਨੂੰ ਸਿਆਣਾ ਕਹੇਗੀ ਹੀ ਨਹੀਂ, ਸਿਆਣਾ ਬਣਾ ਵੀ ਦੇਵੇਗੀ।

ਨਿੱਕੇ-ਨਿੱਕੇ ਮੌਕੇ ਅਕਸਰ ਵੱਡੀਆਂ ਪ੍ਰਾਪਤੀਆਂ ਦਾ ਮੁੱਢ ਬੰਨ੍ਹ ਦਿੰਦੇ ਹਨ।

ਪੁਰਸ਼ਾਂ ਕੋਲ, ਇਸਤਰੀਆਂ ਨਾਲੋਂ ਅਕਲ ਵੱਧ ਨਹੀਂ ਹੁੰਦੀ, ਬਾਹਰਲੇ ਸੰਸਾਰ ਦੀ ਕੇਵਲ ਸੂਚਨਾ ਵੱਧ ਹੁੰਦੀ ਹੈ।

ਮਹਿੰਗਾਈ, ਆਮ ਆਦਮੀ ਨੂੰ ਹਰ ਰੋਜ਼ ਹਰਾ ਦਿੰਦੀ ਹੈ।

ਜੇ ਤੁਸੀਂ ਹੋਰਾਂ ਨੂੰ ਸੁਣਨ ਦੀ ਜਾਚ ਸਿਖ ਲਵੋ ਤਾਂ ਲੋਕ ਤੁਹਾਨੂੰ ਧਿਆਨ ਨਾਲ ਸੁਣਨ ਲੱਗ ਪੈਣਗੇ।

ਪਿਆਰ, ਫ਼ਾਸਲੇ ਨਾਲ ਵਧਦਾ ਹੈ, ਨੇੜਤਾ ਨਾਲ ਫੈਲਦਾ ਹੈ।

ਨਾਲੀ ਸੁੱਕੀ ਅਤੇ ਖਾਲੀ ਚੰਗੀ ਲੱਗਦੀ ਹੈ; ਨਹਿਰ, ਭਰੀ ਅਤੇ ਵਗਦੀ ਹੋਈ।

ਕੋਈ ਵੀ ਸਿਧਾਂਤ ਸਦੀਵੀ ਨਹੀਂ ਹੁੰਦਾ, ਹਰ ਸਿਧਾਂਤ ਦੇ ਆਲੇ-ਦੁਆਲੇ ਸਮੇਂ ਦੀ ਵਾੜ ਹੁੰਦੀ ਹੈ।

ਅਕਾਲ ਪੈਣ ਉਪਰੰਤ, ਕਈ ਸਾਲ, ਲੋਕ ਭੁੱਖ ਦੇ ਡਰ ਤੋਂ ਪੀੜਤ ਰਹਿੰਦੇ ਹਨ।

ਜਿਉਂ-ਜਿਉਂ ਮਨੋਰੰਜਨ ਵੱਧ ਰਿਹਾ ਹੈ, ਤਿਉਂ-ਤਿਉਂ ਮਨੁੱਖ ਵਧੇਰੇ ਅੱਕ ਰਿਹਾ ਹੈ।

ਟੈਲੀਵਿਜ਼ਨ 'ਤੇ ਇਸ਼ਤਿਹਾਰ ਚੰਗੀਆਂ ਚੀਜ਼ਾਂ ਦਾ ਮਹੱਤਵ ਘਟਾਉਂਦੇ ਹਨ ਅਤੇ ਫ਼ਜ਼ੂਲ ਚੀਜ਼ਾਂ ਦੀ ਖਰੀਦਦਾਰੀ ਵਧਾਉਂਦੇ ਹਨ।

ਅਨੁਸ਼ਾਸਨ ਤੋਂ ਬਿਨਾਂ ਪੈਸਾ ਭਾਵੇਂ ਇਕੱਠਾ ਕੀਤਾ ਜਾ ਸਕਦਾ ਹੈ, ਪਰ ਅਮੀਰ ਨਹੀਂ ਹੋਇਆ ਜਾ ਸਕਦਾ।

ਚਿੰਤਾ ਕਾਰਜ ਵਿਚ ਨਹੀਂ ਹੁੰਦੀ, ਨਿਕਲਣ ਵਾਲੇ ਸਿੱਟੇ ਜਾਂ ਨਤੀਜੇ ਵਿਚ ਹੁੰਦੀ ਹੈ।

ਸੰਸਾਰ ਵਿਚ ਕੇਵੱਲ ਈਸਾ ਹੈ, ਜਿਸ ਦਾ ਜਨਮ-ਦਿਨ, ਮਰਨ-ਦਿਨ ਅਤੇ ਪੁਨਰ-ਜਨਮ-ਦਿਨ ਵੀ ਮਨਾਇਆ ਜਾਂਦਾ ਹੈ।

ਚਰਿੱਤਰ ਦਰੱਖ਼ਤ ਵਾਂਗ ਅਤੇ ਮਾਣ-ਸਤਿਕਾਰ ਛਾਂ ਵਾਂਗ ਹੁੰਦਾ ਹੈ।

ਮਨੁੱਖ, ਮੁਸੀਬਤ ਵੇਲੇ, ਅਕਾਸ਼ ਵੱਲ ਵੇਖਦਾ ਹੈ, ਕਿਉਂਕਿ ਅਕਾਸ਼ ਸਭ ਦਾ ਰਖਵਾਲਾ ਅਤੇ ਪਿਤਾ ਸਮਝਿਆ ਜਾਂਦਾ ਹੈ।

...ਾ ਅਤੇ ਕਿਥੇ ਜਵਾਨ ਵਾਂਗ

ਪਿਆਰ ਕਰਨ ਲਈ ਸਭ ਤੋਂ ਢੁਕਵਾਂ ਮੌਸਮ 'ਹਮੇਸ਼ਾਂ' ਕਹਾਉਂਦਾ ਹੈ।

ਕੰਮ ਨਾ ਕਰਨ ਦੇ ਸੈਂਕੜੇ ਕਾਰਨ ਹੁੰਦੇ ਹਨ, ਕਰਨ ਦਾ ਇਕ ਹੀ ਕਾਰਨ ਹੁੰਦਾ ਹੈ; ਕਰਨਾ ਹੈ।

ਜ਼ਿੰਦਗੀ ਵਿਚ ਪ੍ਰਸੰਨ ਹੋਣ ਦੇ ਅਵਸਰ ਵੀਹ-ਤੀਹ ਤੋਂ ਵੱਧ ਨਹੀਂ ਹੁੰਦੇ ਪਰ ਦੁਖੀ ਕਰਨ ਵਾਲੀਆਂ ਹਾਲਤਾਂ ਦੀ ਗਿਣਤੀ ਕਰਨੀ ਸੰਭਵ ਨਹੀਂ ਹੁੰਦੀ।

ਆਪਣਿਆਂ ਵੱਲੋਂ ਸਤਿਕਾਰਿਆ ਜਾਣਾ, ਬੜੀ ਵੱਡੀ ਪ੍ਰਾਪਤੀ ਹੁੰਦੀ ਹੈ।

ਮਹਾਨ ਵਿਚਾਰ, ਜ਼ਿੰਦਗੀ ਦਾ ਪੈਂਡਾ ਸੌਖਾ ਕਰ ਦਿੰਦੇ ਹਨ।

ਅੰਗਰੇਜ਼ਾਂ ਨੇ ਭਾਰਤ 'ਤੇ ਦੋ ਸਦੀਆਂ ਰਾਜ ਕੀਤਾ, ਪਰ ਉਨ੍ਹਾਂ ਨੇ ਭਾਰਤ ਦੀ ਰਸੋਈ 'ਤੇ ਕੋਈ ਪ੍ਰਭਾਵ ਨਹੀਂ ਪਾਇਆ।

ਜਦੋਂ ਕੋਈ ਪਿਤਾ, ਆਪਣੀ ਕਿਸੇ ਗਲਤ ਆਦਤ ਨੂੰ ਆਪਣੇ ਬੱਚਿਆਂ ਵਿਚ ਵੇਖਦਾ ਹੈ ਤਾਂ ਉਹ ਦੁਖੀ ਹੀ ਨਹੀਂ, ਬਹੁਤ ਦੁਖੀ ਹੁੰਦਾ ਹੈ, ਕਿਉਂਕਿ ਉਸ ਕੋਲ ਉਸ ਆਦਤ ਤੋਂ, ਬੱਚਿਆਂ ਨੂੰ ਮਨ੍ਹਾ ਕਰਨ ਦੀ, ਇਖ਼ਲਾਕੀ ਸ਼ਕਤੀ ਨਹੀਂ ਹੁੰਦੀ।

ਸਰਕਾਰੀ ਅਧਿਕਾਰੀ ਸਭ ਕੁਝ ਜਾਣਦੇ ਹੋਣ ਦੇ ਭਰਮ ਦਾ ਸ਼ਿਕਾਰ ਹੁੰਦੇ ਹਨ।

ਜਦੋਂ ਕੋਈ ਆਪਣੇ ਆਦਰਸ਼ਾਂ ਦੀ ਥਾਂ ਆਪਣੀਆਂ ਪ੍ਰਾਪਤੀਆਂ ਦੇ ਵਧੇਰੇ ਵੇਰਵੇ ਦੇਣ ਲੱਗ ਪਵੇ, ਇਹ ਪ੍ਰਮਾਣ ਹੈ ਕਿ ਉਹ ਬੁੱਢਾ ਹੋ ਗਿਆ ਹੈ।

ਚਿੱਤਰਕਾਰ ਲਈ ਸਰੀਰਕ ਅੰਗਾਂ ਦਾ ਗਿਆਨ ਜ਼ਰੂਰੀ ਹੁੰਦਾ ਹੈ, ਵਿਸ਼ਵ-ਪ੍ਰਸਿੱਧ ਮੋਨਾਲੀਜ਼ਾ ਦਾ ਚਿੱਤਰ ਬਣਾਉਣ ਵਾਲੇ ਲਿਓਨਾਰਦੋ ਨੇ ਚਿੱਤਰ ਬਣਾਉਣ ਤੋਂ ਪਹਿਲਾਂ, ਤੀਹ ਮੁਰਦਾ ਸਰੀਰਾਂ ਦੀ ਚੀਰ-ਫਾੜ ਕੀਤੀ ਸੀ।

ਇਤਿਹਾਸ ਇਹੀ ਦੱਸਦਾ ਹੈ ਕਿ ਕੀ ਵਾਪਰਿਆ ਸੀ, ਇਹ ਨਹੀਂ ਦੱਸਦਾ ਕਿ ਕੀ ਵਾਪਰਨਾ ਚਾਹੀਦਾ ਸੀ।

ਜੇਤੂ ਕਦੇ ਨਹੀਂ ਥੱਕਦਾ, ਥੱਕਣ ਵਾਲਾ ਕਦੇ ਨਹੀਂ ਜਿੱਤਦਾ।

ਪੂਰਬੀ ਦੇਸ਼ਾਂ ਦੇ ਬਜ਼ਾਰਾਂ ਵਿਚ ਪਹਿਲੀ ਦੱਸੀ ਕੀਮਤ ਦੇ ਕੋਈ ਅਰਥ ਨਹੀਂ ਹੁੰਦੇ।



ਵਿਆਹ ਵੇਲੇ ਦੁਲਹਨ ਬੋਲਣ ਦੇ ਮੁਕਾਬਲੇ, ਚੁੱਪ ਵਧੇਰੇ ਸੋਹਣੀ ਲੱਗਦੀ ਹੈ ਅਤੇ ਲਾੜੇ ਦਾ ਹੱਸਣ ਦੇ ਮੁਕਾਬਲੇ, ਮੁਸਕਰਾਉਣਾ ਵਧੇਰੇ ਦਿਲਕਸ਼ ਲੱਗਦਾ ਹੈ।

ਭਾਸ਼ਾ-ਵਿਗਿਆਨੀ ਕੋਲ ਭਾਸ਼ਾ ਦੀ ਰੰਗੀਨੀ ਘੱਟ ਅਤੇ ਬੇਰੰਗ ਵਿਆਕਰਣ ਵੱਧ ਹੁੰਦੀ ਹੈ।

ਪੰਛੀ ਆਲ੍ਹਣਾ ਪਾਉਣ ਉਪਰੰਤ ਹੀ ਗੀਤ ਗਾਉਂਦੇ ਹਨ।

ਪੰਜਾਬ ਦਾ ਇਤਿਹਾਸ ਤਲਵਾਰਾਂ ਦਾ ਲਿਖਿਆ ਹੋਇਆ ਹੈ, ਪੰਜਾਬ ਨੂੰ ਕਲਮ ਪਿੱਛੇ ਜਿਹੇ ਹੀ ਮਿਲੀ ਹੈ।

ਪਹਿਲਾਂ ਪਰਿਵਾਰ ਆਪਣੇ ਬੱਚਿਆਂ ਨੂੰ ਬਾਹਰੀ ਪ੍ਰਭਾਵ ਗ੍ਰਹਿਣ ਕਰਨ ਲਈ ਤਿਆਰ ਕਰਦੇ ਸਨ, ਹੁਣ ਬਾਹਰੀ ਪ੍ਰਭਾਵਾਂ ਤੋਂ ਬਚਾਉਣ ਬਾਰੇ ਸੋਚਦੇ ਹਨ।

ਜ਼ਿੰਦਗੀ ਦੇ ਸੁੱਖ-ਦੁੱਖ, ਲੂਣ ਅਤੇ ਕਾਲੀ ਮਿਰਚ ਵਾਂਗ ਰਲੇ-ਮਿਲੇ ਹੋਏ ਹਨ।

ਕਈ ਪਾਠਕਾਂ ਦੀ ਦਿਲਚਸਪੀ ਹਰੇਕ ਪੁਸਤਕ ਵਿਚ ਗਲਤੀਆਂ ਕੱਢਣ ਅਤੇ ਨੁਕਸ ਲੱਭਣ ਵਿਚ ਹੀ ਹੁੰਦੀ ਹੈ।

ਮੌਕੇ ਅਤੇ ਹਿੰਮਤ ਦੇ ਮਿਲਾਪ ਨੂੰ ਕਿਸਮਤ ਕਹਿੰਦੇ ਹਨ।

ਜੇ ਤੁਹਾਡੇ ਵਿਚ ਆਪਣਾ ਰਾਹ ਚੁਣਨ ਦਾ ਹੌਸਲਾ, ਉਸ ਰਾਹ 'ਤੇ ਚੱਲਣ ਦੀ ਹਿੰਮਤ ਅਤੇ ਉਸ ਰਾਹ ਦੀਆਂ ਮੁਸ਼ਕਿਲਾਂ ਸਹਾਰਨ ਦਾ ਜਿਗਰਾ ਹੈ ਤਾਂ ਉਹ ਰਾਹ ਤੁਹਾਡੇ ਪਿੱਛੇ-ਪਿੱਛੇ ਚੱਲ ਪਏਗਾ।

ਵਾਰਤਕ ਦੀ ਉਡਾਣ ਦੂਰ ਤਕ ਹੁੰਦੀ ਹੈ, ਕਵਿਤਾ ਦੀ ਬਹੁਤ ਉੱਚੀ।

ਅਣਵਰਤਿਆ ਗਿਆਨ, ਅੰਨ੍ਹੇ ਦੇ ਹੱਥ ਵਿਚ ਮਿਸ਼ਾਲ ਵਾਂਗ ਹੁੰਦਾ ਹੈ।

ਹਾਸਾ ਕਈ ਪ੍ਰਕਾਰ ਦਾ ਹੁੰਦਾ ਹੈ; ਭਾਰ-ਮੁਕਤ ਕਰਨ ਵਾਲਾ, ਸ਼ਰਮਸਾਰ ਕਰਨ ਵਾਲਾ, ਦੋਸਤੀ ਪਾਉਣ ਵਾਲਾ, ਦੁਸ਼ਮਣੀ ਵਧਾਉਣ ਵਾਲਾ।

ਚੰਗੀ ਗੱਲਬਾਤ ਨਾਲ ਖਿਚੜੀ ਵੀ, ਹੈਦਰਾਬਾਦੀ ਬਿਰਿਆਨੀ ਦਾ ਸਵਾਦ ਦਿੰਦੀ ਹੈ।

ਅਜ਼ਾਦ ਦੇਸ਼ਾਂ ਦੇ ਖੇਤ ਵਧੇਰੇ ਉਪਜ ਦਿੰਦੇ ਹਨ।

ਕਈ ਵਾਰੀ ਦਿਲ ਕਹਿੰਦਾ ਹੈ 'ਹਾਂ' ਪਰ ਹਿੰਮਤ ਕਹਿੰਦੀ ਹੈ 'ਨਾਂਹ'।

ਜਿਨ੍ਹਾਂ ਕੰਮਾਂ ਵਿਚ ਤਜਰਬਾ ਚਾਹੀਦਾ ਹੁੰਦਾ ਹੈ, ਉਥੇ ਹੰਢੇ ਹੋਏ ਵਿਅਕਤੀ ਲਾਓ; ਜਿਥੇ ਜੋਸ਼ ਚਾਹੀਦਾ ਹੈ, ਉਥੇ ਜਵਾਨ ਲਾਓ; ਜਿਸ ਕੰਮ ਵਿਚ ਬਰੀਕੀ ਅਤੇ ਸਲੀਕੇ ਦੀ ਲੋੜ ਹੈ, ਉਥੇ ਕਿਸੇ ਮਾਂ ਨੂੰ ਲਾਓ; ਜਿਥੇ ਕੰਮ ਮੁਕਾਉਣ ਦੀ ਲੋੜ ਹੋਵੇ, ਉਥੇ ਆਪ ਲੱਗੋ।

ਜੇ ਡਾਕਟਰ 'ਤੇ ਭਰੋਸਾ ਹੋਵੇ ਤਾਂ ਇਲਾਜ ਸੌਖਾ ਅਤੇ ਜਲਦੀ ਹੋ ਜਾਂਦਾ ਹੈ।

ਸਭ ਪ੍ਰਕਾਰ ਦੇ ਫ਼ਾਸਲੇ ਮੁੱਕ ਗਏ ਹਨ, ਹੁਣ ਸੰਸਾਰ ਦਾ ਹਰ ਵਿਅਕਤੀ, ਹਰ ਵਿਅਕਤੀ ਦਾ ਗਵਾਂਢੀ ਹੈ।

ਜੇ ਬੱਚਿਆਂ ਵਿਚ ਅੰਤਰ ਇਕ-ਦੋ ਸਾਲ ਦਾ ਹੀ ਹੋਵੇ ਤਾਂ ਦੂਜਾ ਬੱਚਾ ਮੁਫ਼ਤ ਹੀ ਪਲ ਜਾਂਦਾ ਹੈ।

ਸਵੈ-ਵਿਸ਼ਵਾਸ ਅਤੇ ਸਵੈ-ਸਨਮਾਨ ਦੀ ਘਾਟ, ਸਾਨੂੰ ਬੇਲੋੜੀਆਂ ਚੀਜ਼ਾਂ ਖਰੀਦਣ ਦੇ ਰਾਹ ਪਾ ਦਿੰਦੀ ਹੈ।

ਜਿਥੇ ਹੱਕ ਵੀ ਨਾ ਮਿਲੇ, ਉਥੇ ਇਨਾਮ ਦੀ ਆਸ ਫ਼ਜ਼ੂਲ ਹੁੰਦੀ ਹੈ।

ਰੋਜ਼ਗਾਰ ਤੋਂ ਬਿਨਾਂ ਜਵਾਨ; ਮਾਂ ਤੋਂ ਬਿਨਾਂ ਬੱਚਾ; ਪਤੀ ਤੋਂ ਬਿਨਾਂ ਇਸਤਰੀ ਅਤੇ ਪਤਨੀ ਤੋਂ ਬਿਨਾਂ ਬਜ਼ੁਰਗ, ਬਦਕਿਸਮਤ ਹੁੰਦੇ ਹਨ।

ਜੇ ਸਿੱਖਣ ਦੀ ਮਰਜ਼ੀ ਹੋਵੇ ਤਾਂ ਇਕ ਕੀੜੀ ਤੋਂ ਵੀ ਬੜਾ ਕੁਝ ਸਿੱਖਿਆ ਜਾ ਸਕਦਾ ਹੈ।

ਬਜ਼ੁਰਗ ਨੂੰ ਪੁੱਛੋ, ਕੀ ਨਵੀਂ ਖ਼ਬਰ ਹੈ? ਦੱਸੇਗਾ, ਅੱਜ ਤੋਂ ਤੀਹ ਸਾਲ ਪਹਿਲਾਂ ਦੀ ਗੱਲ ਹੈ.........

ਪਹਿਲੇ ਸਾਲ: ਮੈਂ ਪਾਸ ਹੋ ਗਿਆ ਹਾਂ।... ਤੂੰ ਅੱਵਲ ਕਿਉਂ ਨਹੀਂ ਆਇਆ?
ਅਗਲੇ ਸਾਲ: ਮੈਂ ਅੱਵਲ ਆ ਗਿਆ ਹਾਂ।... ਇਹ ਕਿਹੋ ਜਿਹੀ ਯੂਨੀਵਰਸਿਟੀ ਹੈ, ਜਿਥੇ ਤੇਰੇ ਵਰਗੇ ਅੱਵਲ ਆ ਜਾਂਦੇ ਹਨ!

ਪੁਰਾਣੀਆਂ ਕਿਤਾਬਾਂ ਸਾਡੀ ਸੋਚ ਨੂੰ ਜਵਾਨ ਰੱਖਦੀਆਂ ਹਨ, ਨਵੀਆਂ ਕਿਤਾਬਾਂ ਇਹ ਸੋਚਣ ਲਾ ਦਿੰਦੀਆਂ ਹਨ ਕਿ ਜਵਾਨੀ ਕਿਧਰ ਜਾ ਰਹੀ ਹੈ।

ਜਿਥੇ ਹੋਵੇ ਪਿਆਰ, ਉਥੇ ਕਰੋ ਨਾ ਵਪਾਰ, ਨਹੀਂ ਤਾਂ ਹੋਵੋਗੇ ਖ਼ੁਆਰ।

ਕਈ ਕਹਿੰਦੇ ਹਨ: ਮੈਂ ਰੱਬ ਵਿਚ ਤਾਂ ਹੀ ਵਿਸ਼ਵਾਸ ਕਰਾਂਗਾ, ਜੇ ਰੱਬ ਮੈਨੂੰ ਵਿਖਾਈ ਦੇਵੇ; ਪੁਛੋ: ਕੀ ਤੁਹਾਨੂੰ ਆਪਣਾ ਦਿਮਾਗ ਵਿਖਾਈ ਦਿੰਦਾ ਹੈ?



ਕਣਕ ਹੋਰ ਤਰ੍ਹਾਂ ਬੀਜੀ ਜਾਂਦੀ ਹੈ, ਚਾਵਲ ਹੋਰ ਤਰ੍ਹਾਂ; ਅਰਜ਼ੀ ਹੋਰ ਤਰ੍ਹਾਂ ਲਿਖੀ ਜਾਂਦੀ ਹੈ, ਸ਼ਿਕਾਇਤ ਹੋਰ ਤਰ੍ਹਾਂ; ਪਕੌੜੇ ਹੋਰ ਤਰ੍ਹਾਂ ਤਲੇ ਜਾਂਦੇ ਹਨ, ਜਲੇਬੀਆਂ ਹੋਰ ਤਰ੍ਹਾਂ; ਜੇ ਕੁਝ ਕਰਨ ਦਾ ਠੀਕ ਢੰਗ ਅਪਨਾਓਗੇ, ਤਾਂ ਹੀ ਸਫ਼ਲ ਹੋਵੋਗੇ।

ਰੁੱਸੇ ਹੋਏ ਪਤੀ-ਪਤਨੀ ਵਿਚਕਾਰ, ਸਮਝੌਤੇ ਉਪਰੰਤ ਦਸਤਖ਼ਤ, ਬਿਸਤਰੇ ਵਿਚ ਹੁੰਦੇ ਹਨ ਅਤੇ ਹੁੰਦੇ ਰਹਿੰਦੇ ਹਨ।

ਇਸਤਰੀਆਂ ਲਈ ਕੋਈ ਵੀ ਭਾਵਕ ਮਸਲਾ, ਛੋਟਾ ਮਸਲਾ ਨਹੀਂ ਹੁੰਦਾ।

ਯਾਦ ਰਖੋ ਕਿ ਜਿਹੜਾ ਵੀ ਦਰਵਾਜ਼ਾ ਤੁਹਾਡੇ ਲਈ ਖੁਲ੍ਹਦਾ ਹੈ, ਉਹ ਕਿਸੇ ਹੋਰ ਨੇ ਖੋਲ੍ਹਿਆ ਹੁੰਦਾ ਹੈ।

ਜੇ ਤੁਸੀਂ ਵਕਤ ਸਿਰ ਨਹੀਂ ਪਹੁੰਚ ਸਕਦੇ ਤਾਂ ਵਕਤ ਤੋਂ ਪਹਿਲਾਂ ਪਹੁੰਚੋ; ਵਕਤ ਸਿਰ ਪਹੁੰਚਣਾ ਮੁਸ਼ਕਿਲ ਹੁੰਦਾ ਹੈ, ਵਕਤ ਤੋਂ ਪਹਿਲਾਂ ਪਹੁੰਚਣਾ ਸੌਖਾ ਹੁੰਦਾ ਹੈ।

ਸ਼ਮਸ਼ਾਨਘਾਟ ਨੂੰ ਭਾਵੇਂ ਕਿਤਨਾ ਵੀ ਰਮਣੀਕ ਬਣਾ ਦਿੱਤਾ ਜਾਵੇ, ਇਸ ਥਾਂ ਦੀ ਉਦਾਸੀ ਲੋਪ ਨਹੀਂ ਹੁੰਦੀ।

ਸੁੰਦਰਤਾ ਉਹ ਹੁੰਦੀ ਹੈ, ਜਿਸ ਨੂੰ ਵੇਖ ਕੇ ਦਿਲ ਅੰਗੜਾਈਆਂ ਲੈਣ ਲੱਗ ਪਏ।

ਸੰਗੀਤਕਾਰ ਵਿਸ਼ਵ-ਪ੍ਰਸਿੱਧ ਹੋ ਕੇ ਵੀ ਰਿਆਜ਼ ਕਰਨਾ ਨਹੀਂ ਛੱਡਦੇ; ਸਫ਼ਲ ਵਿਅਕਤੀ ਸਫ਼ਲ ਹੋ ਕੇ, ਹੋਰ ਵਧੇਰੇ ਮਿਹਨਤ ਕਰਦੇ ਰਹਿੰਦੇ ਹਨ।

ਜਦੋਂ ਕਿਸੇ ਇਸਤਰੀ ਨੂੰ ਆਪਣੇ ਪਰੀ ਹੋਣ ਦਾ ਭਰਮ ਪੈ ਜਾਵੇ ਤਾਂ ਉਸ ਦੇ ਪਰ ਨਿਕਲ ਆਉਂਦੇ ਹਨ।

ਅਜੋਕੇ ਬੱਚੇ ਹੋਰਾਂ ਨਾਲ ਵਿਹਾਰ ਕਰਨ ਦੇ ਢੰਗ-ਤਰੀਕੇ, ਮਾਪਿਆਂ-ਅਧਿਆਪਕਾਂ ਤੋਂ ਘੱਟ ਅਤੇ ਟੈਲੀਵਿਜ਼ਨ ਤੋਂ ਵੱਧ ਸਿੱਖਦੇ ਹਨ।

ਵਕਤ ਬਚਾਉਣ ਦੇ ਨਵੇਂ ਢੰਗਾਂ ਨਾਲ ਵਕਤ ਘੱਟ ਰਿਹਾ ਹੈ, ਵੱਧ ਨਹੀਂ ਰਿਹਾ।

ਅਸੰਤੁਸ਼ਟਤਾ ਦੇ ਅਰਥ ਹਨ, ਮੀਂਹ ਵਿਚ ਤਿਹਾਏ, ਸਵੇਰ ਵੇਲੇ ਥੱਕੇ ਹੋਏ ਅਤੇ ਲੰਗਰ ਵਿਚ ਭੁੱਖੇ ਮਹਿਸੂਸ ਕਰਨਾ।

ਜਿਸ ਦੇ ਜਾਣਨ ਨਾਲ ਦੁਬਿਧਾ ਮੁੱਕ ਜਾਵੇ, ਉਹ ਸਦੀਵੀ ਗਿਆਨ ਹੁੰਦਾ ਹੈ।

ਵਿਉਂਤਾਂ ਬਣਾ-ਬਣਾ ਕੇ ਅਤੇ ਸਾਂਭ-ਸਾਂਭ ਕੇ ਪਾਲੇ ਬੱਚੇ, ਯੋਗਤਾ ਦੇ ਪਖੋਂ, ਜਵਾਨ ਹੋਣ ਤੋਂ ਪਹਿਲਾਂ ਹੀ ਮੁਰਝਾ ਜਾਂਦੇ ਹਨ।



Scanned by CamScanner

ਬੱਚੇ ਬਹਾਦਰੀ ਦੀਆਂ ਕਹਾਣੀਆਂ ਸ਼ੌਕ ਨਾਲ ਸੁਣਦੇ ਹਨ ਅਤੇ ਇਨ੍ਹਾਂ ਨੂੰ ਸੁਣ ਕੇ ਡਰ-ਮੁਕਤ ਹੋ ਜਾਂਦੇ ਹਨ।

ਜਿਥੇ ਵੀ ਪੈਸਾ ਅਤੇ ਤਾਕਤ ਹੋਣਗੇ, ਉਥੇ ਇਨ੍ਹਾਂ ਦੀ ਦੁਰਵਰਤੋਂ ਵੀ ਹੋਵੇਗੀ।

ਡਰਪੋਕ, ਮਰ ਗਿਆਂ ਤੋਂ ਵੀ ਡਰਦਾ ਰਹਿੰਦਾ ਹੈ।

ਜਿਹੜੇ ਵਿਦਿਆਰਥੀ ਕਿਤਾਬਾਂ ਨਹੀਂ ਪੜ੍ਹਦੇ, ਉਹ ਲੈਕਚਰ ਵੀ ਧਿਆਨ ਨਾਲ ਨਹੀਂ ਸੁਣਦੇ।

ਕਿਸੇ ਚੀਜ਼ ਨੂੰ ਸਾਫ਼ ਹੋਣ ਵਾਸਤੇ, ਕਿਸੇ ਹੋਰ ਚੀਜ਼ ਨੂੰ ਗੰਦਾ ਹੋਣਾ ਪੈਂਦਾ ਹੈ।

ਅਜੋਕੇ ਮਨੁੱਖ ਦੀ ਜਾਇਜ਼ ਰਿਸ਼ਤਿਆਂ ਵਿਚ ਦਿਲਚਸਪੀ ਘੱਟ ਗਈ ਹੈ, ਸੋ ਉਹ ਨਾਜਾਇਜ਼ ਰਿਸ਼ਤਿਆਂ ਨੂੰ ਜਾਇਜ਼ ਠਹਿਰਾਉਣ ਵਿਚ ਰੁਝਿਆ ਹੋਇਆ ਹੈ।

ਹਰ ਕਿਸੇ ਦੀ ਘੱਟ-ਘੱਟ-ਘੱਟ ਦੀ ਸ਼ਿਕਾਇਤ ਹੈ, ਵੱਧ ਦਾ ਮਾਣ ਅਤੇ ਧੰਨਵਾਦ ਦੀ ਬਿਰਤੀ ਕਿਸੇ ਵਿਚ ਨਹੀਂ।

ਪਿਆਰ ਦੇ ਤਿੱਖੇ ਹੋਣ ਨਾਲ, ਤਰਕ ਖੁੰਢਾ ਹੋ ਜਾਂਦਾ ਹੈ।

ਅਸੀਂ ਆਪਣੇ ਮਨਭਾਉਂਦੇ ਲੇਖਕ ਜਾਂ ਕਵੀ ਨੂੰ ਵਿਲੱਖਣ ਅਤੇ ਵਿਸ਼ੇਸ਼ ਸਮਝਦੇ ਹਾਂ ਪਰ ਵਿਸ਼ੇਸ਼ ਉਹ ਰਚਨਾਤਮਕ ਪਲਾਂ ਵਿਚ ਹੀ ਹੁੰਦਾ ਹੈ; ਇਨ੍ਹਾਂ ਪਲਾਂ ਤੋਂ ਅੱਗੇ-ਪਿੱਛੇ, ਉਹ ਬੜਾ ਸਧਾਰਨ ਵਿਅਕਤੀ ਹੁੰਦਾ ਹੈ।

ਜੇ ਖ਼ੁਸ਼ੀ ਵੰਡਾਉਣ ਵਾਲਾ ਕੋਈ ਨਾ ਹੋਵੇ ਤਾਂ ਖ਼ੁਸ਼ੀ ਦਾ ਕੱਦ ਨੀਵਾਂ ਹੋ ਜਾਂਦਾ ਹੈ।

ਕਵਿਤਾ ਦੀਆਂ ਧੂਹ ਪਾਉਣ ਵਾਲੀਆਂ ਤੁਕਾਂ, ਇਕ ਵਾਰੀ ਸੁਣਨ-ਪੜ੍ਹਨ ਨਾਲ ਹੀ ਯਾਦ ਹੋ ਜਾਂਦੀਆਂ ਹਨ, ਉਹ ਮੁੜ-ਮੁੜ ਆਨੰਦ ਲੈਣ ਲਈ ਸੁਣੀਆਂ ਜਾਂਦੀਆਂ ਹਨ।

ਬੋਤਲ, ਅੰਦਰ ਜਾਂਦਿਆਂ ਹੀ, ਸਭ ਤੋਂ ਪਹਿਲਾਂ, ਅਕਲ ਨੂੰ ਬਾਹਰ ਕੱਢਦੀ ਹੈ।

ਭਾਵੇਂ ਹੜ੍ਹ ਆ ਜਾਵੇ, ਘੜਾ ਨਹੀਂ ਸੁੱਟਣਾ ਚਾਹੀਦਾ।

ਤੀਹ-ਚਾਲ੍ਹੀ ਸਾਲ ਦੀ ਨੌਕਰੀ ਕਰਦਿਆਂ ਬੰਦਾ ਘਟਦਾ ਜਾਂਦਾ ਹੈ, ਅਹੁਦਾ ਵਧਦਾ ਜਾਂਦਾ ਹੈ, ਸੋ ਨੌਕਰੀ ਛੱਡਣ ਅਤੇ ਸੇਵਾ-ਮੁਕਤ ਹੋਣ ਵਿਚ ਮੁਸ਼ਕਿਲ ਹੁੰਦੀ ਹੈ।

ਮੰਗਤਿਆਂ ਨੂੰ ਜੇਬ-ਕਤਰਿਆਂ ਦਾ ਡਰ ਨਹੀਂ ਹੁੰਦਾ।



ਜਿਊਂਦੇ-ਜੀ ਆਪਣੀ ਬਣਾਈ ਜਾਇਦਾਦ ਉੱਤੇ ਆਪਣਾ ਅਧਿਕਾਰ ਨਹੀਂ ਛੱਡਣਾ ਚਾਹੀਦਾ, ਕਿਉਂਕਿ ਛੱਡਣ ਨਾਲ ਇਕ-ਮਾਤਰ ਪ੍ਰਾਪਤੀ ਹੀ ਹੋਵੇਗੀ: ਪਛਤਾਵਾ।

ਜਦੋਂ ਪੇਟ ਭਰਿਆ ਹੋਵੇ, ਹੱਡੀਆਂ ਅਰਾਮ ਕਰਦੀਆਂ ਹਨ।

ਸਭ ਤੋਂ ਭਰੋਸੇਯੋਗ ਘੜੀ, ਪੇਟ ਹੁੰਦੀ ਹੈ।

ਜ਼ਿੰਦਗੀ ਸਮੱਸਿਆ ਨਹੀਂ, ਬੁਝਾਰਤ ਹੈ; ਜੇ ਜ਼ਿੰਦਗੀ ਸਮੱਸਿਆ ਹੁੰਦੀ ਤਾਂ ਫ਼ਿਲਾਸਫ਼ਰਾਂ ਨੇ ਕਦੋਂ ਦੀ ਸੁਲਝਾ ਲਈ ਹੋਣੀ ਸੀ।

ਜੇ ਪੈਦਲ ਟੁਰਨਾ ਸ਼ੁਗਲ ਬਣ ਜਾਵੇ ਤਾਂ ਸਭ ਬਿਮਾਰੀਆਂ ਪਿੱਛੇ ਰਹਿ ਜਾਣਗੀਆਂ।

ਟੈਲੀਵਿਜ਼ਨ ਇਸ ਲਈ ਵਧੇਰੇ ਵੇਖਿਆ ਜਾਂਦਾ ਹੈ, ਕਿਉਂਕਿ ਇਸ ਨੂੰ ਵੇਖਣ ਲਈ ਕਿਸੇ ਯੋਗਤਾ ਜਾਂ ਅਕਲ ਦੀ ਲੋੜ ਨਹੀਂ ਪੈਂਦੀ।

ਪਿੰਜਰੇ ਦੇ ਪੰਛੀ ਨੂੰ ਪਤਾ ਨਹੀਂ ਲੱਗਦਾ ਕਿ ਮਾਲਕ ਦੋਸਤ ਹੈ ਕਿ ਦੁਸ਼ਮਣ; ਭੋਜਨ ਮਿਲਦਾ ਹੈ, ਦੋਸਤ ਲੱਗਦਾ ਹੈ; ਪਿੰਜਰਾ ਵੇਖਦਾ ਹੈ, ਦੁਸ਼ਮਣ ਲੱਗਦਾ ਹੈ।

ਹੀਰਾ, ਸ਼ਿੰਗਾਰ ਵਿਚ ਅਤੇ ਬੰਦਾ, ਪਰਿਵਾਰ ਵਿਚ ਹੀ ਚਮਕਦਾ ਹੈ।

ਘਰ ਅਜਿਹਾ ਸਥਾਨ ਹੁੰਦਾ ਹੈ, ਜਿਥੇ ਪਰਿਵਾਰ ਰਹਿ ਕੇ ਪ੍ਰਸੰਨ ਹੁੰਦਾ ਹੈ, ਮਹਿਮਾਨ ਆ ਕੇ ਖ਼ੁਸ਼ ਹੁੰਦਾ ਹੈ।

ਘੋੜੇ ਦੀ ਭਰਪੂਰ ਸਿਫ਼ਤ, ਮਾਲਕ ਕਾਠੀ ਤੋਂ ਉਤਰਨ ਵੇਲੇ ਕਰਦਾ ਹੈ।

ਆਪਣੀ ਪ੍ਰੇਮਿਕਾ ਨੂੰ ਮਿਲਣ ਜਾ ਰਿਹਾ ਮਹਿਬੂਬ, ਕਲਪਨਾ ਵਿਚ ਪਹਿਲਾਂ ਹੀ ਉਸ ਦੀ ਗਲਵੱਕੜੀ ਵਿਚ ਹੁੰਦਾ ਹੈ।

ਸਭ ਤੋਂ ਅਦਭੁਤ ਅਤੇ ਸੁੰਦਰ ਇਸਤਰੀ ਉਹ ਹੁੰਦੀ ਹੈ, ਜਿਹੜੀ ਚਾਹੀ ਜਾਂਦੀ ਹੈ, ਪਰ ਮਿਲਦੀ ਨਹੀਂ।

ਜਿਹੜਾ ਕਵੀ, ਮਹਿਬੂਬ ਦੀ ਹਾਜ਼ਰੀ ਵਿਚ ਵੀ ਕਲਮ-ਕਾਗਜ਼ ਪਰ੍ਹੇ ਨਹੀਂ ਰੱਖਦਾ; ਉਸ ਦੇ ਕਾਵਿ-ਸੰਗ੍ਰਹਿ, ਉਸ ਦੇ ਮਰਨ ਤੋਂ ਪਹਿਲਾਂ ਹੀ ਮਰ ਜਾਣਗੇ।

ਕਈ ਵਾਰੀ ਦਸਤਖ਼ਤਾਂ ਵਿਚੋਂ ਵਿਅਕਤੀ ਦੇ ਚਰਿੱਤਰ ਦੇ ਨਾਲ-ਨਾਲ ਉਸ ਦਾ ਨਾਂ ਵੀ ਪਤਾ ਲੱਗ ਜਾਂਦਾ ਹੈ।

ਹਰ ਸੱਭਿਆਚਾਰ ਵਿਚ, ਇਹ ਲਗਭਗ ਨਿਸਚਿਤ ਹੁੰਦਾ ਹੈ ਕਿ ਇਸਤਰੀ ਕਿਵੇਂ ਦਿਖਾਈ ਦੇਵੇ।



Scanned by CamScanner

ਗੱਲਬਾਤ ਵਿਚ ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਕੀ ਕਹਿਣਾ ਹੈ, ਪਰ ਇਹ ਪਤਾ ਨਹੀਂ ਹੁੰਦਾ ਕਿ ਸਾਨੂੰ ਕੀ ਸੁਣਨਾ ਪਏਗਾ।

ਜਿਉਂ-ਜਿਉਂ ਤੁਸੀਂ ਜੀਵਨ ਵਿਚ ਸਫ਼ਲ ਹੁੰਦੇ ਜਾਓਗੇ, ਤਿਉਂ-ਤਿਉਂ ਤੁਹਾਨੂੰ ਪਰੇਸ਼ਾਨ ਕਰਨ ਵਾਲਿਆਂ ਦੀ ਗਿਣਤੀ ਵੀ ਵਧਦੀ ਜਾਵੇਗੀ।

ਜ਼ਿੰਦਗੀ ਵੀ ਇਕ ਕੋਰਸ ਹੈ, ਸਿਲੇਬਸ ਲੰਮਾ ਹੈ, ਕਈ ਕੰਮ ਇਲੈਕਟਿਵ ਅਤੇ ਕਈ ਆਪਸ਼ਨਲ ਹੁੰਦੇ ਹਨ, ਨਤੀਜਾ ਬੁਢਾਪੇ ਵਿਚ ਨਿਕਲਦਾ ਹੈ, ਡਿਗਰੀ ਮਰਨ ਉਪਰੰਤ, ਅੰਤਿਮ ਅਰਦਾਸ ਸਮੇਂ ਮਿਲਦੀ ਹੈ।

ਹਰ ਕੋਈ ਆਪਣੀ ਕਿਸਮ ਦੇ ਯਥਾਰਥ ਅਤੇ ਆਪਣੀ ਕਿਸਮ ਦੇ ਭਰਮ ਵਿਚ ਜਿਊਂਦਾ ਹੈ।

ਜੇ ਕਿਸੇ 'ਤੇ ਹੱਸੋਗੇ ਤਾਂ ਉਹ ਤੁਹਾਡੇ ਵਰਗਾ ਲੱਗਣ ਲੱਗ ਪਏਗਾ।

ਰੁੱਸੇ ਹੋਏ ਪਤੀ-ਪਤਨੀ ਨੂੰ, ਇਕ-ਦੂਜੇ ਪ੍ਰਤੀ ਚੁੱਪ ਰਹਿ ਕੇ ਸਵਾਲ ਕਰਨ ਅਤੇ ਜਵਾਬ ਦੇਣ ਦੀ ਆਦਤ ਪੈ ਜਾਂਦੀ ਹੈ।

ਜਿਸ ਦੇ ਚਾਲੇ ਫਾਂਸੀ ਲੱਗਣ ਵਾਲੇ ਹੋਣ, ਉਹ ਡੁੱਬ ਕੇ ਨਹੀਂ ਮਰਦਾ।

ਸ਼ਰਾਬ ਪੀਣ ਨਾਲ ਕਿਸੇ ਸਵਾਲ ਦਾ ਜਵਾਬ ਨਹੀਂ ਮਿਲਦਾ, ਸਾਰੇ ਸਵਾਲ ਹੀ ਗਵਾਚ ਜਾਂਦੇ ਹਨ।

ਮਾੜੀ ਨੀਅਤ ਨਾਲ ਕੀਤਾ ਹਵਨ ਵੀ ਪਾਪ ਹੈ, ਚੰਗੀ ਨੀਅਤ ਨਾਲ ਕੀਤਾ ਕਤਲ ਵੀ ਪੁੰਨ ਹੈ।

ਅਸੀਂ ਬੁੱਢੇ ਹੋਣ ਕਰਕੇ ਹੱਸਣਾ ਨਹੀਂ ਛੱਡ ਦਿੰਦੇ ਸਗੋਂ ਹੱਸਣਾ ਛੱਡਣ ਕਰਕੇ ਬੁੱਢੇ ਹੋ ਜਾਂਦੇ ਹਾਂ।

ਜ਼ਿੰਦਗੀ ਜਿਤਨੀ ਮਰਜ਼ੀ ਮਾੜੀ ਹੋਵੇ, ਇਹ ਮੌਤ ਤੋਂ ਚੰਗੀ ਹੀ ਹੁੰਦੀ ਹੈ।

ਲੇਕਿਨ, ਪਰ, ਕਿੰਤੂ, ਪਰੰਤੂ ਆਦਿ ਰੁਕਾਵਟਾਂ ਦੇ ਨਾਂ ਹਨ।

ਜੇ ਪ੍ਰੇਮਿਕਾ ਦੀਆਂ ਚਿੱਠੀਆਂ ਆਉਂਦੀਆਂ ਰਹਿਣ ਤਾਂ ਇਨਕਾਰ ਦੇ ਇਕਰਾਰ ਵਿਚ ਬਦਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਵਿਆਹ ਦੀ ਪ੍ਰਥਾ, ਇਸਤਰੀ-ਪੁਰਸ਼ ਨੂੰ ਇਕ-ਦੂਜੇ ਨਾਲ ਜੋੜਨ ਨਾਲੋਂ ਵੀ ਵਧੇਰੇ, ਨਿੱਜੀ ਜਾਇਦਾਦ ਦੀ ਰੱਖਿਆ ਕਰਨ ਲਈ ਉਸਾਰੀ ਗਈ ਸੀ।



ਪਿਆਰ ਵਿਚ ਅਸੀਂ ਨੇੜੇ ਵਖਰੇਵਿਆਂ ਕਾਰਨ ਆਉਂਦੇ ਹਾਂ, ਪਰ ਮਾਣਦੇ ਸ

ਜੇਕਰ ਕੋਈ ਬੱਚਾ ਵੀਹ ਮਿੰਟਾਂ ਵਿਚ ਆਪਣੀ ਰੋਟੀ ਨਹੀਂ ਖਾਂਦਾ, ਉਸ ਦੀ ਚੁੱਕ ਕੇ ਜੂਠੇ ਭਾਂਡਿਆਂ ਵਿਚ ਰੱਖ ਦਿਓ, ਤੀਜੇ ਦਿਨ ਖਾਣ ਲਈ ਤੁਹਾਨੂੰ ਕਹਿਣਾ ਨਹੀਂ ਪਏਗਾ।

ਮਨੁੱਖ ਦੀ ਸੂਝ, ਮੌਕੇ ਦਾ ਹਥਿਆਰ ਹੁੰਦੀ ਹੈ।

ਵਕਤ ਦੇ ਅਤਿ ਅਧਿਕ ਪਾਬੰਦ ਵਿਅਕਤੀ ਜਲਦੀ ਚਿੜ ਜਾਂਦੇ ਹਨ, ਗੱਲਬਾਤ ਜਲਦੀ ਮੁਕਾ ਦਿੰਦੇ ਹਨ, ਇਹ ਚੰਗੇ ਪ੍ਰੇਮੀ ਸਾਬਤ ਨਹੀਂ ਹੁੰਦੇ।

ਵਿਰੋਧੀ ਇਕ-ਦੂਜੇ ਨੂੰ ਖਿੱਚ ਵੀ ਪਾਉਂਦੇ ਹਨ ਅਤੇ ਪਰ੍ਹੇ ਵੀ ਧਕੇਲਦੇ ਹਨ।

ਉਮਰ ਕੋਈ ਹੋਵੇ, ਹੋਰ ਜਾਣਨ ਦੀ ਭੁੱਖ ਜਵਾਨ ਰਹਿੰਦੀ ਹੈ।

ਪੈਸਾ ਬਚਾਉਣ ਦੇ ਦੋ ਹੀ ਨੇਮ ਹਨ:
ਪਹਿਲਾ ਨੇਮ: ਪੈਸਾ ਵਿਅਰਥ ਨਾ ਗੁਆਓ
ਦੂਜਾ ਨੇਮ: ਪਹਿਲਾ ਨੇਮ ਨਾ ਭੁੱਲੋ।

ਜਿਹੜੀ ਲੜਕੀ ਆਪਣੇ ਪਿਤਾ ਨੂੰ ਨਫ਼ਰਤ ਕਰਦੀ ਹੈ, ਉਹ ਆਪਣੇ ਪਤੀ ਦਾ ਵੀ ਸਤਿਕਾਰ ਨਹੀਂ ਕਰੇਗੀ।

ਪੈਸਾ ਸਭ ਕੁਝ ਨਹੀਂ ਹੁੰਦਾ, ਪਰ ਮਨ ਦੀ ਸ਼ਾਂਤੀ ਵਾਸਤੇ ਬੈਂਕ ਵਿਚ ਢੇਰ ਪੈਸੇ ਜ਼ਰੂਰ ਜਮ੍ਹਾਂ ਰਹਿਣੇ ਚਾਹੀਦੇ ਹਨ।

ਬਾਣੀਏ ਨੂੰ ਕਮਾਉਣਾ-ਬਚਾਉਣਾ ਆਉਂਦਾ ਹੈ, ਖਰਚਣਾ ਨਹੀਂ ਆਉਂਦਾ; ਕਿਸਾਨ ਨੂੰ ਕਮਾਉਣਾ-ਖਰਚਣਾ ਆਉਂਦਾ ਹੈ, ਬਚਾਉਣਾ ਨਹੀਂ ਆਉਂਦਾ।

ਜਦੋਂ ਵੀ ਕੋਈ ਵਰਤਾਰਾ ਸਹੂਲਤ ਨਾਲੋਂ ਵਧੇਰੇ ਰੁਕਾਵਟ ਬਣ ਜਾਵੇਗਾ; ਉਸ ਨੂੰ ਬਦਲਣ ਅਤੇ ਸੁਧਾਰਨ ਦੀਆਂ ਗੱਲਾਂ ਹੋਣ ਲੱਗ ਪੈਣਗੀਆਂ।

ਯੁੱਧ, ਚੋਣ, ਖੇਡ ਅਤੇ ਜੂਏ ਵਿਚ ਕੇਵਲ ਅਤੇ ਕੇਵਲ ਜਿੱਤ ਮਹੱਤਵਪੂਰਨ ਹੁੰਦੀ ਹੈ।

ਜੇ ਪਿਆਰ ਹੋਵੇਗਾ ਤਾਂ ਨਾਂ ਤੁਹਾਡਾ ਪੁੱਛਿਆ ਜਾਵੇਗਾ, ਦੱਸਿਆ ਮਹਿਬੂਬ ਦਾ ਜਾਵੇਗਾ; ਲੱਭੋਗੇ ਮਹਿਬੂਬ ਨੂੰ, ਗੁਆਚ ਆਪ ਜਾਵੋਗੇ।

ਸਾਰੇ ਹਥਿਆਰ ਅਤੇ ਸੰਦ ਅੰਗੂਠੇ ਦਾ ਕਮਾਲ ਹਨ; ਅੰਗੂਠਾ ਹੱਥ ਦਾ ਦਿਮਾਗ ਹੈ।



Scanned by CamScanner

ਹੁਣ ਜੇ ਪਤੀ ਨੂੰ ਝੱਟ ਗੁੱਸਾ ਚੜ੍ਹ ਜਾਂਦਾ ਹੈ ਤਾਂ ਪਤਨੀ ਨੂੰ ਉਸ ਤੋਂ ਵੀ ਜਲਦੀ ਚੜ੍ਹ ਜਾਂਦਾ ਹੈ।

ਸਭ ਕੁਝ ਕਰਨਾ, ਕਿਸੇ ਲਈ ਵੀ ਸੰਭਵ ਨਹੀਂ ਹੁੰਦਾ; ਕੋਇਲ ਨੂੰ ਨੱਚਣਾ ਨਹੀਂ ਆਉਂਦਾ, ਮੋਰ ਨੂੰ ਗਾਉਣਾ ਨਹੀਂ ਆਉਂਦਾ।

ਵਿਆਹ ਉਤੇ ਕੀਤਾ ਖਰਚ, ਵਿਆਹ ਦੀ ਸਫ਼ਲਤਾ ਦਾ ਅਧਾਰ ਨਹੀਂ ਬਣਦਾ।

ਸੁਪਨਿਆਂ ਦੇ ਸੱਚ ਹੋਣ ਦੀ ਆਸ, ਜ਼ਿੰਦਗੀ ਨੂੰ ਥੱਕਣ ਨਹੀਂ ਦਿੰਦੀ।

ਅਨੇਕਾਂ ਨੇ ਡਿਗਦਾ ਸੇਬ ਹੀ ਵੇਖਿਆ ਸੀ, ਨਿਊਟਨ ਨੇ ਡਿਗਦੇ ਸੇਬ ਵਿਚੋਂ ਛੁਪਿਆ ਨੇਮ ਵੀ ਵੇਖਿਆ ਸੀ, ਅਣਗਿਣਤ ਨੂੰ ਕੁਝ ਵੀ ਵਿਖਾਈ ਨਹੀਂ ਸੀ ਦਿੱਤਾ।

ਨਵੇਂ ਦੀ ਚਣੌਤੀ ਸਦੀਵੀ ਹੈ, ਪੁਰਾਣਾ ਹੋ ਜਾਣ ਦਾ ਡਰ ਸਰਬ-ਵਿਆਪਕ ਹੈ।

ਜੇ ਕਿਸੇ ਨੂੰ ਉਧਾਰੇ ਮੰਗੇ ਪੈਸਿਆਂ ਦੀ ਪੂਰੀ ਮਦਦ ਦੇ ਦਿੱਤੀ ਜਾਵੇ ਤਾਂ ਉਹ ਮਿਹਨਤ ਅਤੇ ਜਦੋਜਹਿਦ ਕਰਨੀ ਤਿਆਗ ਦੇਵੇਗਾ ਅਤੇ ਉਸ ਤੋਂ ਆਪਣੇ ਪੈਸੇ ਲੈਣ ਲਈ, ਤੁਹਾਨੂੰ ਜਦੋਜਹਿਦ ਅਤੇ ਮਿਹਨਤ ਕਰਨੀ ਪਵੇਗੀ।

ਨਵੇਂ, ਪੁਰਾਣਿਆਂ ਨੂੰ ਪੁਰਾਤਨ ਸਿੱਧ ਕਰਦੇ ਕਰਦੇ, ਆਪ ਪੁਰਾਣੇ ਹੋ ਜਾਂਦੇ ਹਨ।

ਕਿਸੇ ਵਿਰੁੱਧ ਕੁਝ ਵੀ ਕਰਨ ਤੋਂ ਪਹਿਲਾਂ, ਸੰਭਾਵੀ ਸਿੱਟਿਆਂ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ, ਇਸ ਧਿਆਨ ਕਾਰਨ ਪਛਤਾਵੇ ਨਹੀਂ ਉਪਜਣਗੇ।

ਜਿਥੇ ਘਰ ਵਿਚ ਮਾਪੇ ਆਪਸ ਵਿਚ ਲੜਦੇ ਹਨ, ਉਥੇ ਬੱਚੇ ਸਭ ਥਾਵਾਂ 'ਤੇ ਹਰ ਕਿਸੇ ਨਾਲ ਲੜਨਾ ਸਿੱਖ ਲੈਂਦੇ ਹਨ।

ਜਦੋਂ ਪਹਿਲਾ ਪਿਆਰ ਟੁੱਟਦਾ ਹੈ ਤਾਂ ਮਾਤਮੀ ਉਦਾਸੀ ਨਾਲ ਇਹ ਸਾਡੀ ਪਹਿਲੀ ਜਾਣ-ਪਛਾਣ ਹੁੰਦੀ ਹੈ।

ਕੁਝ 'ਤੇ ਕਲੰਕ ਲੱਗਦਾ ਹੈ, ਪਰ ਕੁਝ ਕਲੰਕ ਲਗਵਾ ਵੀ ਲੈਂਦੇ ਹਨ।

ਜੇ ਪ੍ਰਸ਼ਨ ਪੁੱਛਣ ਦੀ ਦਲੇਰੀ ਕੀਤੀ ਹੈ ਤਾਂ ਉੱਤਰ ਸੁਣਨ ਦੀ ਹਿੰਮਤ ਵੀ ਵਿਖਾਓ।

ਜਦੋਂ ਕੋਈ ਨਿਰਣਾ ਸੁਣਾਉਂਦਾ ਹੈ ਤਾਂ ਸੁਣਨ ਵਾਲਿਆਂ ਦੀ ਦਿਲਚਸਪੀ ਸੁਣਾਉਣ ਵਾਲੇ ਵਿਚ ਨਹੀਂ, ਨਿਰਣੇ ਵਿਚ ਹੋ ਜਾਂਦੀ ਹੈ।

ਆਪਣੀ ਅਸਫ਼ਲਤਾ ਬਾਰੇ ਅਸੀਂ ਕਿਸੇ ਦੀ ਸਫ਼ਲਤਾ ਰਾਹੀਂ ਹੀ ਜਾਣੂ ਹੁੰਦੇ ਹਾਂ।



ਬੋਲਣ, ਸਮਝਣ, ਪੜ੍ਹਨ ਅਤੇ ਲਿਖਣ ਦੀਆਂ ਗਲਤੀਆਂ ਕਰਨ ਤੋਂ ਬਿਨਾਂ ਕੋਈ ਭਾਸ਼ਾ ਨਹੀਂ ਸਿੱਖੀ ਜਾ ਸਕਦੀ।

ਭਾਵੇਂ ਕੁਝ ਬਣੋ, ਕੋਈ ਨਾ ਕੋਈ, ਤੁਹਾਡੇ ਤੋਂ ਚੰਗੇਰਾ ਹੋਵੇਗਾ।

ਜਿਸ ਪੁਸਤਕ ਵਿਚਲੇ ਪਾਤਰਾਂ ਦੇ ਨਾਂ ਪੜ੍ਹਨੇ-ਬੋਲਣੇ ਮੁਸ਼ਕਿਲ ਹੋਣ, ਉਹ ਪੁਸਤਕ ਹਰਮਨ ਪਿਆਰੀ ਨਹੀਂ ਬਣਦੀ।

ਜੂਏ ਵਿਚ ਜਿੱਤੀਆਂ ਮੁੱਢਲੀਆਂ ਬਾਜ਼ੀਆਂ, ਤੁਹਾਨੂੰ ਜੂਏਬਾਜ਼ ਬਣਾ ਦੇਣਗੀਆਂ।

ਜੇ ਕੋਲ ਪੈਸਾ ਹੋਵੇ ਤਾਂ ਕੋਈ ਇਕੱਲਾ ਨਹੀਂ ਹੁੰਦਾ।

ਜੋ ਅਸੀਂ ਵੇਖਦੇ ਹਾਂ, ਉਹ ਦਿਸਣ ਵਾਲਾ ਕੇਵਲ ਉਪਰਲਾ ਭਾਗ ਹੁੰਦਾ ਹੈ; ਜਿਵੇਂ ਅੱਥਰੂ ਦਿਸਦੇ ਹਨ, ਦੁੱਖ ਨਹੀਂ ਦਿਸਦਾ; ਝੀਲ ਦਿਸਦੀ ਹੈ, ਡੂੰਘਾਈ ਨਹੀਂ ਦਿਸਦੀ।

ਜਦੋਂ ਕੋਈ ਛਾਤੀ-ਬਾਹਵਾਂ ਫੈਲਾ ਕੇ ਕਹਿੰਦਾ ਹੈ: ਮੈਂ ਹੰਕਾਰ ਨਹੀਂ ਕਰਦਾ, ਉਹ ਹੰਕਾਰ ਹੀ ਤਾਂ ਕਰ ਰਿਹਾ ਹੁੰਦਾ ਹੈ।

ਖ਼ਜ਼ਾਨੇ ਹਮੇਸ਼ਾਂ ਛੁਪੇ ਹੋਏ ਹੁੰਦੇ ਹਨ, ਇਹ ਲੱਭਣੇ ਪੈਂਦੇ ਹਨ।

ਕੱਚੇ ਇਰਾਦੇ ਵਾਲਾ ਵਿਅਕਤੀ ਕੰਮ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ; ਪੱਕੇ ਇਰਾਦੇ ਵਾਲਾ ਕੋਸ਼ਿਸ਼ ਨਹੀਂ ਕਰਦਾ, ਕੰਮ ਕਰਦਾ ਹੈ।

ਜਦੋਂ ਕੋਈ ਕਹੇ: ਮੇਰੀ ਚਿੰਤਾ ਨਾ ਕਰਨਾ, ਉਸ 'ਤੇ ਨਜ਼ਰ ਰੱਖੋ।

ਹਰ ਥਾਂ ਆਪਣੀ ਪ੍ਰਸੰਸਾ ਕਰਵਾਉਣ ਦੇ ਤਾਂਘਵਾਨ ਸਿੱਧ ਕਰਦੇ ਹਨ ਕਿ ਉਨ੍ਹਾਂ ਵਿਚੋਂ ਯੋਗਤਾ ਗ਼ੈਰਹਾਜ਼ਰ ਹੈ।

ਜਿਹੜਾ ਵਧੇਰੇ ਦੁਖੀ ਹੋਵੇਗਾ, ਉਹ ਵਧੇਰੇ ਬੋਲੇਗਾ, ਇਸੇ ਕਾਰਨ ਇਸਤਰੀਆਂ ਵਧੇਰੇ ਬੋਲਦੀਆਂ ਹਨ।

ਮਾਂਵਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਸੰਸਾਰ ਵਿਚ ਕੁਝ ਹੋਰ ਉਨ੍ਹਾਂ ਦਾ ਹੈ ਜਾਂ ਨਹੀਂ, ਬੱਚੇ ਉਨ੍ਹਾਂ ਦੇ ਹਨ।

ਪਤੀ-ਪਤਨੀ ਦੀ ਗੱਲਬਾਤ ਵਿਚ ਬੋਲੇ ਸ਼ਬਦ ਜਾਂਦੇ ਹਨ, ਸਮਝੇ ਵਾਕ ਜਾਂਦੇ ਹਨ।

ਉਪਰਲਿਆਂ ਨਾਲ ਨਿਮਰਤਾ ਵਿਖਾਉਣੀ ਮਜਬੂਰੀ ਹੁੰਦੀ ਹੈ; ਬਰਾਬਰ ਦਿਆਂ ਨਾਲ ਨਿਮਰਤਾ ਵਿਖਾਉਣੀ ਸਵਾਰਥ ਹੁੰਦੀ ਹੈ; ਨਿਮਰਤਾ ਗੁਣ ਤਾਂ ਹੀ ਬਣਦੀ ਹੈ, ਜੇ ਇਹ ਨੀਵਿਆਂ ਨਾਲ ਵਿਖਾਈ ਜਾਵੇ।



Scanned by CamScanner

ਬੱਚਿਆਂ ਨੂੰ ਗੋਦੀ ਵਿਚ ਬੈਠਾ ਕੇ ਮਾਂਵਾਂ ਆਪ ਗੋਦੀ ਦਾ ਨਿੱਘ ਮਾਣਦੀਆਂ ਹਨ।

ਪ੍ਰੇਮੀ ਇਕ-ਦੂਜੇ ਨੂੰ ਆਪਣੇ ਅਨੇਕਾਂ ਭੇਤ, ਬੋਲੇ ਬਿਨਾਂ ਦੱਸਦੇ ਰਹਿੰਦੇ ਹਨ।

ਕਿਸੇ ਸਮੇਂ ਕਾਰਖਾਨੇ ਦੀ ਚਿਮਨੀ ਵਿਚੋਂ ਉਠਦਾ ਧੂੰਆਂ ਖ਼ੁਸ਼ਹਾਲੀ ਅਤੇ ਰੋਜ਼ਗਾਰ ਦਾ ਸੂਚਕ ਸੀ, ਹੁਣ ਇਹ ਪ੍ਰਦੂਸ਼ਣ ਦਾ ਸੂਚਕ ਹੈ।

ਅਜਨਬੀ ਨਾਲ ਜੇ ਖੁੱਲ੍ਹ ਕੇ ਗੱਲਬਾਤ ਕੀਤੀ ਜਾਵੇ ਤਾਂ ਉਹ ਆਪਣੇ ਵਰਗਾ ਨਿਕਲ ਆਉਂਦਾ ਹੈ।

ਪ੍ਰੇਮੀ ਰਸਤਾ ਨਹੀਂ ਵੇਖਦੇ, ਇਕ-ਦੂਜੇ ਵੱਲ ਵੇਖਦੇ ਹਨ।

ਭਾਰਤ ਵਿਚ ਆਪਣੀਆਂ ਇੱਛਾਵਾਂ ਮਾਰਨ 'ਤੇ ਅਤੇ ਪੱਛਮ ਵਿਚ ਆਪਣੀਆਂ ਇੱਛਾਵਾਂ ਪੂਰੀਆਂ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਚਤੁਰ ਬੰਦੇ ਦਾ ਸਰੀਰ ਭਾਵੇਂ ਬੁੱਢਾ ਹੋ ਜਾਂਦਾ ਹੈ, ਪਰ ਉਸ ਦੀ ਚਤੁਰਾਈ ਜਵਾਨ ਹੀ ਰਹਿੰਦੀ ਹੈ।

ਜੇ ਕਿਸੇ ਗੱਲ ਨੂੰ ਛੇ ਕੰਨ ਸੁਣ ਰਹੇ ਹੋਣ ਤਾਂ ਉਹ ਗੱਲ ਭੇਤ ਨਹੀਂ ਰਹਿੰਦੀ, ਭੇਤ ਚਾਰ ਕੰਨਾਂ ਵਿਚਕਾਰ ਹੀ ਰਹਿ ਸਕਦਾ ਹੈ।

ਘੋੜਾ, ਹਥਿਆਰ, ਪੁਸਤਕ ਅਤੇ ਸਾਜ਼ ਦੇ ਮੁੱਲਵਾਨ ਜਾਂ ਨਿਕੰਮੇ ਹੋਣ ਦਾ ਨਿਰਣਾ, ਇਸ ਅਧਾਰ 'ਤੇ ਹੁੰਦਾ ਹੈ ਕਿ ਇਹ ਕਿਸ ਕੋਲ ਹਨ।

ਔਰਤ ਦੇ ਮਾਂ ਬਣਨ 'ਤੇ, ਉਸ ਲਈ ਸੰਸਾਰ ਦੇ ਹੋਰ ਸਾਰੇ ਰਿਸ਼ਤੇ ਛੋਟੇ ਹੋ ਜਾਂਦੇ ਹਨ।

ਜਿਸ ਅਫ਼ਵਾਹ ਨਾਲ ਇਸਤਰੀ ਦਾ ਨਾਂ ਜੁੜ ਜਾਵੇ, ਉਸ ਦੇ ਫੈਲਣ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ।

ਹਾਕਮ ਮਾੜੇ ਸਲਾਹਕਾਰਾਂ ਕਾਰਨ; ਇਸਤਰੀ ਨਾਜਾਇਜ਼ ਸਬੰਧਾਂ ਕਾਰਨ; ਪੁੱਤਰ ਵਧੇਰੇ ਲਾਡ ਕਾਰਨ; ਵਿਦਵਾਨ ਹੰਕਾਰ ਕਾਰਨ ਅਤੇ ਪੁਰਸ਼ ਭੈੜੀ ਸੰਗਤ ਕਾਰਨ, ਬਰਬਾਦ ਹੋ ਜਾਂਦੇ ਹਨ।

ਵਿਆਹ ਕਰਵਾਓ, ਤੁਹਾਨੂੰ ਇਤਰਾਜ਼ ਕਰਨੇ ਆਪੇ ਆ ਜਾਣਗੇ ਅਤੇ ਪਤਨੀ ਨੂੰ ਤੁਹਾਡੇ ਨੁਕਸ ਆਪੇ ਦਿਸਣ ਲੱਗ ਪੈਣਗੇ।

ਵਿਆਹੀ ਧੀ ਦੀ ਮਾਂ ਹੋਣਾ ਸੌਖਾ ਨਹੀਂ ਹੁੰਦਾ, ਕਿਉਂਕਿ ਧੀ ਦੀ ਜ਼ਿੰਦਗੀ ਵਿਚ ਕਿਤਨੇ ਹੀ ਹੋਰ ਲੋਕ ਆ ਚੁੱਕੇ ਹੁੰਦੇ ਹਨ, ਜਿਨ੍ਹਾਂ ਦਾ ਮਾਂ ਨੂੰ, ਧੀ ਨਾਲੋਂ ਵੀ ਵਧੇਰੇ ਧਿਆਨ ਰੱਖਣਾ ਪੈਂਦਾ ਹੈ।



ਸੋਨੇ ਦੀ ਘੜੀ ਨਾਲ ਵਕਤ ਸੋਹਣਾ ਅਤੇ ਕ...

ਦੰਦ-ਸਾਜ਼ ਅਤੇ ਐਨਕ-ਸਾਜ਼ ਨਾਲ ਬਹਿਸ ਨਹੀਂ ਕਰਨੀ ਚਾਹੀਦੀ।

ਜੇ ਤਕਲੀਫ਼ ਤੁਹਾਨੂੰ ਹੈ, ਉਸ ਤਕਲੀਫ਼ ਵਾਲੇ ਹੋਰਾਂ ਨੂੰ ਸੁਣੋ; ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡੀ ਤਕਲੀਫ਼ ਤਾਂ ਤਕਲੀਫ਼ ਹੈ ਹੀ ਨਹੀਂ।

ਸੌ ਸਾਲ ਜਿਊਣ ਦੇ ਉਦੇਸ਼ ਨਾਲ ਜੇ ਜੀਵਨ ਵਿਚੋਂ ਸਾਰੇ ਸਵਾਦ ਕੱਢ ਦੇਵੋਗੇ ਤਾਂ ਕੁਝ ਮਹੀਨਿਆਂ ਵਿਚ ਹੀ ਤੁਹਾਨੂੰ ਸੌ ਸਾਲ ਦੇ ਹੋਣ ਦੀ ਥਕਾਵਟ ਅਤੇ ਪਰੇਸ਼ਾਨੀ ਘੇਰ ਲਵੇਗੀ।

ਇਕ ਛਾਲ ਮਾਰੋਗੇ, ਉਹ ਵਡੇਰੀ ਛਾਲ ਮਾਰਨ ਦਾ ਰਾਹ ਖੋਲ੍ਹ ਦੇਵੇਗੀ।

ਪਰਿਵਾਰ ਵਿਚ, ਭੋਜਨ ਦੀ ਵੰਡ ਵਿਚ, ਅਚੇਤ ਹੀ ਪੁਰਸ਼ਾਂ ਦੇ ਪੱਖ ਵਿਚ ਵਿਤਕਰਾ ਹੁੰਦਾ ਹੈ ਅਤੇ ਹੁੰਦਾ ਰਹਿੰਦਾ ਹੈ।

ਚੁੱਪ ਹੋਏ ਬਿਨਾਂ ਅਰਾਮ ਨਹੀਂ ਕੀਤਾ ਜਾ ਸਕਦਾ, ਚੁੱਪ ਵਿਚ ਹੀ ਅਰਾਮ ਹੈ।

ਚੰਗਾ ਸਿਧਾਂਤ ਸਾਡੀ ਸਮੱਸਿਆ ਵੀ ਹੱਲ ਕਰਦਾ ਹੈ, ਸਾਨੂੰ ਬਲਵਾਨ ਵੀ ਬਣਾਉਂਦਾ ਹੈ ਅਤੇ ਸਾਡਾ ਗਿਆਨ ਵੀ ਵਧਾਉਂਦਾ ਹੈ।

ਧਨ ਆਉਣ ਨਾਲ, ਸਾਡਾ ਅਨੁਭਵ ਵਿਸ਼ਾਲ ਹੋ ਜਾਂਦਾ ਹੈ।

ਜੇ ਮਹਿਮਾਨ ਦੇ ਬੈਠਿਆਂ, ਮੇਜ਼ਬਾਨ ਇਧਰੋਂ-ਉਧਰੋਂ ਕੁਝ ਲੱਭਣ ਲੱਗ ਪਏ ਤਾਂ ਇਹ ਮਹਿਮਾਨ ਲਈ ਰਵਾਨਾ ਹੋ ਜਾਣ ਦਾ ਸੰਕੇਤ ਹੁੰਦਾ ਹੈ।

ਜਿਹੜਾ ਮੁਸੀਬਤ ਵਿਚ ਬਹੁੜੇ, ਭਾਵੇਂ ਕਿਸੇ ਜ਼ਾਤ ਦਾ ਹੋਵੇ, ਉਹ ਦੋਸਤੀ ਦੇ ਯੋਗ ਹੁੰਦਾ ਹੈ।

ਪਾਣੀ ਦਾ ਸੁਭਾਓ ਅੱਗ ਬੁਝਾਉਣਾ ਹੁੰਦਾ ਹੈ, ਉਬਲਦਾ ਹੋਇਆ ਤੱਤਾ ਪਾਣੀ ਵੀ ਅੱਗ ਬੁਝਾਉਂਦਾ ਹੈ।

ਵਿਹਲੇ ਬੰਦੇ ਆਪਣੇ ਸਾਥ ਨਾਲ ਹੀ ਭ੍ਰਿਸ਼ਟ ਹੋ ਜਾਂਦੇ ਹਨ।

ਬਹਾਨਾ, ਝੂਠ ਨਾਲੋਂ ਭੈੜਾ ਹੁੰਦਾ ਹੈ; ਝੂਠ ਕੇਵਲ ਝੂਠ ਹੁੰਦਾ ਹੈ, ਬਹਾਨਾ ਝੂਠ ਦੇ ਨਾਲ-ਨਾਲ ਬਹਾਨਾ ਵੀ ਹੁੰਦਾ ਹੈ।

ਯੋਗਤਾ ਹੋਣੀ ਚੰਗੀ ਗੱਲ ਹੈ, ਪਰ ਯੋਗਤਾ ਪਛਾਣਨ ਦੀ ਯੋਗਤਾ, ਆਪਣੀ ਯੋਗਤਾ ਹੋਣ ਨਾਲੋਂ ਵੀ, ਵਡੇਰੀ ਯੋਗਤਾ ਹੁੰਦੀ ਹੈ।



Scanned by CamScanner

ਖਿਮਾ ਦੀ ਭਾਵਨਾ, ਗ੍ਰਹਿਸਥ ਦੀਆਂ ਸਾਰੀਆਂ ਸਮੱਸਿਆਵਾਂ ਦਾ ਇਲਾਜ ਹੁੰਦੀ ਹੈ।

ਧਰਮ ਵੱਖਰੇ ਹਨ, ਕਿਉਂਕਿ ਇਹ ਮਨੁੱਖਾਂ ਨੇ ਬਣਾਏ ਹਨ; ਆਤਮਾ ਇਕ ਹੀ ਹੈ, ਕਿਉਂਕਿ ਇਹ ਪਰਮਾਤਮਾ ਨੇ ਬਣਾਈ ਹੈ।

ਗੋਪੀਆਂ ਦੀ ਯੂਨੀਅਨ ਦੀ ਮੰਗ ਹੈ: ਇਕ-ਕ੍ਰਿਸ਼ਨ, ਇਕ-ਗੋਪੀ ਦਾ ਨੇਮ ਲਾਗੂ ਹੋਣਾ ਚਾਹੀਦਾ ਹੈ।

ਪੰਜਾਬ ਦੀ ਕੋਈ ਵੀ ਨਦੀ ਸਮੁੰਦਰ ਤਕ ਨਹੀਂ ਪਹੁੰਚਦੀ, ਸਤਲੁਜ ਬਿਆਸ ਵਿਚ; ਬਿਆਸ ਝਨਾਂ ਵਿਚ ਡਿਗ ਪੈਂਦੀ ਹੈ, ਜਿਸ ਵਿਚ ਰਾਵੀ ਪਹਿਲਾਂ ਹੀ ਡੁੱਬੀ ਹੁੰਦੀ ਹੈ; ਝਨਾਂ, ਸਿੰਧ ਵਿਚ ਡੁੱਬ ਕੇ ਹੀ ਸਮੁੰਦਰ ਨੂੰ ਅਪੜਦੀ ਹੈ।

ਜਦੋਂ ਕੋਈ 'ਮੈਂ ਕਰਾਂਗਾ' ਕਹਿਣ ਦੀ ਥਾਂ ਕਹੇ 'ਮੈਂ ਕੋਸ਼ਿਸ਼ ਕਰਾਂਗਾ' ਉਹ ਕੁਝ ਨਹੀਂ ਕਰੇਗਾ, ਉਹ ਕੋਸ਼ਿਸ਼ ਵੀ ਨਹੀਂ ਕਰੇਗਾ।

ਪਹਾੜ ਹੌਸਲੇ ਦਾ, ਪੰਛੀ ਕਲਪਨਾ ਦਾ, ਸੂਰਜ ਨਿਰੰਤਰਤਾ ਦਾ, ਸਮੁੰਦਰ ਵਿਸ਼ਾਲਤਾ ਦਾ ਅਤੇ ਦਰੱਖ਼ਤ ਵਿਕਾਸ ਦਾ ਪ੍ਰਤੀਕ ਹੁੰਦੇ ਹਨ, ਇਨ੍ਹਾਂ ਦੇ ਨੇੜੇ ਰਹੋ।

ਜੋ ਵੀ ਆਪਣੇ ਜੀਵਨ ਦਾ ਪੱਧਰ ਉੱਚਾ ਚੁੱਕਣਾ ਚਾਹੁੰਦਾ ਹੈ, ਉਸ ਨੂੰ ਸੌਖਾ ਰਾਹ ਅਤੇ ਝਟਪਟ ਦੀ ਤਸੱਲੀ ਤਿਆਗਣੀ ਪਏਗੀ।

ਗ੍ਰਾਮੀਣ ਸਮਾਜ ਵਿਚ ਮਨੁੱਖਾਂ ਦਾ ਹੀ ਨਹੀਂ; ਘੋੜਿਆਂ, ਮੱਝਾਂ, ਗਊਆਂ ਆਦਿ ਦਾ ਵੀ ਖਾਨਦਾਨ ਵੇਖਿਆ ਜਾਂਦਾ ਹੈ।

ਨਵੇਂ ਵਿਚਾਰ ਉਹ ਹੁੰਦੇ ਹਨ, ਜਿਹੜੇ ਪਹਿਲੇ ਵਿਚਾਰਾਂ ਦੀ ਕਿਸੇ ਵੰਨਗੀ ਵਿਚ ਨਹੀਂ ਰੱਖੇ ਜਾ ਸਕਦੇ।

ਇਸਤਰੀ ਜਦੋਂ ਵੀ ਰਸਤਾ ਭੁੱਲਦੀ ਹੈ, ਉਹ ਝੱਟ ਪੁੱਛ ਲੈਂਦੀ ਹੈ; ਹਉਮੈ ਕਾਰਨ ਪੁਰਸ਼, ਘੁੰਮਦੇ ਰਹਿੰਦੇ ਹਨ, ਪਰ ਰਸਤਾ ਨਹੀਂ ਪੁੱਛਦੇ।

ਪ੍ਰੋਫ਼ੈਸਰ ਦਾ ਯੋਗਦਾਨ ਪੁਸਤਕਾਂ ਪੜ੍ਹਾਉਣਾ ਹੀ ਨਹੀਂ ਹੁੰਦਾ, ਆਪਣੀ ਸ਼ਖ਼ਸੀਅਤ ਦੀ ਛਾਪ ਲਾਉਣਾ ਅਤੇ ਨਵੀਂ ਸੋਚ ਦੀ ਜਾਗ ਲਾਉਣਾ ਵੀ ਹੁੰਦਾ ਹੈ।

ਜਿਹੜਾ ਕੰਮ ਮਾਣ ਨਾਲ ਨਹੀਂ ਕੀਤਾ ਗਿਆ ਹੁੰਦਾ, ਉਹ ਵਗਾਰ ਹੁੰਦਾ ਹੈ।

ਇੰਜੀਨੀਅਰ, ਡਾਕਟਰ, ਵਕੀਲ ਬਣਨ ਦੀ ਇਕ ਉਮਰ ਹੁੰਦੀ ਹੈ, ਪਰ ਚੰਗਾ ਇਨਸਾਨ ਹਰੇਕ ਉਮਰ ਵਿਚ ਬਣਿਆ ਜਾ ਸਕਦਾ ਹੈ।



ਅਜੋਕੇ ਯੁੱਗ ਵਿਚ ਤਾਜ-ਮਹਿਲ ਉਸਾਰਨ ਦੀ ਸਮਰੱਥਾ ਤਾਂ ਕਈਆਂ ਕੋਲ ਹੋਵੇਗੀ, ਪਰ ਉਸ ਨੂੰ ਉਸਾਰਨ ਦੀ ਪ੍ਰੇਰਨਾ ਕਿਸੇ ਵਿਚ ਨਹੀਂ ਹੈ।

ਦੱਖਣੀ ਭਾਰਤ ਦੇ ਮੰਦਰ; ਧੀਰਜ, ਕਲਾ, ਸਹਿਜ ਅਤੇ ਪਰੰਪਰਾ ਦੇ ਗਵਾਹ ਹਨ।

ਪੁਰਸ਼ਾਂ ਦੀ ਦੋਸਤੀ ਦੇ ਦਾਇਰਿਆਂ ਵਿਚ, ਜੇ ਉਨ੍ਹਾਂ ਦੀਆਂ ਪਤਨੀਆਂ ਸ਼ਾਮਲ ਨਾ ਹੋਣ ਤਾਂ ਅਜਿਹੀਆਂ ਦੋਸਤੀਆਂ ਦੀ ਉਮਰ ਲੰਮੀ ਨਹੀਂ ਹੁੰਦੀ।

ਪੁੱਤਰ ਤਾਂ ਆਪਣੀਆਂ ਮਾਂਵਾਂ ਨੂੰ ਚੰਗੇ ਲੱਗਦੇ ਹੀ ਹਨ, ਮਾਂਵਾਂ ਉਹ ਚੰਗੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਨੂੰਹਾਂ ਵੀ ਚੰਗੀਆਂ ਲੱਗਣ।

ਯਾਦ-ਸ਼ਕਤੀ ਨਹੀਂ, ਭੁੱਲਣ-ਸ਼ਕਤੀ ਜ਼ਿੰਦਗੀ ਨੂੰ ਜਿਊਣਯੋਗ ਬਣਾਉਂਦੀ ਹੈ।

ਔਰਤ, ਆਪਣੇ ਦਿਲ ਦੀ ਭਾਨ ਨੂੰ ਵਧੇਰੇ ਅਤੇ ਵਧੇਰੇ ਚਿਰ ਸਾਂਭ ਕੇ ਰੱਖਦੀ ਹੈ।

ਸੰਸਾਰ ਭਰ ਵਿਚ, ਲੋਕਾਂ ਦੇ ਸਿਰ ਮੁੰਨਣ ਕਰਕੇ ਨਾਈ, ਬੜੇ ਹੁਸ਼ਿਆਰ, ਚੁਸਤ, ਤਿੱਖੇ ਅਤੇ ਚਲਾਕ ਹੁੰਦੇ ਹਨ।

ਕਿਸੇ ਦਾ ਝੂਠਾ ਸਨਮਾਨ ਅਤੇ ਸੱਚਾ ਅਪਮਾਨ ਕਰਨ ਦੀ ਬਿਰਤੀ ਕੇਵਲ ਮਨੁੱਖਾਂ ਵਿਚ ਹੈ।

ਜਿਹੜਾ ਲੰਗੜਾ ਕੇ ਟੁਰੇ, ਝੁਕ ਕੇ ਖਲੋਵੇ ਅਤੇ ਟੇਢਾ ਵੇਖੇ, ਉਹ ਲਾੜੇ ਵਜੋਂ ਪ੍ਰਵਾਨ ਨਹੀਂ ਹੁੰਦਾ।

ਪਤਨੀ ਨੂੰ ਪ੍ਰੇਮਿਕਾ ਬਣਾਉਣਾ, ਪਤਨੀ ਦਾ ਆਦਰ ਹੈ; ਪ੍ਰੇਮਿਕਾ ਨੂੰ ਪਤਨੀ ਬਣਾਉਣਾ, ਪ੍ਰੇਮਿਕਾ ਦਾ ਨਿਰਾਦਰ ਹੈ।

ਰਿਸ਼ਤਾ ਬਰਾਬਰ ਦਿਆਂ ਨਾਲ ਹੀ ਨਿਭਦਾ ਹੈ, ਬਾਕੀਆਂ ਨਾਲ ਟੁੱਟਦਾ ਹੀ ਹੈ।

ਪਿਆਰ ਵਿਚ ਨਿਰੰਤਰ ਯਾਤਰਾ ਦਾ ਅਹਿਸਾਸ ਹੁੰਦਾ ਹੈ, ਨਜ਼ਾਰੇ ਮੁੱਕਦੇ ਹੀ ਨਹੀਂ; ਵਿਆਹ ਵਿਚ ਬੰਦ ਗਲੀ ਦੇ ਅੰਤਲੇ ਮਕਾਨ ਵਿਚ ਪਹੁੰਚਣ ਦਾ ਅਹਿਸਾਸ ਹੁੰਦਾ ਹੈ, ਅੱਗੇ ਕੁਝ ਦਿਸਦਾ ਹੀ ਨਹੀਂ।

ਜੇ ਕੋਈ ਆਪਣਾ ਨਿਰਧਾਰਤ ਕੰਮ ਨਿਪੁੰਨਤਾ ਨਾਲ ਕਰਨ ਲੱਗ ਪਏ ਤਾਂ ਉਹ ਅਕਸਰ ਹਰੇਕ ਕੰਮ ਨਿਪੁੰਨਤਾ ਨਾਲ ਕਰਨ ਦੇ ਯੋਗ ਹੋ ਜਾਂਦਾ ਹੈ।

ਲੋਕਾਂ ਦਾ ਭਲਾ ਨਿੱਕੀਆਂ-ਨਿੱਕੀਆਂ ਭਲਾਈਆਂ ਵਿਚ ਹੁੰਦਾ ਹੈ; ਸਰਬਪੱਖੀ ਭਲਾਈ ਕਰਨ ਦੀਆਂ ਗੱਲਾਂ ਧੋਖਾ ਅਤੇ ਚਲਾਕੀ ਹੁੰਦੀਆਂ ਹਨ।



Scanned by CamScanner

ਪੁਰਸ਼ ਦੀ ਹਉਮੈ ਨੂੰ ਜ਼ਖ਼ਮੀ ਕਰਕੇ ਅਤੇ ਇਸਤਰੀ ਦੇ ਸਵੈਮਾਣ ਨੂੰ ਠੇਸ ਪਹੁੰਚਾ ਕੇ, ਕੋਈ ਰਿਸ਼ਤਾ ਸੰਭਵ ਨਹੀਂ ਹੁੰਦਾ।

ਜਿਥੇ ਜਵਾਨਾਂ ਦਾ ਉਦੇਸ਼ ਜੋਖਮ ਵਾਲੇ ਧੰਦਿਆਂ ਦੀ ਥਾਂ ਸੁਰੱਖਿਅਤ ਸਰਕਾਰੀ ਨੌਕਰੀਆਂ ਹੋਣ, ਉਹ ਸਮਾਜ ਪਹਿਲੇ ਦਰਜੇ ਦਾ ਸਮਾਜ ਨਹੀਂ ਬਣਦਾ।

ਚਾਪਲੂਸੀ ਦੀ ਆਦਤ, ਜਾਂਦੀ-ਜਾਂਦੀ ਵੀ ਨਹੀਂ ਜਾਂਦੀ।

ਤਕਨਾਲੋਜੀ ਬਦਲਦੀ ਰਹਿੰਦੀ ਹੈ, ਪਰ ਵਿਗਿਆਨ ਦੇ ਨੇਮ ਉਹੀ ਰਹਿੰਦੇ ਹਨ।

ਜੇ ਰੁੱਸੀ ਹੋਈ ਪਤਨੀ, ਪਤਨੀ ਵਜੋਂ ਨਹੀਂ ਮੰਨਦੀ ਤਾਂ ਆਪਣੇ ਬੱਚਿਆਂ ਦੀ ਮਾਂ ਵਜੋਂ ਮਨਾਓ, ਸਫ਼ਲਤਾ ਮਿਲੇਗੀ।

ਐਤਵਾਰ, ਸ਼ੁਰੂ ਤਾਂ ਸੱਜਰੇ ਉਤਸ਼ਾਹ ਅਤੇ ਮੌਜ-ਮੇਲੇ ਨਾਲ ਹੁੰਦਾ ਹੈ, ਪਰ ਸ਼ਾਮ ਪੈਂਦਿਆਂ-ਪੈਂਦਿਆਂ ਇਹ ਥੱਕ ਜਾਂਦਾ ਹੈ।

ਜਵਾਨੀ ਵਿਚ ਉਹੀ ਰਾਹ ਚੰਗੇ ਲੱਗਦੇ ਹਨ, ਜਿਨ੍ਹਾਂ 'ਤੇ ਕਿਸੇ ਸੋਹਣੇ ਅਤੇ ਪਿਆਰੇ ਦੇ ਮਿਲ ਪੈਣ ਦੀ ਸੰਭਾਵਨਾ ਹੋਵੇ।

ਭਾਵੇਂ ਪੁਰਸ਼ ਮੰਨਦੇ ਨਹੀਂ, ਪਰ ਇਸਤਰੀਆਂ ਦੀ ਪੁਰਸ਼ਾਂ 'ਤੇ ਬੜੀ ਪੱਕੀ ਅਤੇ ਪੀਡੀ ਪਕੜ ਹੁੰਦੀ ਹੈ।

ਸਰੀਰ ਨੂੰ ਵਧੇਰੇ ਵਿਖਾਉਣ ਵਾਲੀ ਇਸਤਰੀ ਦੀ ਅਕਲ ਵੱਲ, ਕਿਸੇ ਦਾ ਧਿਆਨ ਨਹੀਂ ਜਾਂਦਾ।

ਕੰਪਿਊਟਰ-ਤਕਨਾਲੋਜੀ ਉਪਜਾਉਂਦੀ ਕੁਝ ਨਹੀਂ ਪਰ ਇਹ ਰਫ਼ਤਾਰ ਹਰ ਚੀਜ਼ ਦੀ ਤੇਜ਼ ਕਰ ਦਿੰਦੀ ਹੈ।

ਜਦੋਂ ਕੋਈ ਇਸਤਰੀ ਕਿਸੇ ਨੂੰ ਆਪਣਾ ਫੋਨ ਨੰਬਰ ਦਿੰਦੀ ਹੈ ਤਾਂ ਨਾਲ ਹੀ ਫੋਨ ਕਰਨ ਦਾ ਹੌਸਲਾ ਵੀ ਦੇ ਰਹੀ ਹੁੰਦੀ ਹੈ।

ਕਿਸੇ ਵੱਲੋਂ ਕਹੇ ਭੈੜੇ ਸ਼ਬਦਾਂ ਵਿਚ ਯਾਦ ਰਹਿਣ ਦੀ ਸ਼ਕਤੀ ਵਧੇਰੇ ਹੁੰਦੀ ਹੈ।

ਚੰਗੀ ਪੁਸਤਕ, ਪਾਠਕ ਦੀ ਸੋਚ ਨੂੰ ਰਿਜ਼ਕ ਦਿੰਦੀ ਹੈ।

ਕਈ ਚੁੰਮਣ ਸਾਰਾ ਜੀਵਨ ਨਹੀਂ ਭੁੱਲਦੇ, ਕਈ ਮੁਸਕਰਾਹਟਾਂ ਸਾਰਾ ਜੀਵਨ ਵਿਖਾਈ ਦਿੰਦੀਆਂ ਰਹਿੰਦੀਆਂ ਹਨ।



ਇਸਤਰੀ ਲਈ ਪਿਆਰ, ਇਕ ਮੁਕੰਮਲ ਰੁਝੇਵਾਂ ਹੁੰਦਾ ਹੈ; ਪੁਰਸ਼ ਲਈ ਇਹ ਕਈ ਰੁਝੇਵਿਆਂ ਵਿਚੋਂ, ਇਕ ਰੁਝੇਵਾਂ ਹੁੰਦਾ ਹੈ।

ਗੱਲਬਾਤ ਹੁੰਦੀ ਰਹੇ ਤਾਂ ਗਲਤਫ਼ਹਿਮੀ ਨਹੀਂ ਪੈਂਦੀ; ਬਹਿਸ ਜਾਰੀ ਰਹੇ ਤਾਂ ਗਲਤਫ਼ਹਿਮੀ ਕਦੇ ਨਹੀਂ ਮਿਟਦੀ।

ਪੁਰਸ਼ ਨੂੰ ਸਭ ਤੋਂ ਵਧੇਰੇ ਘਬਰਾਹਟ, ਆਪਣੀ ਪ੍ਰੇਮਿਕਾ ਦੇ ਪਿਤਾ ਨੂੰ ਮਿਲਣ ਵੇਲੇ ਹੁੰਦੀ ਹੈ।

ਜੇ ਪਤਨੀ ਨਾਲ ਰਿਸ਼ਤਾ ਸੁਖਾਵਾਂ ਨਾ ਹੋਵੇ ਤਾਂ ਸਾਂਢੂ ਅਤੇ ਸਾਲੇ ਨਾਲ ਮੁਕਾਬਲਾ ਚੱਲ ਪੈਂਦਾ ਹੈ।

ਇਸਤਰੀ ਨੂੰ ਤੋਹਫ਼ਾ ਦੇਣ ਲਈ, ਤੋਹਫ਼ਾ ਖਰੀਦਣ ਵੇਲੇ, ਇਸਤਰੀ ਵਾਂਗ ਸੋਚੋ, ਤਾਂ ਹੀ ਸਫ਼ਲ ਹੋਵੋਗੇ।

ਬਹਿਸ, ਹਰੇਕ ਰਿਸ਼ਤੇ ਦਾ ਭਾਗ ਹੁੰਦੀ ਹੈ, ਸੋ ਬਹਿਸ ਕਰਨ ਦਾ ਸਲੀਕਾ ਸਿੱਖਣ ਦੀ ਲੋੜ ਹੈ, ਨਹੀਂ ਤਾਂ ਬਹਿਸ ਦੁਸ਼ਮਣੀ ਅਤੇ ਤਲਾਕ ਬਣ ਜਾਵੇਗੀ।

ਪਰੇਸ਼ਾਨ ਮਨੁੱਖ ਨੂੰ ਹਰ ਪ੍ਰਕਾਰ ਦੀ ਆਵਾਜਾਈ ਪਰੇਸ਼ਾਨ ਕਰਦੀ ਹੈ।

ਪੁਰਸ਼ਾਂ ਲਈ ਪੁਰਸ਼ਾਂ ਨਾਲ ਲੜਨਾ ਸੌਖਾ ਹੁੰਦਾ ਹੈ, ਕਿਉਂਕਿ ਦੋਵੇਂ ਧਿਰਾਂ ਸਿੱਧਾ ਵਾਰ ਕਰਦੀਆਂ ਹਨ, ਪਰ ਪੁਰਸ਼ ਲਈ ਇਸਤਰੀ ਨਾਲ ਲੜਨਾ ਸੌਖਾ ਨਹੀਂ ਹੁੰਦਾ, ਕਿਉਂਕਿ ਪੁਰਸ਼ ਵਾਂਗ, ਇਸਤਰੀ ਨੂੰ ਸਿੱਧਾ ਵਾਰ ਕਰਨਾ ਨਹੀਂ ਆਉਂਦਾ।

ਜੇ ਪਤੀ ਅਮੀਰ ਹੋਵੇ ਤਾਂ ਇਸਤਰੀ ਦੀਆਂ ਸ਼ਿਕਾਇਤਾਂ ਘਟਦੀਆਂ ਨਹੀਂ, ਵੱਧ ਜਾਂਦੀਆਂ ਹਨ, ਕਿਉਂਕਿ ਮਾਇਕ ਪੱਖੋਂ ਸੁਰੱਖਿਅਤ ਮਹਿਸੂਸ ਕਰਨ ਕਰਕੇ, ਇਸਤਰੀ ਪਿਆਰ ਦੀ ਘਾਟ ਮਹਿਸੂਸ ਕਰਨ ਲੱਗ ਪੈਂਦੀ ਹੈ।

ਜੇ ਤੁਸੀਂ ਆਪਣੇ ਵਿਰੋਧੀ ਦੇ ਤਰਕ ਨੂੰ, ਹੋਰਾਂ ਸਾਹਮਣੇ, ਉਸ ਦੀ ਹਾਜ਼ਰੀ ਵਿਚ, ਉਸ ਦੀ ਤਸੱਲੀ ਅਨੁਸਾਰ, ਪ੍ਰਗਟਾ ਦੇਵੋ ਤਾਂ ਵਿਰੋਧੀ, ਦੋਸਤ ਬਣ ਜਾਵੇਗਾ।

ਪਰੰਪਰਾਗਤ ਦੇਸ਼ਾਂ ਦੇ ਲੋਕ ਕਿਸੇ ਅਜਨਬੀ ਨੂੰ ਮਿਲਣ ਵਿਚ ਪਹਿਲ ਨਹੀਂ ਕਰਦੇ।

ਹਰੇਕ ਜਾਤੀ ਦੀ ਆਤਮਾ ਅਤੇ ਪ੍ਰਾਣ, ਉਸ ਦੀ ਆਪਣੀ ਭਾਸ਼ਾ ਵਿਚ ਵਸਦੇ ਹਨ।

ਇਸਤਰੀ ਅਤੇ ਪੁਰਸ਼ ਦੀ ਸ਼ਖ਼ਸੀਅਤ ਦੇ ਅਨੇਕਾਂ ਅਜਿਹੇ ਪੱਖ ਹੁੰਦੇ ਹਨ, ਜਿਹੜੇ ਕਿਸੇ ਵਲੋਂ ਵਿਆਹ ਤੋਂ ਪਹਿਲਾਂ ਜਾਣੇ ਹੀ ਨਹੀਂ ਜਾ ਸਕਦੇ।



Scanned by CamScanner

ਕਿਸੇ ਨੂੰ ਪਿਆਰ ਕਰਦਿਆਂ, ਸਾਡੀ ਆਪਣੇ ਆਪ ਬਾਰੇ ਸੋਝੀ ਵੱਧ ਜਾਂਦੀ ਹੈ।

ਵਿਰੋਧੀ ਨਾਲ ਭਾਵੇਂ ਸਹਿਮਤ ਨਾ ਹੋਵੋ, ਪਰ ਵਿਰੋਧੀ ਨੂੰ ਸੁਣੋ, ਉਸ ਦੀ ਵਿਰੋਧਤਾ ਦਾ ਜ਼ਹਿਰ ਘੱਟ ਜਾਵੇਗਾ।

ਇੱਛਾ ਕਰੋ, ਨੇਕ ਬਣਨ ਦੀ ਇੱਛਾ; ਲਾਲਚ ਕਰੋ, ਗਿਆਨ ਦਾ ਲਾਲਚ।

ਨਿੰਦਾ, ਆਲੋਚਨਾ ਅਤੇ ਸ਼ਿਕਾਇਤ ਕਰਨ ਨਾਲ ਪਰਿਵਰਤਨ ਤਾਂ ਵਾਪਰਦਾ ਹੈ, ਪਰ ਭੈੜਾ ਪਰਿਵਰਤਨ ਹੀ ਵਾਪਰਦਾ ਹੈ।

ਜਿਸ ਨੇ ਸੁਹਿਰਦ ਪਿਆਰ ਕੀਤਾ ਹੁੰਦਾ ਹੈ, ਉਹ ਰਿਸ਼ਤਾ ਟੁੱਟਣ ਦੀ ਸੂਰਤ ਵਿਚ ਵੀ, ਦੂਜੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਏਗਾ।

ਮੁਆਫ਼ ਕਰਨ ਨਾਲ ਅਤੀਤ ਨਹੀਂ ਬਦਲਦਾ, ਪਰ ਭਵਿੱਖ ਵਿਸ਼ਾਲ ਹੋ ਜਾਂਦਾ ਹੈ।

ਜਦੋਂ ਇਸਤਰੀ ਕਿਸੇ ਪੁਰਸ਼ ਨੂੰ ਦੱਸਦੀ ਹੈ ਕਿ ਮੈਂ ਅਜੇ ਵਿਆਹ ਨਹੀਂ ਕਰਵਾਉਣਾ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਤੇਰੇ ਨਾਲ ਵਿਆਹ ਨਹੀਂ ਕਰਵਾਉਣਾ।

ਲੋੜੀਂਦੇ ਤੱਥ ਨਾ ਹੋਣ ਦੀ ਸੂਰਤ ਵਿਚ ਠੀਕ ਫੈਸਲੇ ਨਹੀਂ ਹੁੰਦੇ; ਬਹੁਤੇ ਤੱਥ ਹੋਣ ਦੀ ਸੂਰਤ ਵਿਚ, ਫੈਸਲੇ ਹੁੰਦੇ ਹੀ ਨਹੀਂ।

ਧੰਨਵਾਦ ਦਾ ਪੱਤਰ ਪ੍ਰਸੰਨ ਹੋਣ ਮਗਰੋਂ ਹੀ ਲਿਖਿਆ ਜਾਂਦਾ ਹੈ ਅਤੇ ਇਹ ਪ੍ਰਸੰਨ ਕਰਨ ਲਈ ਲਿਖਿਆ ਜਾਂਦਾ ਹੈ।

ਅਕਸਰ ਹੌਕਾ ਇਕ ਲੈਂਦਾ ਹੈ, ਉਸ ਦੇ ਅਰਥ ਦੂਜਾ ਕੱਢਦਾ ਹੈ।

ਖੇਤਰ ਕੋਈ ਹੋਵੇ, ਵਿਕਾਸ ਕਰਨ ਲਈ, ਸੁਖਾਵਾਂ ਵਿਆਹ ਲਾਜ਼ਮੀ ਸ਼ਰਤ ਹੁੰਦੀ ਹੈ, ਨਹੀਂ ਤਾਂ ਅਣਸੁਖਾਵਾਂ ਵਿਆਹ ਹੀ ਸਾਰੀ ਸ਼ਕਤੀ ਖਾ ਜਾਵੇਗਾ।

ਮੁਕਾਬਲਾ, ਪੁਰਸ਼ ਸੰਕਲਪ ਹੈ; ਇਸਤਰੀ ਸੰਕਲਪ, ਸਹਿਯੋਗ ਹੈ।

ਜੇ ਮਨ ਵਿਚ ਸ਼ੰਕੇ ਹੋਣ ਤਾਂ ਮਨੁੱਖ ਬਹਿਸ ਕਰਦਾ ਹੈ; ਜੇ ਵਿਸ਼ਵਾਸ ਹੋਣ ਤਾਂ ਭਜਨ ਗਾਉਂਦਾ ਹੈ।

ਵਿਸ਼ਲੇਸ਼ਣ ਨਾਲ ਸਿਆਣਪ ਤਾਂ ਆ ਜਾਂਦੀ ਹੈ, ਪਰ ਭੋਲਾਪਣ ਗੁਆਚ ਜਾਂਦਾ ਹੈ।

ਇਸਤਰੀਆਂ ਨੂੰ ਪੁਰਸ਼ਾਂ ਵਰਗਾ ਬਣਨ ਤੋਂ ਸੰਕੋਚ ਕਰਨਾ ਚਾਹੀਦਾ ਹੈ; ਨਹੀਂ ਤਾਂ ਇਸਤਰੀ ਵਿਚੋਂ, ਇਸਤਰੀ ਵਾਲੇ ਗੁਣ ਲੋਪ ਹੋ ਜਾਣਗੇ ਅਤੇ ਪੁਰਸ਼ਾਂ ਵਾਲੇ ਔਗੁਣ ਸਥਾਪਤ ਹੋ ਜਾਣਗੇ।



ਮੰਗਣੀ ਉਪਰੰਤ ਲੜਕੀ ਦੇ ਰੁਝੇਵੇਂ ਇਕ-ਦਮ ਵੱਧ ਜਾਂਦੇ ਹਨ; ਉਹ ਤਿਆਰ ਹੋਣ, ਤਿਆਰੀ ਕਰਨ ਅਤੇ ਤਿਆਰੀ ਕਰਕੇ ਰੱਖਣ ਵਿਚ ਰੁਝ ਜਾਂਦੀ ਹੈ।

ਟੈਲੀਫੋਨ ਨੇ ਦੂਰ ਬੈਠਿਆਂ ਨਾਲ ਗੱਲਬਾਤ ਦੀ ਸਹੂਲਤ ਤਾਂ ਦਿੱਤੀ ਹੈ, ਪਰ ਗੱਲਬਾਤ ਦਾ ਪੱਧਰ ਨੀਵਾਂ ਕਰ ਦਿੱਤਾ ਹੈ।

ਜਦੋਂ ਵਿਆਹ ਦੀ ਤਾਰੀਖ਼ ਪੱਕੀ ਹੋ ਜਾਵੇ ਤਾਂ ਦਿਨ ਦੌੜਨ ਲੱਗ ਪੈਂਦੇ ਹਨ।

ਪੁਰਸ਼ ਦੀ ਦਿਲਚਸਪੀ ਪਿਆਰ ਵਿਚ ਹੁੰਦੀ ਹੈ, ਇਸਤਰੀ ਦੀ ਵਿਆਹ ਵਿਚ; ਮੁਹੱਬਤ ਵਿਚ ਇਕ ਪੜਾਓ ਆ ਜਾਂਦਾ ਹੈ, ਜਦੋਂ ਜੇ ਵਿਆਹ ਨਾ ਹੋਣਾ ਹੋਵੇ ਤਾਂ ਪਿਆਰ ਵੀ ਨਹੀਂ ਰਹਿੰਦਾ।

ਅਸੂਲ ਵਾਲੇ ਬੰਦੇ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ।

ਦੇਸ਼ ਦੀ ਹਕੂਮਤ ਨੂੰ ਆਪਣੇ ਹੱਥ ਵਿਚ ਰੱਖਣ ਲਈ, ਰਾਜਸੀ ਆਗੂ ਲੋੜ ਪੈਣ 'ਤੇ, ਦੇਸ਼-ਭਗਤ ਵੀ ਬਣ ਜਾਂਦੇ ਹਨ।

ਜਿਹੜਾ ਬੰਗਾਲੀ ਪੜ੍ਹੇਗਾ, ਉਹ ਟੈਗੋਰ ਵੀ ਪੜ੍ਹੇਗਾ।

ਪੁਰਸ਼ ਵਿਆਹ ਬਾਰੇ ਸੋਚਦਿਆਂ ਵਿਆਹ ਦੀਆਂ ਮੁਸ਼ਕਿਲਾਂ ਬਾਰੇ ਸੋਚਦਾ ਹੈ, ਜਦੋਂ ਕਿ ਇਸਤਰੀ ਅਕਸਰ ਵਿਆਹ ਦੀਆਂ ਸਹੂਲਤਾਂ ਬਾਰੇ ਹੀ ਸੋਚਦੀ ਹੈ।

ਜਿਹੜਾ ਸੋਨੇ ਅਤੇ ਪਿੱਤਲ ਦਾ ਅੰਤਰ ਨਹੀਂ ਜਾਣਦਾ, ਉਸ ਨੂੰ ਮੂਰਖ ਕਹਿੰਦੇ ਹਨ; ਜਿਹੜਾ ਅੰਤਰ ਜਾਣਦਾ ਹੈ, ਪਰ ਇਸ ਅੰਤਰ ਤੋਂ ਪ੍ਰਭਾਵਿਤ ਨਹੀਂ ਹੁੰਦਾ, ਉਸ ਨੂੰ ਸੰਤ ਕਹਿੰਦੇ ਹਨ।

ਜੇ ਕਾਲਜ ਵਿਚ ਦਾਖ਼ਲਾ ਹੁੰਦਿਆਂ ਹੀ ਕਿਸੇ ਨਾਲ ਪਿਆਰ ਪੈ ਜਾਵੇ ਤਾਂ ਨਵੇਂ ਦੋਸਤ-ਸਹੇਲੀਆਂ ਨਹੀਂ ਬਣਦੀਆਂ, ਕਿਉਂਕਿ ਬਣਾਉਣ ਦਾ ਵਕਤ ਹੀ ਨਹੀਂ ਮਿਲਦਾ।

ਜਿਸ ਦੇ ਹੱਥ ਵਿਚ ਪਲਾਸ ਜਾਂ ਪੇਚਕੱਸ ਹੋਵੇ, ਉਸ ਨੂੰ ਹਰ ਚੀਜ਼ ਢਿੱਲੀ ਨਜ਼ਰ ਆਉਂਦੀ ਹੈ।

ਜਦੋਂ ਪਾਠਕ, ਲੇਖਕ ਤੋਂ ਵਧੇਰੇ ਜਾਣਨ ਲੱਗ ਪੈਣ ਤਾਂ ਲੇਖਕ ਪੁਰਾਣਾ ਹੋ ਜਾਂਦਾ ਹੈ।

ਜਿਸ ਦਾ ਸਾਡੇ ਵਰਗਾ ਨਾਂ ਹੋਵੇ, ਉਸ ਵੱਲ ਅਸੀਂ ਜ਼ਰੂਰ ਵੇਖਦੇ ਹਾਂ; ਅਸੀਂ ਸਮਝਦੇ ਹਾਂ, ਅਸਲੀ ਨਾਂ ਤਾਂ ਮੇਰਾ ਹੈ, ਇਸ ਨੇ ਨਾਂ ਚੰਗਾ ਹੋਣ ਕਰਕੇ ਹੀ ਰੱਖਿਆ ਹੋਇਆ ਹੈ।



Scanned by CamScanner

ਬੋਲਣ ਤੋਂ ਪਹਿਲਾਂ ਸੋਚੋ, ਫਿਰ ਸੋਚੋ ਕਿ ਕੀ ਬੋਲਣ ਦੀ ਲੋੜ ਹੈ?

ਜੇ ਤੁਹਾਨੂੰ ਸ਼ਿਕਾਇਤ ਹੈ ਕਿ ਕੋਈ ਤੁਹਾਨੂੰ ਯਾਦ ਨਹੀਂ ਕਰਦਾ ਤਾਂ ਜਿਨ੍ਹਾਂ ਤੋਂ ਤੁਸੀਂ ਉਧਾਰ ਲਿਆ ਹੈ, ਉਨ੍ਹਾਂ ਦੀ ਸੂਚੀ ਬਣਾਓ।

ਕਿਸੇ ਦੀ ਬੁਰੀ ਆਦਤ ਛੁਡਾਉਣ ਤੋਂ ਪਹਿਲਾਂ ਆਪ ਸੋਚੋ ਕਿ ਤੁਸੀਂ ਆਪ ਅੱਜ ਤਕ ਕਿਤਨੀਆਂ ਬੁਰੀਆਂ ਆਦਤਾਂ ਛੱਡੀਆਂ ਹਨ।

ਜਾਸੂਸ ਕਿਸੇ ਦੀਆਂ ਕਹੀਆਂ ਗੱਲਾਂ ਨਾਲੋਂ, ਅਣਕਹੀਆਂ ਗੱਲਾਂ ਵੱਲ ਵਧੇਰੇ ਧਿਆਨ ਦਿੰਦੇ ਹਨ।

ਪੇਂਡੂ ਫ਼ੌਜੀਆਂ ਨੂੰ ਫ਼ੌਜੀ ਵਰਦੀ ਦਾ ਅਤੇ ਸ਼ਹਿਰੀ ਫ਼ੌਜੀ ਅਫ਼ਸਰਾਂ ਨੂੰ ਫ਼ੌਜੀ ਅਹੁਦੇ ਦਾ ਮਾਣ ਹੁੰਦਾ ਹੈ।

ਜੋ ਸੱਚ ਬੋਲੇਗਾ, ਉਹ ਅੱਖ ਮਿਲਾ ਕੇ, ਸਿਰ ਉੱਚਾ ਕਰਕੇ, ਸ਼ਾਂਤ ਭਾਵ ਅਤੇ ਦ੍ਰਿੜ੍ਹਤਾ ਨਾਲ ਬੋਲੇਗਾ; ਜੋ ਝੂਠ ਬੋਲੇਗਾ, ਉਹ ਅੱਖ ਬਚਾ ਕੇ, ਬੇਚੈਨ ਹੋ ਕੇ, ਝਿਜਕ ਨਾਲ ਬੋਲੇਗਾ।

ਵਰਦੀ ਦਾ ਰੋਅਬ, ਨਿਸਚਿਤ ਮਿਤੀ ਨੂੰ ਮਿਲਦੀ ਬੰਨ੍ਹੀ ਤਨਖਾਹ, ਪੈਨਸ਼ਨ, ਤਮਗਿਆਂ ਅਤੇ ਇਨਾਮਾਂ ਨੇ ਭਾਰਤੀ ਫੌਜੀਆਂ ਨੂੰ ਅੰਗਰੇਜ਼ਾਂ ਦੇ ਇਤਨੇ ਵਫ਼ਾਦਾਰ ਬਣਾ ਦਿੱਤਾ ਸੀ ਕਿ ਨੌਕਰੀ ਮਗਰੋਂ ਵੀ ਉਹ ਆਪਣਾ ਸਮਾਂ ਅੰਗਰੇਜ਼ਾਂ ਦੇ ਗੁਣ ਗਾਉਣ ਵਿਚ ਲਾਉਂਦੇ ਸਨ।

ਗੁਲਾਮ ਕੌਮਾਂ, ਪਹਿਲਾਂ ਜੇਤੂਆਂ ਦੀ ਭਾਸ਼ਾ, ਫਿਰ ਉਨ੍ਹਾਂ ਦਾ ਲਿਬਾਸ ਅਤੇ ਮਗਰੋਂ ਉਨ੍ਹਾਂ ਦਾ ਚੱਜ-ਆਚਾਰ ਅਪਨਾ ਲੈਂਦੀਆਂ ਹਨ।

ਜਿਹੜੀਆਂ ਕੌਮਾਂ ਕਾਨੂੰਨ ਪਾਲਦੀਆਂ ਹਨ, ਉਹੀ ਰਾਜ ਕਰਦੀਆਂ ਹਨ।

ਕਿਸੇ ਦੇਸ਼ 'ਤੇ ਲੰਮਾ ਅਰਸਾ ਰਾਜ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਅਤੇ ਕਾਰਗਰ ਢੰਗ, ਉਸ ਦੇਸ਼ ਵਿਚ ਆਪਣੀ ਭਾਸ਼ਾ ਲਾਗੂ ਕਰਨਾ ਹੁੰਦਾ ਹੈ।

ਸਾੜੇ, ਈਰਖਾ, ਨਿੰਦਾ ਅਤੇ ਨਫ਼ਰਤ ਕਾਰਨ ਵਿਅਕਤੀ ਦਾ ਮਾਨਸਿਕ ਕੱਦ ਛੋਟਾ, ਆਤਮਕ ਵਿਹੜਾ ਸੌੜਾ, ਸਰੀਰ ਰੋਗੀ, ਨਜ਼ਰ ਤੰਗ ਅਤੇ ਦ੍ਰਿਸ਼ਟੀਕੋਣ ਸਨਕੀ ਹੋ ਜਾਂਦਾ ਹੈ।

ਰਾਜ-ਪ੍ਰਣਾਲੀ ਕੋਈ ਹੋਵੇ, ਚੋਣਾਂ ਸਿਧਾਂਤਾਂ ਦੇ ਸਿਰ 'ਤੇ ਨਹੀਂ, ਭਾਵਨਾਵਾਂ ਦੇ ਅਧਾਰ 'ਤੇ ਲੜੀਆਂ ਜਾਂਦੀਆਂ ਹਨ।



ਜਦੋਂ ਤੁਸੀਂ ਆਪ ਚੰਗਾ-ਚੰਗਾ ਮਹਿਸੂਸ ਕਰੋਗੇ ਤਾਂ ਹਰ ਕਿਸੇ ਨੂੰ ਚੰਗੇ ਲੱਗੋਗੇ।

ਪੁਰਸ਼ ਚਾਹੁੰਦਾ ਹੈ ਕਿ ਇਸਤਰੀ ਉਸ ਵਾਂਗ ਸੋਚੇ; ਇਸਤਰੀ ਚਾਹੁੰਦੀ ਹੈ ਕਿ ਪੁਰਸ਼ ਉਸ ਵਾਂਗ ਮਹਿਸੂਸ ਕਰੇ।

ਭਾਰਤੀ ਸੱਭਿਅਤਾ ਅਤੇ ਸਮਾਜ ਵਿਚ ਦੇਵਤਿਆਂ ਨਾਲ ਦੇਵੀਆਂ ਹੋਣ ਕਾਰਨ, ਸਤਿਕਾਰ ਅਕਸਰ ਉਸੇ ਪੁਰਸ਼ ਦਾ ਹੋਇਆ ਹੈ, ਜਿਸ ਦੀ ਪਤਨੀ ਹੋਵੇ।

ਆਸ-ਉਮੀਦ ਚੰਗੀ ਗੱਲ ਹੈ, ਪਰ ਠੋਸ-ਅਧਾਰ ਤੋਂ ਬਿਨਾਂ ਇਹ ਵੀ ਇਕ ਭਰਮ ਹੀ ਹੁੰਦੀ ਹੈ।

ਇਸਤਰੀਆਂ ਵੇਰਵੇ ਦੱਸਦੀਆਂ ਹਨ, ਸਿੱਟਾ ਨਹੀਂ ਕੱਢਦੀਆਂ; ਪੁਰਸ਼ਾਂ ਦੀ ਦਿਲਚਸਪੀ ਸਿੱਟਿਆਂ ਵਿਚ ਹੁੰਦੀ ਹੈ, ਵੇਰਵਿਆਂ ਵਿਚ ਨਹੀਂ; ਇਸ ਕਾਰਨ ਅਕਸਰ ਇਸਤਰੀ-ਪੁਰਸ਼ ਵਿਚਕਾਰ ਸੁਖਾਵਾਂ ਅਤੇ ਸੰਤੁਸ਼ਟ ਕਰਨ ਵਾਲਾ ਦੁਵੱਲਾ ਸੰਚਾਰ ਨਹੀਂ ਵਾਪਰਦਾ।

ਇਸਤਰੀ, ਜਿਸ ਨੂੰ ਪਿਆਰ ਕਰਦੀ ਹੈ, ਉਸ ਨੂੰ ਸੁਧਾਰਨ ਦਾ ਬੀੜਾ ਚੁੱਕ ਲੈਂਦੀ ਹੈ।

ਇਸਤਰੀਆਂ ਫ਼ਿਲਾਸਫ਼ਰ ਨਹੀਂ ਹੁੰਦੀਆਂ, ਕਿਉਂਕਿ ਉਨ੍ਹਾਂ ਨੇ ਨਿਤਾ-ਪ੍ਰਤੀ ਦੇ ਅਣਗਿਣਤ ਘਰੇਲੂ ਕੰਮ ਵੀ ਨਿਪਟਾਉਣੇ ਹੁੰਦੇ ਹਨ।

ਹੌਕੇ ਲੈਣ ਦੀ ਥਾਂ, ਡੂੰਘੇ ਸਾਹ ਲਵੋ, ਹਿੰਮਤ ਜਾਗੇਗੀ।

ਲਾਚਾਰ ਬੰਦੇ ਦੀ ਨਾ ਕੋਈ ਮਰਜ਼ੀ ਹੁੰਦੀ ਹੈ, ਨਾ ਹੀ ਕੋਈ ਤਰਜੀਹ।

ਚੰਗੀ, ਖ਼ੁਸ਼ਗਵਾਰ ਹਾਜ਼ਰ-ਜਵਾਬੀ, ਖੁੱਲ੍ਹੀ-ਡੁੱਲ੍ਹੀ ਅਤੇ ਸੁਤੰਤਰ ਸ਼ਖ਼ਸੀਅਤ ਦਾ ਧਨਾਤਮਕ ਪੱਖ ਹੁੰਦੀ ਹੈ।

ਇਸਤਰੀ ਨਾਲ ਗੱਲਾਂ ਕਰਦਿਆਂ, ਪੁਰਸ਼ ਇਸਤਰੀ ਨੂੰ ਵੇਖਦਾ ਵਧੇਰੇ ਹੈ, ਸੁਣਦਾ ਘੱਟ ਹੈ; ਇਸ ਲਈ ਉਹ ਕੋਈ ਕੰਮ, ਇਸਤਰੀ ਦੀ ਤਸੱਲੀ ਅਨੁਸਾਰ ਨਹੀਂ ਕਰਦਾ।

ਰੋਮਨਾਂ ਦਾ ਰਾਜ-ਪ੍ਰਬੰਧ ਅਤੇ ਸ਼ਾਨ-ਸ਼ੌਕਤ ਅਜਿਹੀ ਸੀ ਕਿ ਹਾਰਨ ਵਾਲੇ ਮੁੜ ਸੁਤੰਤਰ ਹੋਣ ਦੀ ਇੱਛਾ ਹੀ ਤਿਆਗ ਦਿੰਦੇ ਸਨ ਅਤੇ ਆਪਣੇ ਆਪ ਨੂੰ ਰੋਮਨ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਸਨ।

ਪੁਰਸ਼ ਪੁੱਛਦਾ ਹੈ, ਇਹ ਕਿਵੇਂ ਵਾਪਰਿਆ; ਇਸਤਰੀ ਪੁੱਛਦੀ ਹੈ, ਇਹ ਕਿਉਂ ਵਾਪਰਿਆ; ਬੱਚੇ ਪੁੱਛਦੇ ਹਨ, ਇਵੇਂ ਵੀ ਵਾਪਰਦਾ ਹੈ?



Scanned by CamScanner

ਇਸਤਰੀਆਂ ਮੰਗਾਂ ਪੇਸ਼ ਕਰਨ ਵਿਚ ਨਿਪੁੰਨ ਹੁੰਦੀਆਂ ਹਨ; ਪੁਰਸ਼ ਮੰਗਾਂ ਟਾਲਣ ਵਿਚ ਮਾਹਿਰ ਹੁੰਦੇ ਹਨ।

ਪਿਆਰ ਲਈ ਕੁਰਬਾਨੀਆਂ ਕਰਨ ਵਿਚ, ਇਸਤਰੀ ਪੁਰਸ਼ ਤੋਂ ਹਮੇਸ਼ਾਂ ਅੱਗੇ ਰਹਿੰਦੀ ਹੈ।

ਜੇ ਇਸਤਰੀਆਂ ਦੀਆਂ ਮਾਇਕ ਲੋੜਾਂ ਪੂਰੀਆਂ ਹੋ ਜਾਣ ਤਾਂ ਉਹ ਭਾਵਕ ਲੋੜਾਂ ਪ੍ਰਤੀ ਵਧੇਰੇ ਸੁਚੇਤ ਹੋ ਜਾਂਦੀਆਂ ਹਨ।

ਲਾਲਚੀ ਬੰਦੇ ਨੂੰ ਭਾਵੇਂ ਸਵਰਗ ਮਿਲ ਜਾਵੇ, ਉਹ ਸੰਤੁਸ਼ਟ ਨਹੀਂ ਹੁੰਦਾ, ਕਹੇਗਾ: ਛੋਟਾ ਹੈ, ਪੁਰਾਣਾ ਹੈ, ਦੂਰ ਹੈ।

ਜਿਹੜਾ ਬੰਦਾ ਸੱਤ ਪੁਸ਼ਤਾਂ ਲਈ ਸਾਧਨ-ਵਸੀਲੇ ਜੋੜਨ ਲੱਗ ਪੈਂਦਾ ਹੈ, ਉਸ ਦੀ ਯੋਗਤਾ ਦੀ ਥਾਂ, ਉਸ ਦੇ ਔਗੁਣ ਉਭਰਨ ਲੱਗ ਪੈਂਦੇ ਹਨ।

ਕਈ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਜਨਮ ਲੈਣਾ ਹੀ ਸੀ, ਬਾਕੀ ਸਾਰੇ ਕੰਮ ਕਿਸਮਤ ਨੇ ਕਰਨੇ ਹਨ।

ਜਦੋਂ ਸਾਧਾਂ ਨੂੰ ਸਵਾਦੀ ਪਕਵਾਨ ਮਿਲਣ ਲੱਗ ਪੈਣ ਤਾਂ ਉਹ ਰੰਗੀਨ ਘੱਗਰਿਆਂ ਦੀ ਭਾਲ ਵਿਚ ਭਟਕਣ ਲੱਗ ਪੈਂਦੇ ਹਨ।

ਜਿਹੜੀਆਂ ਜਾਤੀਆਂ ਇਸਤਰੀ ਦਾ ਸਤਿਕਾਰ ਨਹੀਂ ਕਰਦੀਆਂ, ਨਾ ਉਹ ਅਤੀਤ ਵਿਚ ਵਿਕਸਿਤ ਹੋਈਆਂ ਹਨ, ਨਾ ਹੀ ਉਹ ਭਵਿੱਖ ਵਿਚ ਵਿਕਾਸ ਕਰਨਗੀਆਂ।

ਸ਼ਬਦ ਆਪਣੇ ਅਰਥਾਂ ਨੂੰ ਹਮੇਸ਼ਾਂ ਸੰਦਰਭ ਵਿਚ ਪ੍ਰਗਟਾਉਂਦੇ ਹਨ; ਮਹੱਤਵਪੂਰਨ ਸ਼ਬਦ ਨਹੀਂ ਹੁੰਦੇ, ਸੰਦਰਭ ਹੁੰਦਾ ਹੈ।

ਲੇਖਕ ਆਪਣੀ ਹਰ ਪੁਸਤਕ ਨੂੰ ਵੱਖਰੇ-ਵੱਖਰੇ ਕਾਰਨ ਕਰਕੇ ਪਸੰਦ ਕਰਦਾ ਹੈ।

ਡੁੱਬਦੀ ਹੋਈ ਬੇੜੀ ਨੂੰ ਬਚਾਉਣ ਲਈ ਕੇਵਲ ਮਾਲਕ ਯਤਨ ਕਰਦਾ ਹੈ; ਸਵਾਰੀਆਂ ਆਪਣੇ ਆਪ ਨੂੰ ਬਚਾਉਣ ਦਾ ਹੀ ਯਤਨ ਕਰਦੀਆਂ ਹਨ।

ਸਵੇਰ ਵੇਲੇ ਪੰਛੀਆਂ ਨੂੰ ਪੱਕਾ ਅਤੇ ਪੂਰਾ ਵਿਸ਼ਵਾਸ ਹੁੰਦਾ ਹੈ ਕਿ ਸੂਰਜ ਚੜ੍ਹੇਗਾ, ਸੋ ਉਹ ਪਹਿਲਾਂ ਹੀ ਗਾਉਣ ਲੱਗ ਪੈਂਦੇ ਹਨ।

ਉਦਾਸ ਪੁਰਸ਼, ਸੁਤੰਤਰ ਹੋਣ ਲਈ ਜਦੋਜਹਿਦ ਕਰਦੇ ਹਨ; ਇਸਤਰੀਆਂ, ਉਦਾਸ ਹੋਣ ਦੀ ਸੁਤੰਤਰਤਾ ਚਾਹੁੰਦੀਆਂ ਹਨ।



ਭਾਰਤੀ ਧਰਮ ਕਹਿੰਦੇ ਹਨ: ਸਭ ਕੁਝ ਪਰਮਾਤਮਾ ਨੇ ਬਣਾਇਆ ਹੈ, ਸਭ ਕੁਝ ਉਹੀ ਕਰਦਾ ਹੈ; ਜਿਸ ਕਾਰਨ ਭਾਰਤ ਵਿਚ ਕੰਮ ਅਤੇ ਕਾਮੇ ਦਾ ਸਤਿਕਾਰ ਨਹੀਂ ਹੋਇਆ।

ਜੇ ਫੌਜ ਨੂੰ ਵਿਹਲਾ ਰੱਖਿਆ ਜਾਵੇ ਤਾਂ ਉਹ ਸਾਜ਼ਸ਼ਾਂ ਕਰਨ ਲੱਗ ਪੈਂਦੀ ਹੈ।

ਜੇ ਪ੍ਰੇਮੀ ਜਿੱਤਦਾ ਹੋਵੇ ਤਾਂ ਪ੍ਰੇਮਿਕਾ ਹਾਰਨ ਲਈ ਵੀ ਤਿਆਰ ਹੋ ਜਾਂਦੀ ਹੈ।

ਪੁਰਸ਼ ਸਾਥ ਵੀ ਚਾਹੁੰਦਾ ਹੈ, ਸੁਤੰਤਰਤਾ ਵੀ ਚਾਹੁੰਦਾ ਹੈ ਅਤੇ ਦੋਹਾਂ ਨੂੰ ਚਾਹੁੰਦਾ ਵੀ ਇਕੋ ਵੇਲੇ ਹੈ।

ਜੇ ਕੋਈ ਨਰਮੀ ਕਰਨ ਮਗਰੋਂ ਸਖ਼ਤੀ ਕਰੇ, ਲੋਕ ਬਰਦਾਸ਼ਤ ਨਹੀਂ ਕਰਦੇ, ਤਾਨਾਸ਼ਾਹ ਇਵੇਂ ਕਰਦੇ ਰਹੇ ਹਨ; ਜੇ ਕੋਈ ਸਖ਼ਤੀ ਮਗਰੋਂ, ਨਰਮੀ ਵਰਤੇ ਤਾਂ ਲੋਕ ਪ੍ਰਸੰਸਾ ਕਰਦੇ ਹਨ, ਬਾਦਸ਼ਾਹ ਇਵੇਂ ਕਰਦੇ ਰਹੇ ਹਨ।

ਕਮਜ਼ੋਰ ਵਿਸ਼ਿਆਂ ਦੀ ਸਿੱਖਿਆ, ਸ਼ਕਤੀਸ਼ਾਲੀ ਵਿਦਿਆਰਥੀ ਨਹੀਂ ਉਪਜਾ ਸਕਦੀ।

ਨੀਵੀਂ ਪੱਧਰ ਦੇ ਸਲਾਹਕਾਰ, ਸਲਾਹ ਨਹੀਂ ਦਿੰਦੇ; ਉਨ੍ਹਾਂ ਕੋਲ ਸਲਾਹ ਹੁੰਦੀ ਹੀ ਨਹੀਂ, ਉਹ ਚਾਪਲੂਸੀ ਹੀ ਕਰਦੇ ਹਨ।

ਨਿਕੰਮੇ ਅਤੇ ਭ੍ਰਿਸ਼ਟ ਲੋਕ, ਅਜ਼ਾਦੀ ਨੂੰ ਸ਼ਰਾਰਤਾਂ ਲਈ ਅਤੇ ਧਨ ਨੂੰ ਨਸ਼ਿਆਂ ਲਈ ਵਰਤਦੇ ਹਨ।

ਯੂਨੀਵਰਸਿਟੀ ਉਹ ਹੁੰਦੀ ਹੈ, ਜਿਥੇ ਪ੍ਰਗਟਾਵੇ ਦੀ ਅਜ਼ਾਦੀ, ਸੋਚਣ ਦੀ ਖੁੱਲ੍ਹ ਅਤੇ ਚਿੰਤਨ ਦੀ ਮੌਜ ਹੁੰਦੀ ਹੈ; ਜੇ ਇਹ ਗੱਲਾਂ ਨਾ ਹੋਣ ਤਾਂ ਯੂਨੀਵਰਸਿਟੀ ਵੀ ਇਕ ਵੱਡਾ ਸਕੂਲ ਹੀ ਲੱਗਦੀ ਹੈ।

ਸੁਨਹਿਰੀ ਯੁੱਗ ਹੋਏ ਕੋਈ ਨਹੀਂ, ਇਹ ਸਾਡੀ ਭਰਮ ਉਪਜਾਉਣ ਦੀ ਬਿਰਤੀ ਦਾ ਹੀ ਪ੍ਰਗਟਾਵਾ ਹਨ।

ਕੁਝ ਵਾਪਰ ਜਾਵੇ, ਕਿਤਨੇ ਹੀ ਸੰਕਟ ਆ ਜਾਣ, ਘੱਲੂਕਾਰੇ ਵਾਪਰ ਜਾਣ ਅਤੇ ਨੁਕਸਾਨ ਹੋ ਜਾਵੇ, ਪਰ ਪੰਥ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ।

ਕਾਲਜ-ਯੂਨੀਵਰਸਿਟੀ ਕੋਈ ਹੋਵੇ, ਉਥੇ ਵਿਦਵਾਨ ਗਿਣਤੀ ਦੇ ਹੀ ਹੁੰਦੇ ਹਨ, ਬਾਕੀਆਂ ਨੇ ਉਥੇ ਪਨਾਹ ਲਈ ਹੁੰਦੀ ਹੈ।

ਜੇ ਸਫ਼ਲਤਾ ਪ੍ਰਾਪਤ ਹੋ ਜਾਵੇ ਤਾਂ ਲੋਕ ਭੈੜੀਆਂ ਨੀਤੀਆਂ ਦੇ ਵੀ ਗੁਣ ਵੇਖਣ ਲੱਗ ਪੈਂਦੇ ਹਨ।



Scanned by CamScanner

ਜਿਹੜੇ ਪੜ੍ਹਾਈ ਵਿਚੇ ਛੱਡ ਦਿੰਦੇ ਹਨ, ਉਨ੍ਹਾਂ ਨੇ ਪੜ੍ਹਾਈ ਦੀ ਕੇਵਲ ਔਖ ਹੀ ਵੇਖੀ ਹੁੰਦੀ ਹੈ; ਪੜ੍ਹਨ ਉਪਰੰਤ, ਜ਼ਿੰਦਗੀ ਦੀ ਸੌਖ, ਉਨ੍ਹਾਂ ਨੂੰ ਦਿਸੀ ਨਹੀਂ ਹੁੰਦੀ।

ਕਮਜ਼ੋਰ ਯੂਨੀਵਰਸਿਟੀਆਂ ਨੇਮਾਂ ਅਤੇ ਨੇਮਾਂ ਨੂੰ ਪਾਲਣ ਵਿਚ ਹੀ ਉਲਝੀਆਂ ਰਹਿੰਦੀਆਂ ਹਨ; ਇਨ੍ਹਾਂ ਨੂੰ ਵਿਦਵਾਨ ਨਹੀਂ, ਕਲਰਕ ਚਲਾਉਂਦੇ ਹਨ; ਇਹ ਪ੍ਰਸਿੱਧ ਨਹੀਂ, ਬਦਨਾਮ ਹੀ ਹੁੰਦੀਆਂ ਹਨ।

ਸ਼ਾਮ ਦੀਆਂ ਕਲਾਸਾਂ ਵਿਚ ਅਧਿਆਪਕ ਅੱਕੇ ਹੋਏ, ਸਿਲੇਬਸ ਮੁਰਝਾਏ ਹੋਏ ਅਤੇ ਵਿਦਿਆਰਥੀ ਥੱਕੇ ਹੋਏ ਹੁੰਦੇ ਹਨ।

ਜਿਥੇ ਅਨੇਕਾਂ ਧਰਮ, ਜਾਤੀਆਂ, ਭਾਸ਼ਾਵਾਂ ਅਤੇ ਖੇਤਰ ਹੋਣ, ਉਥੇ ਵਿਕਾਸ ਲਈ, ਸਮਾਜਿਕ ਬੇਚੈਨੀ ਨੂੰ, ਉਪਜਣ ਤੋਂ ਰੋਕਣਾ ਜ਼ਰੂਰੀ ਹੁੰਦਾ ਹੈ।

ਪਤੀ-ਪਤਨੀ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵੱਖ-ਵੱਖ ਹੁੰਦਾ ਹੈ, ਪਰ ਇਕ-ਦੂਜੇ ਦੇ ਦ੍ਰਿਸ਼ਟੀਕੋਣ ਦਾ ਸਤਿਕਾਰ ਕਰਨਾ, ਦੋਹਾਂ ਲਈ ਲਾਹੇਵੰਦਾ ਹੁੰਦਾ ਹੈ।

ਚੰਗੇਰੇ ਜੀਵਨ ਦਾ ਸੁਪਨਾ, ਬੱਚਤ ਕਰਨ ਦਾ ਕਾਰਜ ਸੌਖਾ ਬਣਾ ਦਿੰਦਾ ਹੈ ਅਤੇ ਬੱਚਤ ਨਾਲ, ਚੰਗੇਰੇ ਜੀਵਨ ਦਾ ਸੁਪਨਾ ਯਥਾਰਥ ਬਣ ਜਾਂਦਾ ਹੈ।

ਸ਼ਕਤੀਸ਼ਾਲੀ ਦੇਸ਼ ਕਿਸੇ ਤੋਂ ਪ੍ਰਭਾਵਿਤ ਹੁੰਦੇ ਨਹੀਂ, ਪ੍ਰਭਾਵਿਤ ਕਰਦੇ ਹੀ ਹਨ।

ਲਚਕਦਾਰ ਹੋਣਾ ਚੰਗੀ ਗੱਲ ਹੈ, ਪਰ ਰੀੜ੍ਹ ਦੀ ਹੱਡੀ ਦਾ ਗਾਇਬ ਹੋਣਾ, ਚੰਗੀ ਗੱਲ ਨਹੀਂ।

ਇਸਲਾਮ ਯੁੱਧ ਨਹੀਂ ਲੜ ਸਕਦਾ, ਕਿਸੇ ਇਸਲਾਮੀ ਦੇਸ਼ ਵਿਚ ਇਹ ਸਮਰੱਥਾ ਨਹੀਂ ਹੈ; ਇਸਲਾਮ ਜਹਾਦ ਕਰ ਸਕਦਾ ਹੈ, ਕਿਸੇ ਹੋਰ ਧਰਮ ਵਿਚ ਜਹਾਦ ਕਰਨ ਦੀ ਸਮਰੱਥਾ ਨਹੀਂ ਹੈ।

ਬਹਾਦਰੀ ਦਾ ਹੰਕਾਰ ਕਰਨ ਵਾਲੀਆਂ ਕੌਮਾਂ ਸ਼ਹੀਦ ਹੀ ਉਪਜਾਉਂਦੀਆਂ ਹਨ, ਚਿੰਤਕ ਨਹੀਂ; ਇਹ ਕੌਮਾਂ ਆਪਣਾ ਨੁਕਸਾਨ ਕਰਵਾਉਣ ਵਿਚ ਹੀ ਮਾਹਿਰ ਹੁੰਦੀਆਂ ਹਨ, ਲਾਭ ਉਠਾਉਣ ਵਿਚ ਨਹੀਂ।

ਸਦੀਵੀ ਦੋਸਤੀ ਅਤੇ ਸਦੀਵੀ ਦੁਸ਼ਮਣੀ ਸਾਮੰਤਵਾਦੀ ਯੁੱਗ ਦੇ ਆਦਰਸ਼ ਸਨ; ਜਦੋਂ ਕਿ ਅਜੋਕੇ ਯੁੱਗ ਦੀਆਂ ਇਹ ਮੂਰਖਤਾਵਾਂ ਹਨ।

ਅਤੀਤ ਸਬੰਧੀ ਸਾਡੀ ਸੋਚ ਵਿਚ ਲਚਕ ਨਹੀਂ ਹੁੰਦੀ, ਹੋ ਹੀ ਨਹੀਂ ਸਕਦੀ; ਲਚਕ ਭਵਿੱਖ ਸਬੰਧੀ ਹੁੰਦੀ ਹੈ।



ਵਾਅਦਾ ਕਰਨਾ, ਸਮਰੱਥਾ ਅਤੇ ਤਾਕਤ ਦਾ ਪ੍ਰਗਟਾਵਾ ਹੁੰਦਾ ਹੈ; ਵਾਅਦੇ ਨੂੰ ਪੂਰਾ ਕਰਨਾ, ਮਹੱਤਵ ਅਤੇ ਖ਼ੁਸ਼ਹਾਲੀ ਦਾ ਪ੍ਰਮਾਣ ਹੁੰਦਾ ਹੈ।

ਬਦਲਾ ਲੈਣ ਉਪਰੰਤ, ਕੀਤਾ ਗਿਆ ਕੋਈ ਵੀ ਸਮਝੌਤਾ, ਹੰਢਣਸਾਰ ਨਹੀਂ ਹੁੰਦਾ।

ਗੁਣ ਉਪਜਾਓ, ਭਾਵੇਂ ਨੈਣ-ਨਕਸ਼ ਸਧਾਰਨ ਹੀ ਹੋਣ, ਸੋਹਣੇ ਲਗੋਗੇ।

ਜੇ ਇਨਕਲਾਬ ਇਕ ਵਾਰੀ ਅਰੰਭ ਹੋ ਜਾਵੇ, ਇਸ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ, ਕਿਉਂਕਿ ਇਹ ਅਰੰਭ ਹੀ ਉਦੋਂ ਹੁੰਦਾ ਹੈ, ਜਦੋਂ ਰੋਕਣ ਵਾਲੀਆਂ ਸ਼ਕਤੀਆਂ, ਬਲਹੀਣ ਹੋ ਜਾਂਦੀਆਂ ਹਨ।

ਦੁੱਖ ਦਾ ਨਿਵਾਸ-ਸਥਾਨ ਮਨੁੱਖ ਦਾ ਮਨ ਹੈ, ਹੋਰ ਕਿਧਰੇ ਕੋਈ ਦੁੱਖ ਨਹੀਂ ਹੈ।

ਫਿਲਮ ਵਿਚ ਨਾਇਕ ਦਾ, ਖਲਨਾਇਕ ਨਾਲੋਂ ਸੁੰਦਰ ਹੋਣਾ ਲਾਜ਼ਮੀ ਹੁੰਦਾ ਹੈ, ਕਿਉਂਕਿ ਕਲਾ ਵਿਚ ਲੋਕ ਸੁੰਦਰਤਾ ਨੂੰ ਮਾਣਦੇ ਹਨ।

ਬੇਇੱਜ਼ਤੀ ਸਾਡੀ ਹਉਮੈ ਦੀ ਹੁੰਦੀ ਹੈ, ਸਾਡੀ ਨਹੀਂ ਹੁੰਦੀ।

ਚੰਗੀ ਪੁਸਤਕਾਂ ਨੂੰ ਪੜ੍ਹਨ ਦਾ ਅਨੁਭਵ, ਕਿਸੇ ਨੂੰ ਪਿਆਰ ਕਰਨ ਵਰਗਾ ਹੁੰਦਾ ਹੈ।

ਧਰਮ ਵਿਚ ਨਵੀਨ ਦੀ ਨਹੀਂ, ਪ੍ਰਾਚੀਨ ਦੀ ਮਹਿਮਾ ਹੁੰਦੀ ਹੈ; ਸੋ ਧਰਮ ਦੇ ਨਾਂ 'ਤੇ ਚੋਣਾਂ ਜਿੱਤਣ ਵਾਲੀ ਪਾਰਟੀ, ਚੱਲਦੇ ਨੂੰ ਤਾਂ ਭਾਵੇਂ ਚਲਾ ਲਵੇ, ਪਰ ਉਹ ਕੁਝ ਨਵਾਂ ਨਹੀਂ ਸਿਰਜ ਸਕਦੀ।

ਵੱਡੇ ਪਰਿਵਰਤਨ, ਉਥਲ-ਪੁਥਲ ਬਿਨਾਂ ਸੰਭਵ ਨਹੀਂ ਹੁੰਦੇ।

ਅਫ਼ਸਰਸ਼ਾਹੀ ਦੀ ਦਿਲਚਸਪੀ ਫੈਸਲਿਆਂ ਜਾਂ ਪਰਿਵਰਤਨ ਵਿਚ ਨਹੀਂ ਹੁੰਦੀ, ਦਿਲਚਸਪੀ ਕੇਵਲ ਨੇਮ-ਪਾਲਣ ਅਤੇ ਆਪਣੀ ਸੁਰੱਖਿਆ ਵਿਚ ਹੁੰਦੀ ਹੈ।

ਸੱਚ ਨੂੰ ਦਫ਼ਨਾ ਦਿਓ, ਅਚਾਨਕ ਉੱਠ ਕੇ ਸਾਹਮਣੇ ਖਲੋ ਜਾਵੇਗਾ।

ਵਫ਼ਾਦਾਰੀ ਤੋਂ ਬਿਨਾਂ ਪਰਿਵਾਰ, ਦੇਸ਼, ਸਮਾਜ, ਕੌਮ ਦੀ ਹੋਂਦ ਸਥਾਪਿਤ ਨਹੀਂ ਹੁੰਦੀ ਅਤੇ ਕਰਤੱਵ-ਪਾਲਣ ਤੋਂ ਬਿਨਾਂ ਇਹ ਹੋਂਦ ਬਣੀ ਨਹੀਂ ਰਹਿ ਸਕਦੀ।

ਇਨਕਲਾਬੀ ਦੌਰ ਵਿਚ, ਸਭ ਤੋਂ ਵਧੇਰੇ ਪਰੇਸ਼ਾਨ ਪਰੰਪਰਾਵਾਦੀ ਹੁੰਦੇ ਹਨ।

ਅਮਨ ਦੌਰਾਨ ਕਰਤੱਵ ਅਤੇ ਸੰਕਟ ਦੌਰਾਨ ਵਫ਼ਾਦਾਰੀ ਪਾਲਣ ਨਾਲ, ਸਾਰੇ ਮੁਸ਼ਕਿਲ ਕਾਰਜ ਰਾਸ ਹੋ ਜਾਂਦੇ ਹਨ।



Scanned by CamScanner

...ਲਦਾ ਹੈ; ਉਹੋ ਜਿਹਾ, ਰੱਬ ਤੋਂ ਵੀ

ਮੁਸੀਬਤ ਵੇਲੇ, ਹਰ ਬੰਦਾ ਕੇਵਲ ਮਾਂ-ਬੋਲੀ ਵਿਚ ਹੀ ਬੋਲਦਾ ਹੈ।

ਯੋਰਪ ਦਾ ਕਾਇਆ-ਕਲਪ ਛਾਪੇਖਾਨੇ ਦੀ ਕਾਢ, ਬਾਰੂਦ ਦੇ ਨਿਰਮਾਣ ਅਤੇ ਅਮਰੀਕਾ ਦੀ ਲੱਭਤ ਨੇ ਕੀਤਾ ਸੀ।

ਮੱਧ-ਸ਼੍ਰੇਣੀ ਨੂੰ ਚੰਗੇਰੇ ਜੀਵਨ ਦੀ ਸੰਭਾਵਨਾ ਹੀ ਪ੍ਰਭਾਵਿਤ ਕਰਦੀ ਹੈ।

ਜਿਹੜੇ ਸਮਾਜ ਜਾਂ ਭਾਈਚਾਰੇ ਵਿਗਿਆਨਕ ਹੋਣ ਨਾਲੋਂ ਧਾਰਮਿਕ ਵਧੇਰੇ ਹੁੰਦੇ ਹਨ, ਉਹ ਸਿਆਣੇ ਨਹੀਂ ਹੁੰਦੇ, ਚਲਾਕ ਭਾਵੇਂ ਹੋਣ; ਬਹਾਦਰ ਨਹੀਂ ਹੁੰਦੇ, ਲੜਾਕੇ ਭਾਵੇਂ ਹੋਣ; ਖ਼ੁਸ਼ਹਾਲ ਨਹੀਂ ਹੁੰਦੇ, ਅਮੀਰ ਭਾਵੇਂ ਹੋਣ।

ਲਿਬਾਸ ਵਿਚ ਪ੍ਰਚਲਤ ਤੋਂ ਲਾਂਭੇ-ਚਾਂਭੇ ਜਾਣ ਨੂੰ ਫੈਸ਼ਨ ਕਹਿੰਦੇ ਹਨ।

ਕਈ ਦੇਸ਼ਾਂ ਨੂੰ ਕੁਦਰਤ ਨੇ ਹੀ ਸੁਰੱਖਿਆ ਪ੍ਰਦਾਨ ਕੀਤੀ ਹੋਈ ਹੈ, ਜਿਵੇਂ ਆਸਟਰੇਲੀਆ, ਲੰਕਾ ਆਦਿ ਨਾਲ ਕਿਸੇ ਦੇਸ਼ ਦੀ ਸਰਹੱਦ ਨਹੀਂ ਲੱਗਦੀ।

ਜਦੋਂ ਮਨ ਪ੍ਰਸੰਨ ਹੁੰਦਾ ਹੈ, ਉਦੋਂ ਇਹ ਕਿਸੇ ਦੇ ਪੱਖ ਜਾਂ ਵਿਰੋਧ ਵਿਚ ਨਹੀਂ ਹੁੰਦਾ, ਇਹ ਨਿਆਰਾ ਹੁੰਦਾ ਹੈ।

ਖੇਡ ਦੇ ਅਰਥ ਖੇਡਣ ਤੋਂ ਹਨ; ਜਦੋਂ ਖੇਡ, ਮੁਕਾਬਲਾ ਬਣ ਜਾਵੇ, ਖੇਡ ਗੁਆਚ ਜਾਂਦੀ ਹੈ ਅਤੇ ਦਿਲਚਸਪੀ ਖੇਡ ਵਿਚ ਨਹੀਂ, ਜਿੱਤ-ਹਾਰ ਵਿਚ ਹੋ ਜਾਂਦੀ ਹੈ।

ਕਈ ਪ੍ਰਸੰਸਾ ਕਰ-ਕਰ ਕੇ ਜ਼ਖ਼ਮੀ ਕਰ ਦਿੰਦੇ ਹਨ।

ਸੰਸਾਰ ਮੂਰਖਾਂ ਨੂੰ ਹੀ ਮੁਆਫ਼ ਕਰਦਾ ਹੈ, ਸਿਆਣਿਆਂ ਨੂੰ ਨਹੀਂ।

ਸੰਕਟ ਦੌਰਾਨ ਆਗੂ ਬਦਲਣ ਨਾਲ, ਸਮੱਸਿਆਵਾਂ ਵੱਧ ਜਾਂਦੀਆਂ ਹਨ।

ਸੰਪੂਰਣਤਾ ਦੇ ਅਭਿਲਾਸ਼ੀ, ਯਥਾਰਥ ਤੋਂ ਕੋਰੇ ਹੁੰਦੇ ਹਨ।

ਬਹੁਤ ਅਧਿਕ ਬੇਇੱਜ਼ਤ ਹੋਇਆ ਵਿਅਕਤੀ, ਥੱਥਲਾ ਕੇ ਬੋਲਣ ਅਤੇ ਲੰਗੜਾ ਕੇ ਚੱਲਣ ਲੱਗ ਪੈਂਦਾ ਹੈ।

ਸਿਧਾਂਤਾਂ ਦੀਆਂ ਜਿਤਨੀਆਂ ਕਬਰਾਂ ਵੀਹਵੀਂ ਸਦੀ ਵਿਚ ਪੁੱਟੀਆਂ ਗਈਆਂ ਹਨ, ਉਤਨੀਆਂ ਹੋਰ ਕਿਸੇ ਸਦੀ ਵਿਚ ਨਹੀਂ ਪੁੱਟੀਆਂ ਗਈਆਂ।



ਸਭ ਤੋਂ ਵੱਡੀ ਅਤੇ ਮਾਣਯੋਗ ਸਫ਼ਲਤਾ ਆਪਣੇ ਆਲੋਚਕਾਂ ਨੂੰ ਆਪਣੇ ਪ੍ਰਸੰਸਕ ਬਣਾਉਣ ਦੀ ਹੁੰਦੀ ਹੈ।

ਕਈ ਜਿੱਤਦੇ ਇਕ.ਵੋਟ ਨਾਲ ਹਨ, ਪਰ ਹਟਾਏ ਸਰਬ-ਸੰਮਤੀ ਨਾਲ ਜਾਂਦੇ ਹਨ।

ਬੋਲਣਾ ਸੌਖਾ ਹੈ, ਜਾਣਨਾ ਔਖਾ ਹੈ, ਸਮਝਣਾ ਕਠਿਨ ਹੈ, ਸੋਚਣਾ ਤਾਂ ਹੈ ਹੀ ਮੁਸ਼ਕਿਲ, ਬਹੁਤਿਆਂ ਲਈ ਕਰਨਾ ਵੀ ਮੁਸੀਬਤ ਹੁੰਦੀ ਹੈ।

ਪਤੀ-ਪਤਨੀ ਦੇ ਰਿਸ਼ਤੇ ਵਿਚ ਹਾਵੀ ਜਾਂ ਭਾਰੂ ਹੋਣ ਦੀ ਇੱਛਾ ਪੁਰਸ਼ ਦੀ ਹੁੰਦੀ ਹੈ, ਪਰ ਭਾਰੂ ਜਾਂ ਹਾਵੀ ਹੋਣ ਵਿਚ, ਸਫ਼ਲ ਇਸਤਰੀ ਹੁੰਦੀ ਹੈ।

ਜੇ ਆਪਣੀਆਂ ਇੱਛਾਵਾਂ ਦਾ ਕੱਦ ਥੋੜ੍ਹਾ ਜਿਹਾ ਛੋਟਾ ਕਰ ਲਈਏ ਤਾਂ ਸਾਡੀਆਂ ਖ਼ੁਸ਼ੀਆਂ ਦਾ ਕੱਦ ਬਹੁਤ ਉੱਚਾ ਹੋ ਜਾਵੇਗਾ।

ਜਿਥੇ ਲੋਕ ਬੌਧਿਕ ਪੱਖੋਂ ਕਮਜ਼ੋਰ ਹੁੰਦੇ ਹਨ, ਉਥੇ ਪਰੰਪਰਾ ਹੀ ਪਾਲੀ ਜਾਂਦੀ ਹੈ, ਕਿਉਂਕਿ ਉਥੇ ਨਵੀਨਤਾ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਹੁੰਦੀ।

ਸੰਸਾਰ ਨੂੰ ਆਧੁਨਿਕਤਾ ਦਾ ਸਭ ਤੋਂ ਪਹਿਲਾ ਸੁਨੇਹਾ ਸਾਬਣ ਰਾਹੀਂ ਪ੍ਰਾਪਤ ਹੋਇਆ ਸੀ।

ਤੰਦਰੁਸਤ ਲੋਕਾਂ ਵਿਚ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਊਣ ਦੀ ਤਾਂਘ ਹੁੰਦੀ ਹੈ; ਸੋ ਉਹ ਮੌਲਿਕ ਰਹਿੰਦੇ ਹਨ, ਉਹ ਕਿਸੇ ਦੀ ਨਕਲ ਨਹੀਂ ਬਣਦੇ।

ਮੂਰਖ ਨੂੰ ਪਛਾਣਨਾ ਮੁਸ਼ਕਿਲ ਨਹੀਂ ਹੁੰਦਾ, ਪਰ ਜੇ ਉਹ ਸਾਡੇ ਅੰਦਰ ਲੁਕਿਆ ਹੋਵੇ ਤਾਂ ਪਛਾਣ ਮੁਸ਼ਕਿਲ ਨਾਲ ਹੀ ਹੁੰਦੀ ਹੈ।

ਜੇ ਤੁਹਾਨੂੰ ਤਲਾਕ ਨਹੀਂ ਲੈਣਾ ਪਿਆ ਤਾਂ ਸਿਹਰਾ ਤੁਹਾਡੇ ਸਿਰ ਨਹੀਂ, ਸਮਾਜ ਅਤੇ ਇਸਤਰੀ ਦੇ ਸਿਰ ਬਝਦਾ ਹੈ।

ਅਸੀਂ ਰਹਿੰਦੇ ਸਾਰੇ ਸਾਂਝੇ ਸਮਾਜ ਵਿਚ ਹਾਂ, ਪਰ ਸਫ਼ਲ ਜਾਂ ਅਸਫ਼ਲ ਹੋਣਾ ਸਾਡਾ ਨਿਜੀ ਫ਼ੈਸਲਾ ਹੁੰਦਾ ਹੈ।

ਜਿਹੜੇ ਵਧੀਕੀਆਂ ਕਰਦੇ ਹਨ, ਉਨ੍ਹਾਂ ਨੂੰ ਹੀ ਗੰਨਮੈਨਾਂ ਦੀ ਲੋੜ ਪੈਂਦੀ ਹੈ।

ਹਾਰ-ਸ਼ਿੰਗਾਰ ਦੀ ਵੰਨ-ਸੁਵੰਨਤਾ ਕਾਰਨ ਲੋਕਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕਿਹੋ ਜਿਹੇ ਲੱਗਣ।

ਜੇਕਰ ਇਹ ਨਿਸਚਿਤ ਹੋਵੇ ਕਿ ਤਲਾਕ ਉਪਰੰਤ ਹੋਰ ਵਿਆਹ ਨਹੀਂ ਹੋਵੇਗਾ, ਤਲਾਕ ਲੈਣੇ-ਦੇਣੇ ਬੰਦ ਹੋ ਜਾਣਗੇ।



Scanned by CamScanner

ਚੰਗੇ ਸਕੂਲ ਉਹ ਹੁੰਦੇ ਹਨ, ਜਿਥੇ ਕੇਵਲ ਲਾਇਕ ਵਿਦਿਆਰਥੀ ਪਾਸ ਹੁੰਦੇ ਹਨ।

ਸਾਰੇ ਕਲਾਤਮਕ ਕਾਰਜ ਹੌਲੀ-ਹੌਲੀ ਕੀਤੇ ਜਾਂਦੇ ਹਨ; ਪਹਿਲਾਂ ਲੋਕ ਰਿੰਨ੍ਹਦੇ-ਪਕਾਉਂਦੇ ਵੀ ਹੌਲੀ-ਹੌਲੀ ਸਨ, ਕਿਉਂਕਿ ਰਿੰਨ੍ਹਣਾ-ਪਕਾਉਣਾ ਵੀ ਇਕ ਕਲਾ ਸੀ ਪਰ ਅੱਜ-ਕੱਲ੍ਹ ਇਹ ਵਪਾਰ ਹੈ।

ਚੰਦਰਮਾ ਸੋਹਣਾ ਹੁੰਦਾ ਹੈ, ਪਰ ਸਾਡਾ ਧਿਆਨ ਦਾਗ਼ ਵੱਲ ਜਾਂਦਾ ਹੈ; ਦੀਵੇ ਦਾ ਪ੍ਰਕਾਸ਼ ਹੁੰਦਾ ਹੈ, ਪਰ ਸਾਡਾ ਧਿਆਨ ਹਨੇਰੇ ਵੱਲ ਜਾਂਦਾ ਹੈ; ਜਿਹੋ ਜਿਹੇ ਅਸੀਂ ਆਪ ਹੁੰਦੇ ਹਾਂ, ਉਹੀ ਕੁਝ ਅਸੀਂ ਲੱਭਦੇ-ਵੇਖਦੇ ਹਾਂ।

ਜਿਹੜਾ ਜਵਾਨੀ ਵਿਚ ਬੇਈਮਾਨ ਹੈ, ਉਹ ਜ਼ਿੰਦਗੀ ਵਿਚ ਕਦੇ ਇਮਾਨਦਾਰ ਨਹੀਂ ਹੋਵੇਗਾ।

ਕਈ ਅਮਰੀਕਨਾਂ ਵਾਂਗ ਪੂਰੇ ਕੋਰੇ, ਕਈ ਅੰਗਰੇਜ਼ਾਂ ਵਾਂਗ ਪੂਰਨਭਾਂਤ ਆਕੜਖਾਨ, ਕਈ ਫਰਾਂਸੀਸੀਆਂ ਵਾਂਗ ਨਿਰੋਲ ਅਭਿਮਾਨੀ, ਕਈ ਜਰਮਨਾਂ ਵਾਂਗ ਖਾਲਸ ਅੜੀਅਲ ਅਤੇ ਕਈ ਭਾਰਤੀਆਂ ਵਾਂਗ ਸ਼ੁੱਧ ਪਖੰਡੀ ਹੁੰਦੇ ਹਨ।

ਕਾਮ-ਸੂਤਰ, ਸੰਭੋਗ ਦੀ ਵਿਆਕਰਣ ਹੈ।

ਆਤਮਘਾਤ ਪੂਰੀ ਤਰ੍ਹਾਂ ਮਰਨਾ ਨਹੀਂ ਹੁੰਦਾ. ਕਿਉਂਕਿ ਇਸ ਮਰਨੇ ਨੂੰ ਜਿਊਂਦਿਆਂ ਦੀ ਪ੍ਰਵਾਨਗੀ ਨਹੀਂ ਮਿਲਦੀ।

ਮਨੁੱਖ ਅਤੇ ਸਮਾਜ ਦਾ ਪਤਨ ਉਸ ਸਮੇਂ ਅਰੰਭ ਹੋ ਜਾਂਦਾ ਹੈ, ਜਦੋਂ ਉਹ, ਕੁਝ ਸਿਰਜਣ ਦੀ ਥਾਂ, ਕੇਵਲ ਮਾਣਨ ਦੇ ਰਾਹ ਪੈ ਜਾਂਦਾ ਹੈ।

ਅਸੂਲਾਂ ਨੂੰ ਤਿਆਗ ਕੇ ਪ੍ਰਾਪਤ ਕੀਤੀ ਸਫ਼ਲਤਾ ਦੀ ਨਿੰਦਾ ਹੀ ਹੁੰਦੀ ਹੈ।

ਕੋਈ ਜਹਾਦੀ, ਅਤਿਵਾਦੀ ਜਾਂ ਆਤੰਕਵਾਦੀ ਬਣ ਕੇ ਹੋਰ ਕਿਸੇ ਕੰਮ ਦੇ ਯੋਗ ਨਹੀਂ ਰਹਿੰਦਾ।

ਉਲੰਪਿਕਸ ਵਿਚ ਸੌ ਮੀਟਰ ਦੀ ਦੌੜ, ਦੌੜ ਨਹੀਂ ਹੁੰਦੀ; ਕੁਝ ਸਕਿੰਟਾਂ ਦੀ ਧਰਤੀ 'ਤੇ ਉਡਾਣ ਹੁੰਦੀ ਹੈ।

ਅਧਿਆਪਕ ਵਲੋਂ ਵਿਆਕਰਣ ਰਾਹੀਂ ਕੋਈ ਭਾਸ਼ਾ ਪੜ੍ਹਾਉਣ ਦੇ ਢੰਗ ਨਾਲ, ਬੱਚੇ ਦੇ ਮਨ ਵਿਚ ਉਸ ਭਾਸ਼ਾ ਦਾ ਹਊਆ ਬਹਿ ਜਾਂਦਾ ਹੈ।

ਹਰ ਕੋਈ ਕੈਮਰੇ ਸਾਹਮਣੇ ਆਉਂਦਿਆਂ ਹੀ, ਵੱਖਰੀ ਕਿਸਮ ਦਾ ਵਿਹਾਰ ਕਰਨ ਲੱਗ ਪੈਂਦਾ ਹੈ।



ਮਹਾਨ ਵਿਅਕਤੀ, ਪਰਿਵਾਰ ਦੇ ਨਹੀਂ ਰਹਿੰਦੇ, ਸਾਰੇ ਸੰਸਾਰ ਦੇ ਹੋ ਜਾਂਦੇ ਹਨ।

ਅਸਲ ਸ਼ਰਾਬੀ ਉਹ ਹੁੰਦਾ ਹੈ, ਜਿਸ ਨੂੰ ਹਰ ਰੋਜ਼ ਨਵੇਂ ਬੰਦੇ ਘਰ ਛੱਡ ਕੇ ਜਾਣ।

ਖ਼ਾਨਾਬਦੋਸ਼ਾਂ ਨੇ ਆਪਣਾ ਘਰ ਆਪਣੇ ਮੋਢਿਆਂ 'ਤੇ ਚੁੱਕਿਆ ਹੁੰਦਾ ਹੈ।

ਸ਼ਾਂਤੀ, ਜਿਊਂਦਿਆਂ ਦੀ ਲੋੜ ਹੁੰਦੀ ਹੈ, ਮਰ ਗਿਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਕੁਝ ਫੈਸਲੇ ਕਰਨ ਲਈ ਇਤਿਹਾਸ ਪੜ੍ਹਨਾ ਪੈਂਦਾ ਹੈ; ਕੁਝ ਫੈਸਲੇ ਕੇਵਲ ਇਤਿਹਾਸ ਹੀ ਕਰਦਾ ਹੈ; ਕੁਝ ਫੈਸਲੇ ਇਤਿਹਾਸਕ ਹੋ ਨਿਬੜਦੇ ਹਨ।

ਮੁਕੱਦਮਾ ਮੁਜਰਿਮ 'ਤੇ ਚੱਲਦਾ ਹੈ, ਪਰ ਇਮਤਿਹਾਨ ਵਕੀਲ ਦਾ ਹੁੰਦਾ ਹੈ।

ਲੰਮੀ ਗੁਲਾਮੀ ਨਾਲ ਸੁੰਦਰਤਾ ਘਸਮੈਲੀ ਅਤੇ ਬਹਾਦਰੀ ਸ਼ੱਕੀ ਹੋ ਜਾਂਦੀ ਹੈ।

ਮਨੁੱਖ, ਪ੍ਰਸੰਨ ਆਪਣੇ ਵਰਗਿਆਂ ਨਾਲ ਰਹਿ ਕੇ ਹੀ ਹੁੰਦਾ ਹੈ; ਬਾਕੀਆਂ ਨਾਲ ਉਹ ਮਜਬੂਰ ਹੋ ਕੇ ਹੀ ਰਹਿੰਦਾ ਹੈ।

ਕਿਸੇ ਤੋਂ ਕੁਝ ਮੰਗਣ ਵਿਚ ਬਹਾਦਰੀ ਨਹੀਂ ਵਿਖਾਈ ਜਾ ਸਕਦੀ।

ਸਕੂਲ ਸਾਨੂੰ ਸਿਖਾਉਂਦਾ ਹੈ ਕਿ ਕੰਮ ਨੇਮ ਨਾਲ, ਸਮੇਂ ਅਨੁਸਾਰ, ਜੁਗਤ ਨਾਲ ਕੀਤਾ ਜਾਂਦਾ ਹੈ, ਜਿਹੜੇ ਇਹ ਗੱਲ ਨਹੀਂ ਸਮਝਦੇ, ਉਹ ਸਕੂਲੋਂ ਦੌੜਦੇ ਹਨ ਅਤੇ ਸਾਰੀ ਜ਼ਿੰਦਗੀ ਕਿਧਰੇ ਨਹੀਂ ਪਹੁੰਚਦੇ।

ਲਤੀਫ਼ੇ, ਕਿਸੇ ਸਮਾਜਿਕ ਵਿਅਕਤੀ ਦੇ ਗੈਰ-ਸਮਾਜਿਕ ਵਿਹਾਰ ਅਤੇ ਕਿਸੇ ਸਿਆਣੇ ਦੀ ਮੂਰਖਤਾ ਨੂੰ ਪ੍ਰਗਟਾਉਂਦੇ ਹਨ।

ਜਿਥੇ ਪੂਰਨਭਾਂਤ ਚੁੱਪ ਹੋਵੇ, ਉਥੇ ਕੁਝ ਮਿੰਟ ਹੀ ਰਿਹਾ ਜਾ ਸਕਦਾ ਹੈ; ਕਿਉਂਕਿ ਪੂਰਨ ਚੁੱਪ, ਮੌਤ ਦਾ ਲੱਛਣ ਹੈ, ਜੀਵਨ ਦਾ ਨਹੀਂ।

ਤੁਹਾਡਾ ਉਨ੍ਹਾਂ ਲੋਕਾਂ ਦੇ ਕੋਲ ਹੋਣਾ, ਜਿਨ੍ਹਾਂ ਨੂੰ ਤੁਹਾਡੀ ਲੋੜ ਹੈ, ਇਹ ਨੇੜਤਾ ਸਾਰਿਆਂ ਦੇ ਸਮੇਂ ਨੂੰ ਕੀਮਤੀ ਬਣਾ ਦੇਵੇਗੀ।

ਪਿਆਰ ਵਿਚ ਅੱਥਰੂ, ਅੱਖਾਂ ਨੂੰ ਸ਼ਿੰਗਾਰ ਦਿੰਦੇ ਹਨ।

ਜੇ ਆਪਣੀ ਉਦਾਹਰਣ ਨਾਲ, ਆਪਣੀ ਸੰਤਾਨ 'ਤੇ ਸੰਜਮ ਅਤੇ ਅਨੁਸ਼ਾਸਨ ਲਾਗੂ ਕਰੋਗੇ ਤਾਂ ਉਸ ਸਮੇਂ ਸ਼ਾਇਦ ਤੁਹਾਨੂੰ ਸੰਤਾਨ ਪਸੰਦ ਨਾ ਕਰੇ, ਪਰ ਮਗਰੋਂ ਸਾਰਾ ਜੀਵਨ ਉਹ ਤੁਹਾਨੂੰ ਪੂਜੇਗੀ।



Scanned by CamScanner

ਮਹਿਮਾਨ ਦੋ ਪ੍ਰਕਾਰ ਦੇ ਹੁੰਦੇ ਹਨ: ਆਉਣ ਵਾਲੇ ਅਤੇ ਬੁਲਾਏ ਜਾਣ ਵਾਲੇ।

ਬੈਠੇ ਦੇ ਮੁਕਾਬਲੇ ਖਲੋਤਾ ਬੰਦਾ, ਹੋਰਾਂ ਦੀਆਂ ਨਜ਼ਰਾਂ ਦਾ ਵਧੇਰੇ ਸ਼ਿਕਾਰ ਹੁੰਦਾ ਹੈ।

ਧੱਫ਼ੇ ਮਾਰ ਕੇ ਗੱਲਬਾਤ ਕਰਨ ਵਾਲੇ, ਧੱਫ਼ੇ ਹੀ ਮਾਰਦੇ ਹਨ, ਗੱਲਬਾਤ ਨਹੀਂ ਕਰਦੇ।

ਕੰਮ-ਕਾਜ ਵਾਲੇ ਦਿਨ, ਦੁਪਹਿਰ ਦਾ ਸਮਾਗਮ ਕੋਈ ਹੋਵੇ, ਉਸ ਵਿਚ ਆਉਣ ਵਾਲਿਆਂ ਵਿਚ, ਜਾਣ ਦੀ ਕਾਹਲ ਹੋਵੇਗੀ, ਸੋ ਸਮੇਂ ਦਾ ਧਿਆਨ ਰੱਖੋ।

ਮਨੁੱਖ ਪੈਨਸਿਲ ਦੇ ਸਿੱਕੇ ਵਾਂਗ ਜਿਉਂ-ਜਿਉਂ ਘੱਸਦਾ ਅਤੇ ਘੜਿਆ ਜਾਂਦਾ ਹੈ, ਉਹ ਗੂੜ੍ਹਾ ਅਤੇ ਤਿੱਖਾ ਹੁੰਦਾ ਜਾਂਦਾ ਹੈ।

ਵੇਲ ਨੂੰ ਵਿਕਾਸ ਕਰਨ ਲਈ, ਹਮੇਸ਼ਾਂ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ; ਵੇਲ ਨਹੀਂ, ਸਹਾਰਾ ਬਣੋ।

ਜਦੋਂ ਕੋਈ ਸਾਡੀ ਮੁਸਕਰਾਹਟ ਪਿਛਲੇ ਦਰਦ, ਚੁੱਪ ਪਿੱਛੇ ਖਲੋਤੀ ਸੋਚ ਅਤੇ ਉਦਾਸੀ ਪਿੱਛੇ ਬੈਠੇ ਪਿਆਰ ਨੂੰ ਪਛਾਣ ਲਵੇ, ਉਹ ਵੇਲਾ ਰਿਸ਼ਤੇ ਦੀ ਪਵਿੱਤਰਤਾ ਨੂੰ ਪਛਾਣਨ ਦਾ ਹੁੰਦਾ ਹੈ।

ਆਪਣੇ ਨਿਸ਼ਾਨ ਛੱਡੋ, ਆਪਣੇ ਦਾਗ ਨਾ ਛੱਡੋ।

ਸਕੂਲ ਇਤਨੇ ਚੰਗੇ ਹੋਣੇ ਚਾਹੀਦੇ ਹਨ ਕਿ ਬੱਚੇ ਨੂੰ ਸਭ ਤੋਂ ਵੱਡੀ ਸਜ਼ਾ ਇਹ ਹੋਵੇ ਕਿ ਅਗਲੇ ਦਿਨ, ਉਸ ਨੂੰ ਸਕੂਲ ਆਉਣ ਦੀ ਆਗਿਆ ਨਾ ਹੋਵੇ।

ਕਾਲਜਾਂ ਵਿਚ ਵਿਸ਼ਿਆਂ ਦੀ ਚੋਣ ਕਰਨ ਦੀ ਖੁੱਲ੍ਹ ਕਾਰਨ, ਕਮਜ਼ੋਰ ਵਿਦਿਆਰਥੀ ਬਹੁਤ ਸੌਖੇ ਵਿਸ਼ੇ ਚੁਣਨ ਕਰਕੇ, ਸਿੱਖਿਆ ਵਿਚ ਹੋਰ ਪੱਛੜ ਜਾਂਦੇ ਹਨ।

ਕਿਸੇ ਡਾਕਟਰ ਦਾ ਇਲਾਜ ਕਰਨਾ ਸੌਖਾ ਨਹੀਂ ਹੁੰਦਾ।

ਜ਼ਿੱਦੀ-ਅੜੀਅਲ ਵਿਅਕਤੀ, ਦੋਸਤੀਆਂ ਨਹੀਂ, ਦੁਸ਼ਮਣੀਆਂ ਹੀ ਉਸਾਰਦੇ ਹਨ।

ਜਿਹੜੇ ਜਾਣਦੇ ਹਨ ਕਿ ਉਹ ਕਿਉਂ ਜਿਊਂ ਰਹੇ ਹਨ, ਉਹ ਜਾਣ ਲੈਣਗੇ ਕਿ ਜਿਊਣਾ ਕਿਵੇਂ ਹੈ।

ਖੇਡ ਇਸ ਕਰਕੇ ਦਿਲਚਸਪ ਹੁੰਦੀ ਹੈ, ਕਿਉਂਕਿ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਵੇਂ ਮੁੱਕੇਗੀ।

ਭਾਰਤ ਵਿਚ ਸਕੂਲ ਦੇ ਅਨੁਸ਼ਾਸਨ ਅਤੇ ਕਾਲਜ ਦੀ ਖੁੱਲ੍ਹ ਵਿਚ ਕੋਈ ਤਾਲ-ਮੇਲ ਨਹੀਂ ਹੈ।



ਦਾਅਵਤ ਦਾ ਉਦੇਸ਼, ਜਾਣ-ਪਛਾਣ ਨੂੰ ਦੋਸਤੀ ਵਿਚ ਬਦਲਣਾ ਹੁੰਦਾ ਹੈ।

ਬਚਪਨ ਜਾਂ ਜਵਾਨੀ ਵਿਚ ਕਿਸੇ ਨੂੰ ਨਾ-ਪਸੰਦ ਕਰਨ ਦੇ ਕਾਰਨ ਸਪਸ਼ਟ ਨਹੀਂ ਹੁੰਦੇ, ਕਿਸੇ ਵਲੋਂ ਪੁੱਛਣ ਉਤੇ ਦੱਸੇ ਵੀ ਨਹੀਂ ਜਾ ਸਕਦੇ, ਪਰ ਬਹੁਤ ਸਾਲਾਂ ਮਗਰੋਂ ਨਾ-ਪਸੰਦ ਕਰਨ ਦਾ ਪਛਤਾਵਾ ਹੁੰਦਾ ਹੈ।

ਜਿਹੜਾ ਸਮਾਗਮ ਬਹੁਤ ਲਮਕਾ ਦਿੱਤਾ ਜਾਵੇ, ਉਹ ਸਮਾਗਮ ਨਹੀਂ ਰਹਿੰਦਾ, ਤਮਾਸ਼ਾ ਬਣ ਜਾਂਦਾ ਹੈ; ਅਜਿਹਾ ਸਮਾਗਮ ਮੁਕੰਮਲ ਨਹੀਂ ਹੁੰਦਾ, ਖਿੰਡ ਜਾਂਦਾ ਹੈ।

ਜਿਤਨੇ ਵਿਆਹ, ਘਰ, ਪਰਿਵਾਰ ਆਦਿ ਗੁੱਸੇ ਵਿਚ ਕਹੇ ਸ਼ਬਦਾਂ ਨਾਲ ਟੁੱਟਦੇ ਹਨ, ਉਤਨੇ ਕਿਸੇ ਹੋਰ ਢੰਗ ਨਾਲ ਨਹੀਂ ਟੁੱਟਦੇ।

ਪਾਪਾਂ ਦੇ ਪ੍ਰਛਾਵੇਂ ਬੜੇ ਲੰਮੇ ਹੁੰਦੇ ਹਨ।

ਕਈ ਥਾਵਾਂ 'ਤੇ ਕੰਮ ਕਦੇ ਮੁੱਕਦੇ ਹੀ ਨਹੀਂ; ਜਿਵੇਂ ਬਾਗ ਵਿਚ, ਘਰ ਵਿਚ, ਦੁਕਾਨ ਵਿਚ, ਪਿਆਰ ਵਿਚ।

ਦਰਿਆ ਦੀ ਚਰਚਾ ਕਰਨ ਲਈ, ਕਿਨਾਰਿਆਂ ਦਾ ਜ਼ਿਕਰ ਜ਼ਰੂਰੀ ਹੁੰਦਾ ਹੈ।

ਜੇ ਆਪਣੇ ਆਪ 'ਤੇ ਹੱਸਣ ਦੀ ਆਦਤ ਹੈ ਤਾਂ ਲੋਕ ਤੁਹਾਡੇ 'ਤੇ ਨਹੀਂ ਹੱਸਣਗੇ।

ਹਰ ਕਿਸੇ 'ਤੇ ਇਤਬਾਰ ਕਰਨਾ ਬੜਾ ਮਹਿੰਗਾ ਸ਼ੌਕ ਹੈ, ਪਰ ਫਿਰ ਵੀ ਇਹ ਹਰ ਕਿਸੇ 'ਤੇ ਸ਼ੱਕ ਕਰਨ ਨਾਲੋਂ ਮਹਿੰਗਾ ਨਹੀਂ।

ਦੁਲਹਨ ਵੱਲੋਂ, ਮੁੱਢਲੇ ਸਾਲਾਂ ਵਿਚ ਸਬਰ ਤੋਂ ਲਿਆ ਕੰਮ, ਸਾਰਾ ਜੀਵਨ ਸਵਾਦ ਦਿੰਦਾ ਰਹਿੰਦਾ ਹੈ।

ਲੋਕ ਅਕਸਰ ਇਸ ਲਈ ਗੁੱਸੇ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਗੁੱਸੇ ਦੇ ਨੁਕਸਾਨ ਦਾ ਪਤਾ ਨਹੀਂ ਹੁੰਦਾ।

ਡਾਰਵਿਨ ਤੋਂ ਪਹਿਲਾਂ ਮਨੁੱਖੀ ਨਸਲ ਬਾਰੇ, ਮਾਰਕਸ ਤੋਂ ਪਹਿਲਾਂ ਇਤਿਹਾਸ ਬਾਰੇ ਅਤੇ ਫਰਾਇਡ ਤੋਂ ਪਹਿਲਾਂ ਮਨ ਬਾਰੇ, ਲਿਖੀਆਂ ਗਈਆਂ ਹਜ਼ਾਰਾਂ ਪੁਸਤਕਾਂ, ਇਨ੍ਹਾਂ ਚਿੰਤਕਾਂ ਦੇ ਆਉਣ ਨਾਲ, ਰੱਦੀ ਬਣ ਗਈਆਂ ਸਨ।

ਮਹਾਂਪੁਰਸ਼ ਨਿੱਗਰ ਹੁੰਦੇ ਹਨ; ਉਹ ਆਪਣੀ ਆਲੋਚਨਾ ਅਤੇ ਨਿੰਦਾ ਧੀਰਜ ਨਾਲ ਬਰਦਾਸ਼ਤ ਕਰਦੇ ਹਨ।

ਆਕਸਫੋਰਡ ਯੂਨੀਵਰਸਿਟੀ ਦਾ ਵਿਸ਼ਵ ਵਿਚ ਇਤਨਾ ਰੋਅਬ ਰਿਹਾ ਹੈ ਕਿ ਇਸ ਵਿਚ ਪੜ੍ਹੇ ਵਿਅਕਤੀ ਨੂੰ ਹਰ ਕੰਮ ਲਈ ਯੋਗ ਸਮਝਿਆ ਜਾਂਦਾ ਰਿਹਾ ਹੈ।



Scanned by CamScanner

ਪਿਆਰ ਦਾ ਦਿਲਚਸਪ ਭਾਗ, ਉਹ ਮੋੜ ਹੁੰਦੇ ਹਨ; ਜਿਹੜੇ ਅਸੀਂ ਕਿਸੇ ਨਾਲ ਰਲ ਕੇ ਮੁੜਨੇ ਚਾਹੇ ਸਨ, ਪਰ ਮੁੜੇ ਨਹੀਂ ਸਨ ਗਏ।

ਘੁੱਟਵੀਂ ਪਤਲੂਨ, ਉੱਚਾ ਕੋਟ, ਤਿੱਖੇ ਬੂਟ, ਚਮਕਵੀਂ ਟਾਈ, ਸੁਨਹਿਰੀ ਘੜੀ ਅਤੇ ਛਾਪਾਂ-ਛੱਲੇ, ਹੋਛੇ ਬੰਦਿਆਂ ਦਾ ਲਿਬਾਸ ਹੁੰਦੇ ਹਨ।

ਸਮਾਜ ਅਖਾਣ-ਮੁਹਾਵਰੇ ਸਿਰਜਦਾ ਹੈ, ਯੂਨੀਵਰਸਿਟੀਆਂ ਵਿਚਾਰ ਅਤੇ ਆਗੂ ਉਪਜਾਉਂਦੀਆਂ ਹਨ।

ਕੇਵਲ ਲਾਇਕ ਅਧਿਆਪਕ ਹੀ ਆਪਣੇ ਵਿਸ਼ੇ ਤੋਂ ਇਧਰ-ਉਧਰ ਜਾਂਦੇ ਹਨ ਅਤੇ ਗਿਆਨ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ਦੇ ਹਨ।

ਆਪਣੇ ਪੈਰੀਂ ਆਪ ਕੁਹਾੜਾ ਮਾਰਨ ਲਈ, ਅਸੀਂ ਕਿਸੇ ਤੋਂ ਸਲਾਹ ਨਹੀਂ ਲੈਂਦੇ, ਆਪਣੀ ਅਕਲ ਹੀ ਵਰਤਦੇ ਹਾਂ।

ਚੰਗੇ ਸਕੂਲ ਸਿੱਖਿਆ ਦਿੰਦੇ ਹਨ, ਉੱਤਮ ਸਕੂਲ ਆਦਰਸ਼ ਦਿੰਦੇ ਹਨ।

ਅਰਾਮ ਦੋ ਪ੍ਰਕਾਰ ਦਾ ਹੁੰਦਾ ਹੈ: ਥਕਾਵਟ ਦੂਰ ਕਰਨ ਵਾਲਾ ਅਤੇ ਥਕਾਵਟ ਉਪਜਾਉਣ ਵਾਲਾ।

ਛੋਟੇ ਬੰਦੇ ਹੀ, ਵੱਡੇ ਵਿਖਾਈ ਦੇਣ ਦਾ ਯਤਨ ਕਰਦੇ ਹਨ।

ਐਡੀਸਨ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਨੇ ਕਿਸੇ ਹਥਿਆਰ ਦੀ ਕਾਢ ਨਹੀਂ ਸੀ ਕੱਢੀ।

ਕਈ ਇਸਤਰੀਆਂ 'ਮੈਂ ਕਦੇ ਨਹੀਂ ਮੰਨਣਾ' ਕਹਿ ਕੇ ਝੱਟ ਮੰਨ ਜਾਂਦੀਆਂ ਹਨ।

ਕੰਮ ਦੋ ਕਿਸਮ ਦੇ ਹੁੰਦੇ ਹਨ: ਜਿਹੜੇ ਅਸੀਂ ਕਰਨੇ ਚਾਹੁੰਦੇ ਹਾਂ ਅਤੇ ਜਿਹੜੇ ਸਾਨੂੰ ਕਰਨੇ ਪੈਂਦੇ ਹਨ।

ਜਦੋਂ ਵੀ ਆਪਣੇ ਆਪ ਨੂੰ ਹੋਰਾਂ ਨਾਲੋਂ ਸਿਆਣਾ ਸਮਝੋਗੇ, ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ, ਜਿਸ ਨਾਲ ਇਹ ਭਰਮ ਟੁੱਟ ਜਾਵੇਗਾ।

ਖੇਡ ਕੋਈ ਹੋਵੇ, ਉਸ ਨੂੰ ਦਿਲਚਸਪ, ਹਾਰਨ ਵਾਲੀ ਟੀਮ ਬਣਾਉਂਦੀ ਹੈ।

ਪਿਆਰ-ਵਿਆਹ ਵਾਲਾ ਜੀਵਨ ਕੱਚੀ ਅੰਬੀ ਖਾਣ ਤੋਂ, ਪੋਲਾ ਅੰਬ ਚੂਪਣ ਤਕ ਦਾ ਅਨੁਭਵ ਹੁੰਦਾ ਹੈ।



ਮਾਂ ਦਾ ਪਿਆਰ ਪ੍ਰਾਪਤ ਕਰਨ ਲਈ ਯਤਨ ਨਹੀਂ ਕਰਨਾ ਪੈਂਦਾ; ਪਿਤਾ ਦਾ ਪਿਆਰ, ਯਤਨ ਕੀਤੇ ਬਿਨਾਂ ਪ੍ਰਾਪਤ ਨਹੀਂ ਹੁੰਦਾ।

ਯੋਗ ਵਿਅਕਤੀਆਂ ਅਧੀਨ ਕੰਮ ਕਰਨ ਨਾਲ, ਹਰ ਕਿਸੇ ਦੀ ਯੋਗਤਾ ਵਧਦੀ ਹੈ।

ਜਿਹੜਾ ਤੁਹਾਡੀਆਂ ਕਮਜ਼ੋਰੀਆਂ ਦਾ ਮਖੌਲ ਉਡਾਉਂਦਾ ਹੈ, ਉਹ ਤੁਹਾਡਾ ਹਿਤੂ ਨਹੀਂ ਹੋ ਸਕਦਾ।

ਆਪਣੇ ਦੁੱਖਾਂ-ਦਰਦਾਂ ਦੀਆਂ ਗੱਲਾਂ ਕੇਵਲ ਆਪਣੇ ਪਿਆਰਿਆਂ ਨਾਲ ਹੀ ਕਰਨੀਆਂ ਚਾਹੀਦੀਆਂ ਹਨ, ਉਹ ਹੀ ਸੁਣਨ-ਸਮਝਣਗੇ।

ਹੁਣ ਕਾਰ, ਮਨੁੱਖ ਦੇ ਸਰੀਰ ਦਾ ਅੰਗ ਬਣ ਗਈ ਹੈ।

ਜੇ ਕਿਸੇ ਬਿਮਾਰੀ ਦੇ ਬਹੁਤ ਸਾਰੇ ਇਲਾਜ ਦੱਸੇ ਜਾਣ ਤਾਂ ਸਪਸ਼ਟ ਹੈ ਕਿ ਬਿਮਾਰੀ ਲਾਇਲਾਜ ਹੈ।

ਅਜਨਬੀ ਕਦੇ ਨਿੰਦਾ ਨਹੀਂ ਕਰਦੇ, ਨਿੰਦਾ ਜਾਣੂ ਹੀ ਕਰਦੇ ਹਨ।

ਭੁੱਖ ਲੱਗੀ ਹੋਵੇ, ਬਹਿਸ ਸੰਭਵ ਨਹੀਂ ਹੁੰਦੀ; ਰੱਜ ਕੇ ਖਾਧਾ ਹੋਵੇ, ਤਾਂ ਵੀ ਬਹਿਸ ਸੰਭਵ ਨਹੀਂ ਹੁੰਦੀ।

ਕਈ, ਜਿਸ ਦਿਨ ਪਿਤਾ ਮਰਦਾ ਹੈ, ਉਸ ਦਿਨ ਤੋਂ, ਪਿਤਾ ਦਾ ਸਤਿਕਾਰ ਕਰਨਾ ਅਰੰਭ ਕਰਦੇ ਹਨ।

ਬੇਸ਼ਰਮ ਢੰਗ ਨਾਲ ਮੁਆਫ਼ੀ ਮੰਗਣੀ, ਬੇਇੱਜ਼ਤੀ ਦੁੱਗਣੀ ਕਰਨ ਵਾਂਗ ਹੁੰਦੀ ਹੈ।

ਮੌਲਿਕ ਢੰਗ ਨਾਲ ਹਾਰਨਾ, ਨਕਲ ਮਾਰ ਕੇ ਜਿੱਤਣ ਨਾਲੋਂ ਚੰਗਾ ਹੁੰਦਾ ਹੈ।

ਜਿਸ ਅਧਿਆਪਕ ਤੋਂ ਵਿਦਿਆਰਥੀ ਡਰਦੇ ਹਨ, ਉਸ ਅਧਿਆਪਕ ਦਾ ਪੜ੍ਹਾਇਆ ਉਨ੍ਹਾਂ ਨੂੰ ਉਸੇ ਦਿਨ ਭੁੱਲ ਜਾਂਦਾ ਹੈ।

ਸਕੂਲ, ਉਸ ਇਮਾਰਤ ਨੂੰ ਕਹਿੰਦੇ ਹਨ; ਜਿਸ ਵਿਚ ਭਵਿੱਖ, ਪਲਦਾ-ਵਸਦਾ ਹੈ।

ਪੜ੍ਹਿਆ-ਲਿਖਿਆ ਮੂਰਖ, ਅਨਪੜ੍ਹ ਮੂਰਖ ਨਾਲੋਂ, ਵਧੇਰੇ ਮੂਰਖ ਹੁੰਦਾ ਹੈ।

ਇਕ ਸਕੂਲ ਖੋਲ੍ਹਣ ਨਾਲ, ਕਈ ਜੇਲ੍ਹਾਂ ਉਸਾਰਨ ਦਾ ਖਰਚ ਬਚ ਜਾਂਦਾ ਹੈ।

ਜਿਸ ਨੇ ਸੁਕਰਾਤ ਦਾ ਨਾਂ ਨਹੀਂ ਸੁਣਿਆ, ਉਸ ਨੇ ਸਮੁੰਦਰ ਅਤੇ ਸੂਰਜ ਦੇ ਨਾਂ ਵੀ ਨਹੀਂ ਸੁਣੇ ਹੋਣਗੇ।



Scanned by CamScanner

ਕੋਈ ਚੀਜ਼, ਵਿਸ਼ੇਸ਼, ਖਰੀਦਣ ਤੋਂ ਪਹਿਲਾਂ ਹੀ ਹੁੰਦੀ ਹੈ; ਉਹ ਸਾਡੀ ਹੁੰਦਿਆਂ ਹੀ, ਸਧਾਰਨ ਬਣ ਜਾਂਦੀ ਹੈ।

ਬਲੈਕ-ਬੋਰਡ ਤੋਂ ਚਾਕ ਮਿਟ ਜਾਂਦਾ ਹੈ; ਫਾਰਮੂਲੇ ਦਿਸਦੇ ਰਹਿੰਦੇ ਹਨ।

ਕਈ ਵਾਰੀ ਜ਼ਿੰਦਗੀ ਸਾਨੂੰ ਲਾਭ ਪਹੁੰਚਾਉਣ ਲਈ, ਪਹਿਲਾਂ ਸਾਡਾ ਨੁਕਸਾਨ ਕਰਦੀ ਹੈ।

ਜੇ ਇਕੱਲਿਆਂ ਹੋਣ ਦੀ ਹਿੰਮਤ ਨਹੀਂ ਤਾਂ ਸੱਚ ਨਾ ਬੋਲੋ।

ਪਿਆਰ ਦਾ ਰਸਤਾ, ਅੱਖਾਂ ਵੱਲੋਂ ਦਿਲ ਵੱਲ ਜਾਂਦਾ ਹੈ, ਰਸਤੇ ਵਿਚ ਦਿਮਾਗ ਨਹੀਂ ਆਉਂਦਾ।

ਜੇ ਆਪਣੀਆਂ ਮੁਸ਼ਕਿਲਾਂ ਬਾਰੇ ਚੁੱਪ ਰਹੀਏ ਤਾਂ ਔਧੀਆਂ, ਸ਼ਰਮਸਾਰ ਹੋ ਕੇ ਆਪੇ ਬਹਿ ਜਾਂਦੀਆਂ ਹਨ।

ਗੁੱਸੇ ਦੀ ਹਾਲਤ ਵਿਚ, ਹਰ ਕੋਈ ਆਪਣੀ ਉਮਰ ਤੋਂ ਵੱਡਾ ਲੱਗਦਾ ਹੈ ਪਰ ਅਕਲ ਵਜੋਂ ਛੋਟਾ ਹੋ ਜਾਂਦਾ ਹੈ।

ਜੇ ਪਿਆਰ ਕਰਨ ਦੀ ਹਿੰਮਤ ਕਰੋ ਤਾਂ ਉਦਾਸ ਹੋਣ ਦਾ ਹੌਸਲਾ ਵੀ ਵਿਖਾਉਣਾ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਅਮੀਰ ਹੋਣਾ ਚਾਹੀਦਾ ਸੀ ਤਾਂ ਤੁਸੀਂ ਹਮੇਸ਼ਾਂ ਗਰੀਬ ਹੀ ਰਹੋਗੇ; ਅਮੀਰ ਸੋਚਦੇ ਰਹਿਣ ਨਾਲ ਨਹੀਂ, ਕੁਝ ਕਰਨ ਨਾਲ ਹੋਇਆ ਜਾਂਦਾ ਹੈ।

ਜ਼ਿੰਦਗੀ ਦੇ ਸਾਰੇ ਵੱਡੇ ਇਮਤਿਹਾਨ, ਇਕੱਲਿਆਂ ਹੀ ਦੇਣੇ ਪੈਂਦੇ ਹਨ।

ਦੋਸਤੀ, ਪਿਆਰ ਵਿਚ ਵਟ ਜਾਂਦੀ ਹੈ; ਪਿਆਰ, ਕਦੇ ਵੀ ਦੋਸਤੀ ਨਹੀਂ ਬਣਦਾ।

ਕਈ ਲੋਕ ਕੁਝ ਉਦਾਸ ਵਾਪਰਨ ਕਰਕੇ ਪੀਂਦੇ ਹਨ; ਕੁਝ ਲੋਕ ਕੁਝ ਚੰਗਾ ਵਾਪਰਨ 'ਤੇ ਪੀਂਦੇ ਹਨ: ਜੇ ਦੋਵੇਂ ਗੱਲਾਂ ਨਾ ਹੋਣ ਤਾਂ, ਉਹ ਇਸ ਲਈ ਪੀਂਦੇ ਹਨ ਕਿ ਪੀ ਕੇ ਕੁਝ ਵਾਪਰੇਗਾ।

ਗੁਸਤਾਖ਼ ਧੀ, ਝਗੜਾਲੂ ਪਤਨੀ ਅਤੇ ਲੜਾਕੀ ਸੱਸ ਬਣਦੀ ਹੈ।

ਕੋਈ ਮਿਸਾਲ ਨਹੀਂ ਮਿਲਦੀ ਕਿ ਪੁਰਸ਼ ਨੇ ਇਸਤਰੀ ਨਾਲ, ਮੰਗਣੇ ਮਗਰੋਂ ਅਤੇ ਵਿਆਹ ਤੋਂ ਪਹਿਲੇ ਦੇ ਵਿਹਾਰ ਨਾਲੋਂ, ਵਿਆਹ ਮਗਰੋਂ, ਚੰਗੇਰਾ ਵਿਹਾਰ ਕੀਤਾ ਹੋਵੇ।



ਇਸਤਰੀ ਦੀ ਇਕ ਵੱਡੀ ਭੁੱਲ, ਇਕੋ ਪੁਰਸ਼ ਵਿਚੋਂ, ਪ੍ਰੇਮੀ ਅਤੇ ਪਤੀ ਦੋਵੇਂ ਲੱਭਣਾ ਹੁੰਦੀ ਹੈ।

ਜਿਉਂ-ਜਿਉਂ ਕਿਸੇ ਕੋਲ ਧਨ ਵਧਦਾ ਜਾਂਦਾ ਹੈ, ਲਾਲਚ ਵਧਣ ਕਾਰਨ, ਉਸ ਦਾ ਹੱਸਣਾ ਘਟਦਾ ਜਾਂਦਾ ਹੈ।

ਕਿਸੇ ਨੂੰ ਭੁਲੇਖਾ ਨਹੀਂ ਹੁੰਦਾ ਕਿ ਕੀ ਕੀਤੇ ਜਾਣਾ ਠੀਕ ਹੈ; ਮੁਸ਼ਕਿਲ ਉਸ ਨੂੰ ਕਰਨ ਵਿਚ ਹੁੰਦੀ ਹੈ।

ਕਿਸੇ ਦੇ ਗੁਣਾਂ ਸਬੰਧੀ ਗੱਪਾਂ ਨਹੀਂ ਮਾਰੀਆਂ ਜਾ ਸਕਦੀਆਂ।

ਜਿਹੜਾ ਅੰਨ੍ਹਾ, ਮੁੜ-ਮੁੜ ਆਪਣਿਆਂ ਨੂੰ ਰੇਵੜੀਆਂ ਵੰਡਦਾ ਹੈ; ਉਸ ਦੀਆਂ ਰੇਵੜੀਆਂ, ਜਲਦੀ ਮੁੱਕ ਜਾਂਦੀਆਂ ਹਨ।

ਫਾਂਸੀ ਦੀ ਸਜ਼ਾ, ਕਤਲ ਦਾ ਬਦਲਾ ਲੈਣ ਦਾ ਕਾਨੂੰਨੀ ਢੰਗ ਹੁੰਦੀ ਹੈ।

ਲੋਕ ਭੁੱਲ ਜਾਂਦੇ ਹਨ ਕਿ ਕੋਈ ਕੰਮ ਤੁਸੀਂ ਕਿਤਨੇ ਚਿਰ ਵਿਚ ਕੀਤਾ ਹੈ, ਪਰ ਉਹ ਯਾਦ ਰੱਖਦੇ ਹਨ ਕਿ ਤੁਸੀਂ ਕਿਹੋ ਜਿਹਾ ਕੰਮ ਕੀਤਾ ਹੈ।

ਪ੍ਰਸੰਸਾ ਉੱਚੀ ਅਵਾਜ਼ ਵਿਚ ਅਤੇ ਆਲੋਚਨਾ ਧੀਮੀ ਅਵਾਜ਼ ਵਿਚ ਹੀ ਚੰਗੀ ਲੱਗਦੀ ਹੈ, ਪਰ ਅਸੀਂ ਕਰਦੇ ਉਲਟ ਹਾਂ।

ਗੀਤਾ ਨੂੰ, ਕ੍ਰਿਸ਼ਨ ਨੇ, ਅਰਜਨ ਦੇ ਸੰਕਟ ਵੇਲੇ ਉਚਾਰਿਆ ਸੀ; ਸੋ ਇਹ ਸੰਕਟ ਸਮੇਂ ਪੜ੍ਹਨ ਵਾਲੀ ਰਚਨਾ ਹੈ।

ਸਭ ਤੋਂ ਚੰਗੀ ਗੱਲ ਚੰਗੇ ਪਰਿਵਾਰ ਵਿਚ ਜਨਮ ਲੈਣਾ ਹੁੰਦੀ ਹੈ; ਦੂਜੀ ਚੰਗੀ ਗੱਲ ਚੰਗੀ ਵਿੱਦਿਆ ਪ੍ਰਾਪਤ ਕਰਨਾ ਹੁੰਦੀ ਹੈ; ਚੰਗੀ ਵਿੱਦਿਆ ਤੋਂ ਬਿਨਾਂ ਚੰਗੇ ਪਰਿਵਾਰ ਵਿਚ ਜਨਮ ਲੈਣ ਦੇ ਵੀ ਕੋਈ ਅਰਥ ਨਹੀਂ ਰਹਿੰਦੇ।

ਕੁਚੱਜਾ ਰੋਣਾ, ਹਮਦਰਦੀ ਨਹੀਂ ਉਪਜਾਉਂਦਾ; ਸੋ ਰੋਣ ਵਿਚ ਵੀ ਸਲੀਕਾ ਹੋਣਾ ਚਾਹੀਦਾ ਹੈ।

ਤਰਸ, ਪਛਤਾਵਾ, ਡਰ, ਵਿਰਲਾਪ ਆਦਿ ਉੱਚਾ ਚੁੱਕਣ ਵਾਲੇ ਅਨੁਭਵ ਨਹੀਂ ਹਨ, ਕਿਉਂਕਿ ਇਨ੍ਹਾਂ ਵਿਚੋਂ ਉਤਸ਼ਾਹ ਗਾਇਬ ਹੁੰਦਾ ਹੈ।

ਅਸ਼ਲੀਲ ਲਤੀਫ਼ੇ, ਯਥਾਰਥ ਦੇ ਨੇੜੇ ਹੁੰਦੇ ਹਨ, ਇਸੇ ਲਈ ਅਸ਼ਲੀਲ ਹੋਣ ਦੇ ਬਾਵਜੂਦ, ਇਹ ਦਿਲਚਸਪੀ ਨਾਲ ਸੁਣੇ ਜਾਂਦੇ ਹਨ।



Scanned by CamScanner

ਕਈ ਜੋੜੇ ਤਾਂ ਬਣ ਜਾਂਦੇ ਹਨ, ਪਰ ਉਹ ਜੁੜਦੇ ਕਦੇ ਨਹੀਂ।

ਕਿਸੇ ਸਮੱਸਿਆ ਦੇ ਬਹੁਤ ਅਧਿਕ ਵੇਰਵੇ ਅਕੇਵਾਂ ਉਪਜਾਉਂਦੇ ਹਨ; ਇਨ੍ਹਾਂ ਨੂੰ ਸੁਣਨ ਵਾਲਾ, ਮਦਦ ਕਰਨ ਦੀ ਥਾਂ, ਖਹਿੜਾ ਛੁਡਾਉਣ ਬਾਰੇ ਸੋਚੇਗਾ।

ਭਾਰਤ ਦਾ ਢੰਗ ਸੋਚਣ ਦਾ ਢੰਗ ਨਹੀਂ, ਮੰਨਣ ਦਾ ਢੰਗ ਹੈ।

ਆਤਮਾ ਦੇ ਅਮਰ ਹੋਣ ਦਾ ਸੰਕਲਪ, ਤਰਕ 'ਤੇ ਪੂਰਾ ਨਹੀਂ ਉਤਰਦਾ; ਵਿਸ਼ਵਾਸ 'ਤੇ ਇਹ ਪੂਰਾ ਉਤਰਦਾ ਹੈ।

ਕਲਾ ਦੇ ਖੇਤਰ ਵਿਚ ਕੁਦਰਤੀ ਗੁਣ ਹੋਣਾ ਚੰਗੀ ਗੱਲ ਹੈ; ਰਿਆਜ਼ ਦੀ ਆਦਤ ਦੂਜੀ ਚੰਗੀ ਗੱਲ ਹੈ; ਰਿਆਜ਼ ਤੋਂ ਬਿਨਾਂ ਕੁਦਰਤੀ ਗੁਣ ਦਾ ਵੀ ਕੋਈ ਅਰਥ ਨਹੀਂ ਰਹਿੰਦਾ।

ਅਤਿ ਅਧਿਕ ਸੰਖੇਪਤਾ, ਲਿਖਤ ਨੂੰ ਲੰਗੜਾ ਕਰ ਦਿੰਦੀ ਹੈ।

ਅਮਰੀਕਾ ਦਾ ਪ੍ਰਾਚੀਨ ਅਤੇ ਮੱਧ-ਕਾਲ ਹੈ ਹੀ ਨਹੀਂ, ਇਸ ਲਈ ਅਮਰੀਕਾ ਪਰੰਪਰਾ-ਮੁਕਤ ਹੈ।

ਜੇ ਖ਼ਤਰਾ ਹੀ ਕੋਈ ਨਹੀਂ ਤਾਂ ਬਹਾਦਰੀ ਨਹੀਂ ਵਿਖਾਈ ਜਾ ਸਕਦੀ।

ਵੱਡੀਆਂ ਵਿਉਂਤਾਂ ਜੇ ਗੁਪਤ ਨਾ ਰੱਖੀਆਂ ਜਾਣ ਤਾਂ ਇਨ੍ਹਾਂ ਵਿਚ ਸਫ਼ਲਤਾ ਨਹੀਂ ਮਿਲਦੀ।

ਸਾਰਾ ਸੰਸਾਰ, ਅਮਰੀਕਾ ਦੀ ਨਕਲ ਕਰ ਰਿਹਾ ਹੈ; ਕੇਵਲ ਭੈੜੀਆਂ ਗੱਲਾਂ ਦੀ।

ਪ੍ਰੇਮੀ ਉਦੋਂ ਹੀ ਵਿੱਛੜਦੇ ਹਨ, ਜਦੋਂ ਉਨ੍ਹਾਂ ਦਾ ਇਕ-ਦੂਜੇ ਨੂੰ ਯਾਦ ਕਰਨ ਦਾ ਦਿਲ ਕਰਦਾ ਹੁੰਦਾ ਹੈ।

ਵਸਤਾਂ ਵਿਚ ਗੁਆਚਿਆ ਵਿਅਕਤੀ, ਕਿਸੇ ਹੋਰ ਦੇ ਹਿੱਤ ਬਾਰੇ ਨਹੀਂ ਸੋਚਦਾ।

ਅਜੇ ਤਕ ਕਿਸੇ ਨੇ ਟੈਲੀਵਿਜ਼ਨ ਨੂੰ ਚਾਨਣ-ਮੁਨਾਰਾ ਨਹੀਂ ਕਿਹਾ।

ਮੌਲਿਕਤਾ ਦਾ ਅਰਥ ਨਵੀਂ ਗੱਲ ਕਹਿਣਾ ਹੀ ਨਹੀਂ ਹੁੰਦਾ, ਪੁਰਾਣੀ ਗੱਲ ਨੂੰ ਨਵੇਂ ਅੰਦਾਜ਼ ਵਿਚ ਕਹਿਣਾ ਵੀ ਹੁੰਦਾ ਹੈ।

ਇਕ ਉਮਰ ਆ ਜਾਂਦੀ ਹੈ, ਜਦੋਂ ਚਾਹੁਣ ਦੇ ਬਾਵਜੂਦ, ਗਲਤ ਪਾਸੇ ਨਹੀਂ ਜਾਇਆ ਜਾ ਸਕਦਾ।



ਬਲਵਾਨ ਬਣੋ, ਜ਼ਿੰਮੇਵਾਰੀ ਚੁੱਕੋ; ਜ਼ਿੰਮੇਵਾਰੀ, ਬਲਵਾਨ ਬਣਾ ਦੇਵੇਗੀ।

ਇਕ ਪੜਾਓ ਤੋਂ ਅੱਗੇ ਮੌਜਾਂ, ਮੁਸੀਬਤਾਂ ਬਣ ਜਾਂਦੀਆਂ ਹਨ।

ਜੇ ਸਾਰੇ ਨਿਆਂਪੂਰਣ ਹੁੰਦੇ ਤਾਂ ਬਹਾਦਰੀ ਲਈ ਕੋਈ ਥਾਂ ਨਹੀਂ ਸੀ ਹੋਣੀ।

ਨਿਰਾਸ਼ਾਵਾਦੀ ਉਹ ਹੁੰਦਾ ਹੈ, ਜੋ ਦੁਖੀ ਕਰਨ ਵਾਲੀਆਂ ਦੋ ਚੀਜ਼ਾਂ ਵਿਚੋਂ ਇਕ ਚੁਣਨ ਸਮੇਂ, ਦੋਵੇਂ ਚੁਣ ਲੈਂਦਾ ਹੈ।

ਬੁੱਧ ਧਰਮ, ਪੁਰਸ਼ਾਂ ਦਾ ਧਰਮ ਹੈ, ਇਸ ਧਰਮ ਵਿਚ ਬੁੱਧੀ ਪੁਰਸ਼ ਵਾਲੀ ਹੈ।

ਲੰਮੇ ਕੋਟ, ਵਿੰਗੀਆਂ ਲੱਤਾਂ ਛੁਪਾਉਣ ਲਈ, ਪਹਿਨੇ ਜਾਣੇ ਅਰੰਭ ਹੋਏ ਸਨ।

ਮੌਤ ਤੋਂ ਸਿਵਾਇ ਸਾਰੇ ਵਰਤਾਰੇ ਜ਼ਿੰਦਗੀ ਵਿਚ ਦਖ਼ਲ ਦਿੰਦੇ ਰਹਿੰਦੇ ਹਨ।

ਵਸਤਾਂ ਦੀ ਕੀਮਤ ਕੇਵਲ ਲਾਗਤ ਦੇ ਅਧਾਰ 'ਤੇ ਨਹੀਂ, ਉਨ੍ਹਾਂ ਦੀ ਵਰਤੋਂ ਦੇ ਅਧਾਰ 'ਤੇ ਵੀ ਨਿਰਧਾਰਤ ਕੀਤੀ ਜਾਂਦੀ ਹੈ।

ਸੌਖੇ ਰਾਹਾਂ 'ਤੇ ਚੱਲ ਕੇ, ਕੁਝ ਵੀ ਮੁੱਲਵਾਨ ਪ੍ਰਾਪਤ ਨਹੀਂ ਹੋਵੇਗਾ।

ਉਤਸ਼ਾਹ, ਗਿਆਨ ਨਾਲੋਂ ਵੀ ਵਧੇਰੇ ਕੀਮਤੀ ਗੁਣ ਹੁੰਦਾ ਹੈ।

ਜਿਹੜੇ ਵਾਅਦੇ ਸੁਣਨ ਵਿਚ ਚੰਗੇ ਲਗਦੇ ਹਨ, ਉਹ ਅਕਸਰ ਪੂਰੇ ਨਹੀਂ ਕੀਤੇ ਜਾਂਦੇ, ਉਨ੍ਹਾਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੁੰਦਾ।

ਅੰਧ-ਵਿਸ਼ਵਾਸ ਤੋਂ ਬਿਨਾਂ ਕੋਈ ਧਰਮ ਨਹੀਂ ਫੈਲਦਾ।

ਪਿੰਡ ਵਿਚ ਜਿਹੜਾ ਵੀ ਚਿੱਟੇ ਕੱਪੜੇ ਪਾ ਲਵੇ, ਉਹ ਕੰਮ ਤਿਆਗ ਦਿੰਦਾ ਹੈ।

ਜਦੋਂ ਸਮਾਜ ਨੂੰ ਨਵੀਨਤਾ ਪ੍ਰਵਾਨ ਨਾ ਹੋਵੇ ਤਾਂ ਪਰੰਪਰਾ, ਨਵੀਨਤਾ ਨੂੰ ਤਸੀਹੇ ਦੇਣ ਲੱਗ ਪੈਂਦੀ ਹੈ।

ਅਸਲੀ ਝੂਠ ਉਹ ਹੁੰਦਾ ਹੈ, ਜਿਹੜਾ ਪੁਰਾਣੀ ਕਾਰ ਵੇਚਣ ਵੇਲੇ ਬੋਲਿਆ ਜਾਂਦਾ ਹੈ।

ਬਚਪਨ ਵਿਚ ਬੱਚਿਆਂ ਵਾਂਗ ਵਿਹਾਰ ਕਰਨਾ ਚੰਗੀ ਗੱਲ ਹੈ, ਪਰ ਸਾਰਾ ਜੀਵਨ ਬੱਚੇ ਬਣੇ ਰਹਿਣਾ ਮਾੜੀ ਗੱਲ ਹੈ।

ਜੋ ਸੁੱਖ ਆਪਣੇ ਘਰੋਂ ਨਹੀਂ ਮਿਲਦਾ, ਉਹ ਕਿਧਰੋਂ ਨਹੀਂ ਮਿਲੇਗਾ।



Scanned by CamScanner

ਵੱਖਰੇ ਸੱਭਿਆਚਾਰਾਂ ਦੇ ਪੁਰਸ਼-ਇਸਤਰੀ ਵਿਆਹ ਕਰਕੇ ਆਪ-ਮੁਹਾਰੇ ਹੀ ਇਕ-ਦੂਜੇ ਦੀ ਭਾਸ਼ਾ ਸਿੱਖ ਲੈਂਦੇ ਹਨ।

ਸੱਚੀ ਬਹਾਦਰੀ ਉਹ ਹੁੰਦੀ ਹੈ, ਜਿਸ ਦੇ ਗੀਤ ਦੁਸ਼ਮਣ ਵੀ ਗਾਉਣ।

ਨਾਂ ਕਿਸੇ ਨੂੰ ਸੱਦਣ ਲਈ ਹੁੰਦਾ ਹੈ, ਭੰਡਣ ਲਈ ਨਹੀਂ।

ਸਾਰੀਆਂ ਸਫ਼ਾਈਆਂ, ਸਰੀਰਕ ਸਫ਼ਾਈ ਤੋਂ ਅਰੰਭ ਹੁੰਦੀਆਂ ਹਨ।

ਜੇ ਸਰਕਾਰ ਵਿਰੁੱਧ ਕੁਝ ਕਰੋਗੇ ਤਾਂ ਤੁਹਾਨੂੰ ਹਰ-ਰੋਜ਼, ਘਰ ਪਹੁੰਚਾਉਣ ਦੀ ਜ਼ਿੰਮੇਵਾਰੀ, ਖ਼ੁਫ਼ੀਆ ਵਿਭਾਗ ਸੰਭਾਲ ਲਵੇਗਾ।

ਬਜ਼ੁਰਗ, ਜਵਾਨਾਂ ਵਿਚ ਨੁਕਸ ਕੱਢਦੇ ਹਨ, ਪਰ ਆਪ ਜਵਾਨ ਹੋਣਾ ਚਾਹੁੰਦੇ ਹਨ।

ਜ਼ਿੰਦਗੀ ਦੀ ਕਿਤਾਬ ਵਿਚ ਅੰਤਲਾ ਕਾਂਡ ਮੌਤ ਦਾ ਹੁੰਦਾ ਹੈ, ਜਿਥੋਂ ਖਾਲੀ ਪੰਨੇ ਸ਼ੁਰੂ ਹੋ ਜਾਂਦੇ ਹਨ।

ਘਰ ਵਿਚ ਰਸੋਈ ਹੀ ਨਾ ਹੋਵੇ, ਉਥੇ ਅੱਗ ਵੀ ਬਲਦੀ ਹੋਵੇ।

ਕੇਵਲ ਖਾਲਸ ਵਿਅਕਤੀ ਨੂੰ ਹੀ ਹੋਰਾਂ ਵਿਚ ਖੋਟ ਲੱਭਣੀ ਚਾਹੀਦੀ ਹੈ।

ਚੰਗੀਆਂ ਆਦਤਾਂ ਅਪਨਾਉਣੀਆਂ ਔਖੀਆਂ ਹੁੰਦੀਆਂ ਹਨ, ਪਰ ਇਹ ਜ਼ਿੰਦਗੀ ਨੂੰ ਸੌਖਾ ਬਣਾਉਂਦੀਆਂ ਹਨ।

ਜਿਹੜੇ ਵਿਆਹ ਤੋਂ ਪਹਿਲਾਂ ਮੂਰਖ ਹੁੰਦੇ ਹਨ, ਉਹ ਵਿਆਹ ਤੋਂ ਮਗਰੋਂ ਬਗਲੋਲ ਬਣ ਜਾਂਦੇ ਹਨ।

ਚੰਗੀ ਸਿਹਤ, ਚੰਗੀਆਂ ਆਦਤਾਂ, ਚੰਗੀਆਂ ਸੋਚਾਂ, ਚੰਗੀਆਂ ਵਿਉਂਤਾਂ, ਚੰਗੇ ਸਬੰਧ, ਖ਼ੁਸ਼ਹਾਲੀ ਦੇ ਸਰੋਤ ਹੁੰਦੇ ਹਨ।

ਦੁੱਖ, ਸਜ਼ਾ ਨਹੀਂ ਹੁੰਦੇ, ਨਤੀਜੇ ਹੁੰਦੇ ਹਨ; ਪ੍ਰਸੰਨਤਾ, ਇਨਾਮ ਨਹੀਂ ਹੁੰਦੀ, ਸਿੱਟਾ ਹੁੰਦੀ ਹੈ।

ਵਿਚਾਰੇ ਭਾਵੇਂ ਤੱਥ ਜਾਂਦੇ ਹਨ, ਪਰ ਨਿਰਣੇ ਅਕਸਰ ਭਾਵਨਾਵਾਂ ਦੇ ਪ੍ਰਭਾਵ ਅਧੀਨ ਕੀਤੇ ਜਾਂਦੇ ਹਨ।

ਬੜੀ ਘੱਟ ਵਾਰੀ ਹੁੰਦਾ ਹੈ ਕਿ ਦਿਮਾਗ ਅਤੇ ਦਿਲ ਦੋਵੇਂ ਸਹੀ ਥਾਂ 'ਤੇ ਹੋਣ ਅਤੇ ਇਨ੍ਹਾਂ ਵਿਚ ਸੁਖਾਵਾਂ ਤਾਲ-ਮੇਲ ਵੀ ਹੋਵੇ।



ਲਿਖਣਾ ਸਿੱਖਣ ਲਈ ਬੱਚੇ ਨੂੰ ਸਫ਼ੇਦ ਕਾਗਜ਼ ਦਿਓ, ਕਿਉਂਕਿ ਕਾਗਜ਼ 'ਤੇ ਪਈਆਂ ਲਾਈਨਾਂ, ਉਸ ਲਈ ਰੁਕਾਵਟ ਬਣ ਜਾਂਦੀਆਂ ਹਨ, ਸਫ਼ੇਦ ਕਾਗਜ਼ 'ਤੇ ਉਹ ਮਨਮਰਜ਼ੀ ਦੇ ਆਕਾਰ ਪਾਵੇਗਾ।

ਕਲਾਕਾਰਾਂ ਵਿਚ, ਆਸ਼ਕਾਂ ਵਾਲੇ ਲੱਛਣ ਹੀ ਹੁੰਦੇ ਹਨ; ਉਨ੍ਹਾਂ ਵਿਚ ਪਤੀਆਂ ਵਾਲੀਆਂ ਆਦਤਾਂ ਨਹੀਂ ਹੁੰਦੀਆਂ।

ਕਿਸੇ ਆਦਰਸ਼ ਲਈ ਕਿਸੇ ਦਾ ਮਰ ਜਾਣਾ, ਆਦਰਸ਼ ਦਾ ਨਹੀਂ, ਮਰਨ ਵਾਲੇ ਦੇ ਸੱਚੇ ਹੋਣ ਦਾ ਪ੍ਰਮਾਣ ਹੁੰਦਾ ਹੈ।

ਇਸਤਰੀ ਇਹ ਸੋਚ ਕੇ ਕਵੀ ਨਾਲ ਵਿਆਹ ਕਰਵਾਉਂਦੀ ਹੈ ਕਿ ਉਸ ਦਾ ਪਤੀ ਉਸ 'ਤੇ ਕਵਿਤਾਵਾਂ ਲਿਖਿਆ ਕਰੇਗਾ, ਪਰ ਜਲਦੀ ਹੀ ਜਾਣ ਜਾਂਦੀ ਹੈ ਕਿ ਪਤਨੀ, ਕਦੇ ਵੀ ਕਿਸੇ ਕਵੀ ਦੀ ਪ੍ਰੇਰਨਾ ਨਹੀਂ ਹੁੰਦੀ।

ਪੁਰਸ਼ਾਂ ਵਿਚ ਜਿੱਤਣ ਦੀ ਭਾਵਨਾ ਹੁੰਦੀ ਹੈ, ਇਸ ਭਾਵਨਾ ਕਾਰਨ ਹੀ ਉਹ ਕਾਮ-ਖੇਡ, ਖੇਡਾਂ ਅਤੇ ਯੁੱਧਾਂ ਵਿਚ ਦਿਲਚਸਪੀ ਲੈਂਦੇ ਹਨ।

ਹਰ ਕਿਸੇ ਨੂੰ ਆਪਣੀ ਸਫ਼ਲਤਾ, ਮਿਹਨਤ ਅਤੇ ਦੂਜਿਆਂ ਦੀ ਸਫ਼ਲਤਾ, ਕਿਸਮਤ ਪ੍ਰਤੀਤ ਹੁੰਦੀ ਹੈ।

ਬੱਚਿਆਂ ਦਾ ਆਪਸ ਵਿੱਚ ਖੇਡਣਾ, ਉਨ੍ਹਾਂ ਵੱਲੋਂ ਸੰਸਾਰ ਨਾਲ ਮੁਕਾਬਲੇ ਲਈ ਤਿਆਰ ਹੋਣ ਦਾ ਅਭਿਆਸ ਹੁੰਦਾ ਹੈ।

ਚੰਗੀ ਲਿਖਾਈ ਉਸ ਨੂੰ ਕਹਿੰਦੇ ਹਨ, ਜਿਸ ਵਿਚ ਦਿਮਾਗ ਦੇ ਸੋਚੇ ਅਤੇ ਹੱਥਾਂ ਦੇ ਲਿਖੇ ਨੂੰ, ਅੱਖਾਂ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ।

ਮਨੁੱਖ-ਜਾਤੀ ਦੀਆਂ ਦਬੀਆਂ-ਘੁਟੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦੇ ਉਪਰਾਲੇ, ਵੱਖ-ਵੱਖ ਕਲਾਵਾਂ ਬਣ ਗਏ ਹਨ।

ਹਰ ਸਰਕਾਰ ਵੱਲੋਂ ਰਿਵਾਜ ਪੰਜ-ਸਾਲਾ ਯੋਜਨਾ ਬਣਾਉਣ ਦਾ ਹੀ ਹੈ; ਇਸੇ ਕਰਕੇ ਕੁਝ ਮਹੀਨਿਆਂ ਦਾ ਕੰਮ ਵੀ, ਪੰਜ ਸਾਲਾਂ ਵਿਚ ਕੀਤਾ ਜਾਂਦਾ ਹੈ।

ਜਿਸ ਚੀਜ਼ ਦੇ ਗੁੰਮਣ ਦਾ ਡਰ ਹੁੰਦਾ ਹੈ, ਉਹ ਚੀਜ਼ ਵਾਸਤਵ ਵਿਚ ਸਾਡੀ ਹੁੰਦੀ ਹੀ ਨਹੀਂ, ਉਸ 'ਤੇ ਅਸੀਂ ਕਾਬਜ਼ ਹੋਏ ਹੁੰਦੇ ਹਾਂ; ਡਰ ਕਬਜ਼ਾ ਖੁੱਸਣ ਦਾ ਹੁੰਦਾ ਹੈ, ਚੀਜ਼ ਗੁੰਮਣ ਦਾ ਨਹੀਂ; ਚੀਜ਼ ਸੰਸਾਰ ਵਿਚ ਹੀ ਰਹਿੰਦੀ ਹੈ, ਕਬਜ਼ਾ ਬਦਲਦਾ ਰਹਿੰਦਾ ਹੈ।



Scanned by CamScanner

ਪਤਨੀ ਦੀ ਸਿਫ਼ਤ ਕਰੋ, ਤੁਹਾਡੇ ਸੁੱਖ ਵੱਧ ਜਾਣਗੇ; ਪਤੀ ਦੀ ਸਿਫ਼ਤ ਕਰੋ, ਤੁਹਾਡੇ ਸੰਸੇ ਘੱਟ ਜਾਣਗੇ।

ਟਾਈਪਰਾਈਟਰ ਨੇ ਮਨੁੱਖ ਨੂੰ ਕਲਮ ਤੋਂ ਬਿਨਾਂ ਲਿਖਣ ਦੀ ਯੋਗਤਾ ਪ੍ਰਦਾਨ ਕੀਤੀ ਹੈ ਅਤੇ ਦੋਵੇਂ ਹੱਥਾਂ ਨਾਲ ਲਿਖਣ ਦਾ ਸੁਪਨਾ ਪੂਰਾ ਕੀਤਾ ਹੈ।

ਫੌਜੀ ਸਰਕਾਰ, ਹਕੂਮਤ ਕਰ ਸਕਦੀ ਹੈ, ਰਾਜ-ਪ੍ਰਬੰਧ ਨਹੀਂ ਕਰ ਸਕਦੀ; ਬਗ਼ਾਵਤਾਂ ਦਬਾ ਸਕਦੀ ਹੈ, ਵਿਕਾਸ ਨਹੀਂ ਕਰ ਸਕਦੀ।

ਕਈ ਜਾਣੂ, ਬਾਹਰਲੇ ਸਮਾਗਮਾਂ 'ਤੇ ਮਿਲਣ ਲਈ ਹੀ ਹੁੰਦੇ ਹਨ, ਉਹ ਘਰ ਬੁਲਾਉਣ ਦੇ ਯੋਗ ਨਹੀਂ ਹੁੰਦੇ।

ਪ੍ਰਸੰਨ ਹੋਣ ਦੀ ਹਾਲਤ ਵਿਚ ਸਰੀਰ ਹਲਕਾ ਹੋ ਜਾਂਦਾ ਹੈ; ਦੁਖੀ ਹੋਣ ਦੀ ਅਵਸਥਾ ਵਿਚ ਸਰੀਰ ਦਾ ਬੋਝ ਚੁੱਕਣਾ ਪੈਂਦਾ ਹੈ।

ਨੁਕਸ ਕਹਿੰਦੇ ਹੀ ਉਸ ਨੂੰ ਹਨ, ਜਿਹੜਾ ਹੁੰਦਾ ਆਪਣੇ ਵਿਚ ਹੈ, ਪਰ ਲੱਭਿਆ ਹੋਰਾਂ ਵਿਚ ਜਾਂਦਾ ਹੈ।

ਕਿਸੇ ਦੀ ਲਿਖਤ ਸਹਿਜੇ ਹੀ ਦੱਸ ਦਿੰਦੀ ਹੈ ਕਿ ਇਸ ਵਿਅਕਤੀ ਨੂੰ ਲਿਖਣ ਦੀ ਆਦਤ ਹੈ ਕਿ ਨਹੀਂ।

ਪਹਿਲਾਂ ਚਿੱਠੀਆਂ ਨੂੰ ਪੋਥੀਆਂ ਵਿਚ ਰੱਖਦੇ ਸਨ, ਹੁਣ ਲਾਕਰਾਂ ਵਿਚ ਰੱਖਦੇ ਹਨ, ਕਿਉਂਕਿ ਇਨ੍ਹਾਂ ਨੇ ਤਲਾਕ ਦੇ ਮੁਕੱਦਮੇ ਵਿਚ ਸਬੂਤ ਅਤੇ ਗਵਾਹੀ ਬਣਨਾ ਹੁੰਦਾ ਹੈ।

ਜਾਣਨ ਲਈ ਕਿ ਲੇਖਕ ਨੂੰ ਲਿਖਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਸੇ ਵਾਪਰੀ ਘਟਨਾ ਬਾਰੇ ਲਿਖਣ ਦਾ ਯਤਨ ਕਰੋ, ਪ੍ਰਗਟਾਉਣ ਦੇ ਕਈ ਢੰਗ ਸੁੱਝਣਗੇ, ਇਹ ਕਈ ਢੰਗ ਹੀ ਲਿਖਣ ਦੀ ਮੁਸ਼ਕਿਲ ਬਣ ਜਾਣਗੇ।

ਜਿਨ੍ਹਾਂ ਵਿਚ ਸਵੈ-ਅਨੁਸ਼ਾਸਨ ਹੁੰਦਾ ਹੈ, ਉਹ ਕੋਰੇ ਕਾਗਜ਼ 'ਤੇ ਵੀ ਸਿੱਧੀਆਂ ਲਾਈਨਾਂ ਵਿਚ ਲਿਖ ਲੈਂਦੇ ਹਨ, ਜਿਨ੍ਹਾਂ ਵਿਚ ਨਹੀਂ ਹੁੰਦਾ, ਉਹ ਲੀਕਾਂ ਵਾਲੇ ਕਾਗਜ਼ 'ਤੇ ਵੀ ਟੇਢਾ ਲਿਖਦੇ ਹਨ।

ਅਮਰੀਕਾ ਦੀ ਸੰਸਦ ਵਿਚ ਆਖਰੀ ਹੱਥੋਪਾਈ, ਦੋ ਮੈਂਬਰਾਂ ਵਿਚਕਾਰ 1902 ਵਿਚ ਹੋਈ ਸੀ।

ਮੰਦਰ ਵਿਚ ਅਸੀਂ ਮੂਰਤੀ ਦੀ ਪੂਜਾ ਨਹੀਂ ਕਰਦੇ, ਆਪਣੀਆਂ ਇੱਛਾਵਾਂ ਦੀ ਪੂਜਾ ਕਰਦੇ ਹਾਂ।



ਪਹਾੜਾਂ 'ਤੇ ਚੜ੍ਹਨ ਵਾਲੇ, ਪਹਾੜ ਰਾਹੀਂ ਆਪਣੇ ਆਪ ਨੂੰ ਫ਼ਤਹਿ ਕਰਦੇ ਹਨ।

ਪਿਆਰ, ਭੁੱਖ ਦਾ ਹੀ ਬਦਲਿਆ ਰੂਪ ਹੁੰਦਾ ਹੈ; ਵਿਛੋੜੇ ਵਿਚੋਂ ਮਿਲਾਪ ਦੀ ਭੁੱਖ ਜਾਗਦੀ ਹੈ।

ਮਨੁੱਖ ਦਾ ਜਿਹੋ ਜਿਹਾ ਨਿੱਘਾ ਸਵਾਗਤ ਨੀਂਦਰ ਕਰਦੀ ਹੈ, ਉਸ ਨੂੰ ਅਸਵੀਕਾਰ ਕਰਨ ਦੀ ਬਾਦਸ਼ਾਹਾਂ ਅਤੇ ਜਰਨੈਲਾਂ ਵਿਚ ਵੀ ਹਿੰਮਤ ਨਹੀਂ ਹੁੰਦੀ।

ਜਿਉਂ-ਜਿਉਂ ਮਨੁੱਖ ਦੀ ਚੇਤਨਾ ਸਪਸ਼ਟ ਹੁੰਦੀ ਜਾਂਦੀ ਹੈ, ਉਸ ਨੂੰ ਪ੍ਰਗਟਾਉਣ ਵਾਲੀ ਭਾਸ਼ਾ ਸਰਲ ਅਤੇ ਕੂਲੀ ਹੁੰਦੀ ਜਾਂਦੀ ਹੈ।

ਭੁੱਖ ਲੱਗੀ ਹੋਵੇ ਤਾਂ ਮਨੁੱਖ ਦਿਮਾਗ ਨਾਲ ਨਹੀਂ, ਢਿੱਡ ਨਾਲ ਸੋਚਦਾ ਹੈ।

ਪ੍ਰਸੰਨਤਾ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ, ਇਹ ਕਿਸੇ ਅਨੁਭਵ ਜਾਂ ਕਾਰਜ ਦਾ ਸਿੱਟਾ ਹੁੰਦੀ ਹੈ।

ਲੜਕੀਆਂ, ਲੜਕਿਆਂ ਨਾਲੋਂ ਵਧੇਰੇ ਲਿਖਦੀਆਂ ਹਨ ਅਤੇ ਤੇਜ਼ ਲਿਖਦੀਆਂ ਹਨ।

ਵਿਕਾਸ ਦੇ ਨੇਮ ਨਹੀਂ ਹੁੰਦੇ, ਅਵਸਰ ਹੁੰਦੇ ਹਨ; ਅਵਸਰਾਂ ਅਨੁਸਾਰ ਨੇਮ ਬਣ ਜਾਂਦੇ ਹਨ।

ਮਨੁੱਖੀ ਮਨ ਝੂਠ ਨੂੰ ਵੀ ਉਵੇਂ ਹੀ ਉਸਾਰਦਾ ਹੈ, ਜਿਵੇਂ ਸੱਚ ਨੂੰ ਉਸਾਰਦਾ ਹੈ।

ਪ੍ਰੇਮਿਕਾ, ਸਾਡਾ ਦੂਜਾ ਆਪਾ ਹੁੰਦੀ ਹੈ, ਜਿਹੜੀ ਪਹਿਲੇ ਆਪੇ ਨੂੰ ਸ਼ਕਤੀਸ਼ਾਲੀ ਬਣਾ ਦਿੰਦੀ ਹੈ।

ਜ਼ਾਤ-ਪਾਤੀ ਸਮਾਜ ਵਿਚ ਬਹੁਤੀ ਸ਼ਬਦਾਵਲੀ ਨਿੰਦਾਮਈ ਹੁੰਦੀ ਹੈ; ਕੋਈ ਜ਼ਾਤ ਕਿਸੇ ਹੋਰ ਜ਼ਾਤ ਦੀ ਪ੍ਰਸੰਸਾ ਨਹੀਂ ਕਰਦੀ, ਨਿੰਦਾ ਅਤੇ ਨਫ਼ਰਤ ਹੀ ਕਰਦੀ ਹੈ।

ਜਦੋਂ ਕੋਈ ਕਿਸੇ ਮਸਲੇ ਨੂੰ ਹੱਲ ਕਰਨ ਲਈ ਕਿਸੇ ਦੀ ਸਲਾਹ ਪੁੱਛਦਾ ਹੈ ਤਾਂ ਉਹ ਆਪ ਵੀ ਹੱਲ ਦੇ ਕਈ ਬਦਲ ਸੋਚ ਰਿਹਾ ਹੁੰਦਾ ਹੈ।

ਪੰਜਾਬੀ ਨਾ ਪਿੜ ਛੱਡਦੇ ਹਨ, ਨਾ ਹੱਥ ਮਲਦੇ ਹਨ; ਇਹ ਹੱਥ ਪਾਉਂਦੇ ਹਨ ਅਤੇ ਜੇ ਇਕ ਵਾਰੀ ਹੱਥ ਪੈ ਜਾਵੇ, ਫਿਰ ਛੱਡਦੇ ਨਹੀਂ।

ਪੰਜਾਬ ਦਾ ਜੱਟ ਖਰੂਦੀ ਨਹੀਂ, ਅਜ਼ਾਦ ਹੈ, ਆਪਣੀ ਮਰਜ਼ੀ ਦਾ ਮਾਲਕ ਹੈ, ਦਖ਼ਲ ਨਾ ਦਿੱਤਾ ਜਾਵੇ ਤਾਂ ਅਮਨ-ਪਸੰਦ ਹੈ; ਇਸ ਨੂੰ ਸਹੀ ਰਸਤੇ ਪਾਈ ਰੱਖਣਾ ਔਖਾ ਨਹੀਂ, ਪਰ ਸਹੀ ਰਸਤੇ 'ਤੇ ਲਿਆਉਣਾ ਮੁਸ਼ਕਿਲ ਹੈ।



Scanned by CamScanner

ਕੋਈ ਚੀਜ਼ ਆਪਣੇ ਆਪ ਵਿਚ ਚੰਗੀ-ਮਾੜੀ ਨਹੀਂ ਹੁੰਦੀ, ਉਹ ਆਪਣੇ ਸੰਦਰਭ ਵਿਚ ਚੰਗੀ ਜਾਂ ਮਾੜੀ ਬਣਦੀ ਹੈ।

ਭੁੱਖਾ ਬੰਦਾ ਸੋਚਦਾ ਹੈ ਕਿ ਪਰਮਾਤਮਾ ਉਹ ਹੈ, ਜਿਸ ਨੂੰ ਭੁੱਖ ਨਹੀਂ ਲੱਗਦੀ।

ਅਸੀਂ ਅਕਸਰ ਪੂਰੀ ਤਰ੍ਹਾਂ ਪਸੰਦ ਨਾ ਹੋਣ ਦੇ ਬਾਵਜੂਦ ਕਿਸੇ ਚੀਜ਼ ਨੂੰ ਇਸ ਲਈ ਪ੍ਰਵਾਨ ਕਰ ਲੈਂਦੇ ਹਾਂ, ਕਿਉਂਕਿ ਸਾਨੂੰ ਉਸ ਨਾਲੋਂ ਚੰਗੇਰੀ ਚੀਜ਼, ਮਿਲਣ ਦੀ ਆਸ-ਉਮੀਦ ਨਹੀਂ ਹੁੰਦੀ।

ਪੁਰਸ਼ ਇਸਤਰੀ ਨੂੰ 'ਤੂੰ ਮੈਨੂੰ ਪਿਆਰ ਕਰਦੀ ਹੈਂ?' ਉਦੋਂ ਤਕ ਨਹੀਂ ਪੁੱਛਦਾ, ਜਦੋਂ ਤਕ ਉਸ ਨੂੰ ਵਿਸ਼ਵਾਸ ਨਹੀਂ ਹੋ ਜਾਂਦਾ ਕਿ ਉਹ ਪਿਆਰ ਕਰਦੀ ਹੈ।

ਜਿਸ ਚੀਜ਼ ਦੀ ਇੱਛਾ ਹੋਵੇ, ਉਹ ਚੰਗੀ ਲੱਗਣ ਲੱਗ ਪੈਂਦੀ ਹੈ; ਜੋ ਚੰਗੀ ਲੱਗੇ, ਉਹ ਸੋਹਣੀ ਹੋ ਜਾਂਦੀ ਹੈ; ਜੋ ਸੋਹਣੀ ਲੱਗੇ, ਉਹ ਪਿਆਰੀ ਹੋ ਨਿਬੜਦੀ ਹੈ।

ਮੈਨੂੰ ਕੀ ਚਾਹੀਦਾ ਹੈ ਅਤੇ ਮੈਨੂੰ ਕੌਣ ਚਾਹੀਦਾ ਹੈ, ਦਾ ਸੁਭਾਓ ਇਕੋ ਜਿਹਾ ਹੁੰਦਾ ਹੈ।

ਕਾਢ ਕੋਈ ਇਕ ਵਿਅਕਤੀ ਕੱਢਦਾ ਹੈ, ਲਾਭ ਸਾਰਾ ਸੰਸਾਰ ਉਠਾਉਂਦਾ ਹੈ।

ਗੰਢ-ਵਿਗਿਆਨ ਅਨੁਸਾਰ ਗੰਢ ਵਿਚ ਗੰਢ ਨਹੀਂ, ਗੰਢ ਮਾਰਨ ਦੀ ਜੁਗਤ ਵਧੇਰੇ ਮਹੱਤਵਪੂਰਨ ਹੁੰਦੀ ਹੈ, ਜਿਸ ਕਾਰਨ ਗੰਢ ਖੁੱਲ੍ਹਦੀ ਨਹੀਂ।

ਥੱਕੇ ਹੋਏ ਅਤੇ ਭੁੱਖੇ ਵਿਅਕਤੀ, ਪਰੇਸ਼ਾਨ ਅਤੇ ਲੜਾਕੇ ਹੁੰਦੇ ਹਨ।

ਅੱਜ ਦਾ ਬੱਚਾ ਮਾਂ ਨੂੰ ਕਹਿੰਦਾ ਹੈ: ਫਿਰ ਕੱਦੂ ਬਣਾ ਦਿੱਤਾ, ਪਿਛਲੇ ਸਾਲ ਹੀ ਤਾਂ ਖਾਧਾ ਸੀ।

ਕਿਸੇ ਚੀਜ਼ ਤੋਂ ਲਾਭ ਤਾਂ ਹੀ ਉਠਾਇਆ ਜਾ ਸਕਦਾ ਹੈ, ਜੇ ਉਸ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਵਿਗਿਆਨਕ ਹੋਵੇ।

ਭਾਰਤ ਦੇ ਲੋਕ ਜਿਊਣਾ ਅਰੰਭ ਕਰਨ ਤੋਂ ਪਹਿਲਾਂ ਹੀ, ਮੌਤ ਦੀ ਚਿੰਤਾ ਕਰਨ ਲੱਗ ਪੈਂਦੇ ਹਨ।

ਦੂਜਿਆਂ ਪ੍ਰਤੀ ਨਫ਼ਰਤ, ਆਪਣੇ ਔਗੁਣਾਂ ਵਿਚੋਂ ਉਪਜਦੀ ਹੈ।

ਜ਼ਿੰਦਗੀ ਦੀਆਂ ਸਵੇਰ ਦੀਆਂ ਵਿਉਂਤਾਂ ਨਾਲ, ਜ਼ਿੰਦਗੀ ਦੀ ਸ਼ਾਮ ਨਹੀਂ ਗੁਜ਼ਾਰੀ ਜਾ ਸਕਦੀ।



ਅਸੀਂ ਕਿਸੇ ਨੂੰ ਪਸੰਦ ਕਰਦੇ ਹਾਂ ਕਿ ਨਹੀਂ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਸ ਵੱਲੋਂ, ਆਪਣੇ ਆਪ ਨੂੰ ਪਸੰਦ ਕੀਤੇ ਜਾਣਾ, ਪਸੰਦ ਕਰਦੇ ਹਾਂ ਕਿ ਨਹੀਂ।

ਹੋਰਾਂ ਨਾਲ ਸਾਂਝ ਪਾਉਣ ਦੀ ਇੱਛਾ, ਸਮਾਜ ਨੂੰ ਮਜ਼ਬੂਤ ਅਤੇ ਮਨੁੱਖ ਨੂੰ ਬਲਵਾਨ ਬਣਾਉਂਦੀ ਹੈ।

ਉਂਜ ਮਨੁੱਖ, ਮਨੁੱਖ ਦਾ ਦੁਸ਼ਮਣ ਹੈ, ਪਰ ਜੀਵਨ-ਅਨੁਭਵ ਨੇ ਉਸ ਨੂੰ ਦੱਸਿਆ ਹੈ ਕਿ ਦੁਸ਼ਮਣੀ ਨਾਲੋਂ ਦੋਸਤੀ ਲਾਹੇਵੰਦਾ ਰਿਸ਼ਤਾ ਹੈ।

ਅਸੀਂ ਪ੍ਰਛਾਵੇਂ ਨੂੰ ਅਸਲ ਨਾਲੋਂ, ਹਨੇਰੇ ਨੂੰ ਚਾਨਣੇ ਨਾਲੋਂ ਅਤੇ ਸੌਣ ਨੂੰ ਜਾਗਣ ਨਾਲੋਂ ਨੀਵਾਂ ਸਮਝਦੇ ਹਾਂ, ਪਰ ਇਹ ਨੀਵੇਂ ਹਨ ਨਹੀਂ, ਇਨ੍ਹਾਂ ਬਾਰੇ ਅਸੀਂ ਸੋਚਦੇ ਹੀ ਨੀਵੀਂ ਬਿਰਤੀ ਨਾਲ ਹਾਂ।

ਮਨੁੱਖ ਨੂੰ ਉਸ ਦੀਆਂ ਯਾਦਾਂ ਪਰੇਸ਼ਾਨ ਕਰਦੀਆਂ ਹਨ, ਜੇ ਯਾਦਾਂ ਨਾ ਹੁੰਦੀਆਂ ਤਾਂ ਮਨੁੱਖ ਨੇ ਪਰੇਸ਼ਾਨ ਨਹੀਂ ਸੀ ਹੋਣਾ, ਇਸੇ ਕਰਕੇ ਪਸ਼ੂ-ਪੰਛੀ ਪਰੇਸ਼ਾਨ ਨਹੀਂ ਹੁੰਦੇ।

ਜੇ ਸਮੁੱਚੇ ਰੂਪ ਵਿਚ ਸਮਾਜ ਗਰੀਬ ਹੋਵੇ ਤਾਂ ਉਸ ਸਮਾਜ ਦੇ ਅਮੀਰ ਵੀ, ਪੈਸੇ ਵਾਲੇ ਗਰੀਬ ਹੀ ਨਜ਼ਰ ਆਉਣਗੇ।

ਕੁਦਰਤ ਹਰੇਕ ਜੀਵ-ਜੰਤੂ ਦੇ ਜੀਵਿਤ ਰਹਿਣ ਦੇ ਹੱਕਾਂ ਦੀ ਰੱਖਿਆ ਕਰਦੀ ਹੈ, ਇਸ ਸਬੰਧੀ ਕੁਦਰਤ ਕਿਸੇ ਦੇ ਵਿਸ਼ੇਸ਼ ਅਧਿਕਾਰਾਂ ਨੂੰ ਨਹੀਂ ਮੰਨਦੀ।

ਹੋਰਾਂ ਨੂੰ ਦੇਣਯੋਗ ਕਈ ਚੀਜ਼ਾਂ ਅਸੀਂ ਇਸ ਲਈ ਨਹੀਂ ਦਿੰਦੇ, ਕਿਉਂਕਿ ਉਹ ਅਜੇ ਖ਼ਰਾਬ ਨਹੀਂ ਹੋਈਆਂ ਹੁੰਦੀਆਂ; ਉਨ੍ਹਾਂ ਨੂੰ ਅਸੀਂ ਖ਼ਰਾਬ ਹੋਣ ਤਕ ਸਾਂਭਣ ਕਰਕੇ, ਉਨ੍ਹਾਂ ਨੂੰ ਦੇਣ ਦੀ ਖ਼ੁਸ਼ੀ ਤੋਂ ਵਿਰਵੇ ਹੋ ਜਾਂਦੇ ਹਾਂ।

ਚੰਗਾ-ਜੀਵਨ ਪ੍ਰਸੰਨ-ਜੀਵਨ ਹੁੰਦਾ ਹੈ; ਪ੍ਰਸੰਨ-ਜੀਵਨ, ਮਰਯਾਦਾ-ਪੂਰਨ ਹੁੰਦਾ ਹੈ।

ਬਦਮਾਸ਼ ਵਿਚ ਵੀ ਆਪਣਾ ਪ੍ਰਭਾਵ ਪਾਉਣ ਦੀ ਤਾਂਘ ਹੁੰਦੀ ਹੈ; ਉਹ ਆਪਣੀ ਛਾਪ, ਹਿੰਸਾ ਅਤੇ ਅਪਰਾਧ ਰਾਹੀਂ ਲਾਉਣ ਵਿਚ ਰੁਝਿਆ ਰਹਿੰਦਾ ਹੈ।

ਖ਼ੁਸ਼ਹਾਲੀ, ਕੁਦਰਤ ਤੋਂ ਅਕਲ, ਧਰਮ ਤੋਂ ਪਰਉਪਕਾਰ ਅਤੇ ਵਿਗਿਆਨ ਤੋਂ ਵਿਧੀ ਅਪਨਾਉਣ ਨਾਲ ਉਪਜਦੀ ਹੈ।

ਰੁਕਿਆ ਹੋਇਆ ਜੀਵਨ, ਮੌਤ ਵੱਲ ਤੇਜ਼ੀ ਨਾਲ ਵਧਦਾ ਹੈ।



Scanned by CamScanner

ਕੋਈ ਕੰਮ ਤਿੰਨ ਕਾਰਨਾਂ ਕਰਕੇ ਕੀਤਾ ਜਾਂਦਾ ਹੈ: ਲਾਭਕਾਰੀ ਹੋਣ ਕਰਕੇ, ਸਹੀ ਹੋਣ ਕਰਕੇ ਅਤੇ ਕਰਤੱਵ ਹੋਣ ਕਰਕੇ।

ਕੱਟੜਵਾਦ ਵਿਚ, ਉਦਾਰਵਾਦ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਨਹੀਂ ਹੁੰਦੀ।

ਵੰਡੀਆਂ ਜਾ ਸਕਣ ਵਾਲੀਆਂ ਚੀਜ਼ਾਂ, ਵੰਡ ਕੇ ਵਰਤੀਆਂ ਜਾਣੀਆਂ ਚਾਹੀਦੀਆਂ ਹਨ; ਵੰਡੀਆਂ ਨਾ ਜਾ ਸਕਣ ਵਾਲੀਆਂ ਚੀਜ਼ਾਂ, ਰਲ ਕੇ ਵਰਤੀਆਂ ਜਾਣੀਆਂ ਚਾਹੀਦੀਆਂ ਹਨ।

ਉਮਰ ਦੇ ਪੱਖੋਂ ਜੀਵਨ ਲੰਮਾ ਹੋ ਗਿਆ ਹੈ, ਪਰ ਜਿਊਣ ਦੀ ਤਸੱਲੀ ਘੱਟ ਗਈ ਹੈ।

ਵੱਡੇ ਸ਼ਹਿਰਾਂ ਵਿਚ ਹਰ ਕਿਸੇ ਕੋਲ ਸਮੇਂ ਦੀ ਘਾਟ ਹੁੰਦੀ ਹੈ, ਇਸ ਕਰਕੇ ਕੋਈ ਕਿਸੇ ਦੇ ਮਾਮਲੇ ਵਿਚ ਦਖ਼ਲ ਨਹੀਂ ਦਿੰਦਾ।

ਚੰਗਾ ਵਿਹਾਰ ਸਿਖਣਾ ਪੈਂਦਾ ਹੈ, ਭੈੜਾ ਵਿਹਾਰ ਕਰਨਾ ਹਰ ਕਿਸੇ ਨੂੰ ਪਹਿਲਾਂ ਹੀ ਆਉਂਦਾ ਹੁੰਦਾ ਹੈ।

ਜਿਹੜਾ ਵਰਤਾਰਾ ਸਮੱਸਿਆਵਾਂ ਸੁਲਝਾਉਂਦਾ ਹੈ, ਉਹੀ ਸਮੱਸਿਆਵਾਂ ਉਪਜਾਉਂਦਾ ਵੀ ਹੈ; ਵਿਗਿਆਨ ਨੇ ਅਨੇਕਾਂ ਸਮੱਸਿਆਵਾਂ ਹੱਲ ਕੀਤੀਆਂ ਹਨ, ਪਰ ਅਣਗਿਣਤ ਉਪਜਾਈਆਂ ਵੀ ਹਨ।

ਇਤਿਹਾਸ ਦਾ ਵਿਸ਼ਾ ਪਰਿਵਰਤਨ ਹੁੰਦਾ ਹੈ, ਪਰ ਬਹੁਤੇ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦੇ ਹੀ ਹਨ।

ਛੋਟੀਆਂ ਭਾਸ਼ਾਵਾਂ ਵੱਡੇ ਵਿਚਾਰ ਨਹੀਂ ਸਿਰਜ ਸਕਦੀਆਂ; ਵੱਧ ਤੋਂ ਵੱਧ ਇਹ ਉਨ੍ਹਾਂ ਨੂੰ ਪ੍ਰਗਟਾਅ ਕੇ ਅਪਣਾ ਹੀ ਸਕਦੀਆਂ ਹਨ।

ਹਰੇਕ ਪਰਿਵਰਤਨ ਵਿਚ ਕਿਸੇ ਦਾ ਤਾਰਾ ਡੁੱਬਦਾ ਹੈ, ਕਿਸੇ ਦਾ ਚੰਨ ਚੜ੍ਹਦਾ ਹੈ।

ਇਤਿਹਾਸ ਸਿੱਧੀ ਰੇਖਾ ਵਿਚ ਨਹੀਂ ਚਲਦਾ; ਇਤਿਹਾਸ ਇਹ ਉਦੋਂ ਬਣਦਾ ਹੈ, ਜਦੋਂ ਇਹ ਮੋੜ ਕਟਦਾ ਹੈ; ਇਸ ਨੂੰ ਇਤਿਹਾਸਕ ਮੋੜ ਕਹਿੰਦੇ ਹਨ।

ਮੁੱਢ ਵਿਚ ਸਮਾਜ ਵਿਚ ਰਿਵਾਜ ਸਨ, ਸੰਸਦ ਅਤੇ ਵਿਧਾਨ-ਸਭਾਵਾਂ ਨੇ ਇਨ੍ਹਾਂ ਰਿਵਾਜਾਂ ਨੂੰ ਕਾਨੂੰਨ ਬਣਾ ਦਿੱਤਾ ਹੈ।

ਹਕੂਮਤ ਕੋਈ ਹੋਵੇ, ਉਹ ਪੁਲੀਸ, ਫ਼ੌਜ, ਅਦਾਲਤਾਂ, ਜੇਲ੍ਹਾਂ ਤੋਂ ਬਿਨਾਂ ਨਹੀਂ ਚਲਦੀ।

ਇਤਿਹਾਸ ਤੋਂ ਤਾਂ ਹੀ ਕੁਝ ਸਿੱਖਿਆ ਜਾ ਸਕਦਾ ਹੈ, ਜੇ ਇਸ ਨੂੰ ਨਿਰਪੱਖ ਹੋ ਕੇ ਵਾਚਿਆ ਜਾਵੇ।



ਸੰਕਟਾਂ ਅਤੇ ਸਦਮਿਆਂ ਦੇ ਬਾਵਜੂਦ, ਤਿਉਹਾਰ ਮਨਾਉਣੇ ਚਾਹੀਦੇ ਹਨ; ਇਵੇਂ ਸੰਤਾਪ ਅਤੇ ਦਰਦ ਘੱਟਦੇ ਹਨ ਅਤੇ ਜ਼ਿੰਦਗੀ ਦੇ ਬਨੇਰੇ ਨੂੰ ਮੁੜ ਹੱਥ ਪਾਉਣਾ ਸੌਖਾ ਹੋ ਜਾਂਦਾ ਹੈ।

ਟੈਲੀਫੋਨ ਨੇ ਹਰ ਕਿਸੇ ਲਈ ਝੂਠ ਬੋਲਣਾ ਸੌਖਾ ਬਣਾ ਦਿੱਤਾ ਹੈ।

ਜਦੋਂ ਬੱਚਾ ਮਾਪਿਆਂ ਨੂੰ ਪੁੱਛਦਾ ਹੈ: ਮੈਂ ਕਿੱਥੋਂ ਅਤੇ ਕਿਵੇਂ ਆਇਆ ਹਾਂ? ਮਾਪਿਆਂ ਵਲੋਂ ਇਸ ਪ੍ਰਸ਼ਨ ਦੇ ਉੱਤਰ ਨਾਲ ਹੀ ਝੂਠ ਦਾ ਦੌਰ ਅਰੰਭ ਹੋ ਜਾਂਦਾ ਹੈ।

ਮਾਪੇ, ਬੱਚਿਆਂ ਨਾਲ ਝੂਠ ਬੋਲਦੇ ਹਨ, ਪਰ ਉਹ ਕੋਈ ਅਜਿਹਾ ਝੂਠ ਨਹੀਂ ਬੋਲਦੇ ਕਿ ਉਹ ਝੂਠ ਬੋਲ ਕੇ ਖਹਿੜਾ ਨਾ ਛੁਡਾ ਸਕਣ।

ਭਾਵੇਂ ਦੁਸ਼ਮਣ ਹਾਰ ਹੀ ਜਾਵੇ, ਜੇਤੂ ਧਿਰ ਨੂੰ ਉਸ ਦਾ ਡਰ ਬਣਿਆ ਰਹਿੰਦਾ ਹੈ, ਕਿਉਂਕਿ ਹਾਰ, ਬਦਲੇ ਦੀ ਭਾਵਨਾ ਉਪਜਾਉਂਦੀ ਹੈ।

ਜਦੋਂ ਤਕ ਸਾਡੇ ਵਿਚ ਵਖਰੇਵਿਆਂ ਅਤੇ ਭਿੰਨਤਾਵਾਂ ਪ੍ਰਤੀ ਸਤਿਕਾਰ ਨਹੀਂ ਉਪਜਦਾ, ਉਦੋਂ ਤਕ ਅਸੀਂ ਪ੍ਰਾਂਤਕ ਹੀ ਰਹਾਂਗੇ, ਵਿਸ਼ਵ-ਨਾਗਰਿਕ ਨਹੀਂ ਬਣ ਸਕਾਂਗੇ।

ਜਦੋਂ ਮਨੁੱਖ ਦਾ ਤਰਕ ਕਮਜ਼ੋਰ ਹੋ ਜਾਂਦਾ ਹੈ ਤਾਂ ਉਸਦੀ ਅਵਾਜ਼ ਉੱਚੀ, ਭਾਸ਼ਾ ਸਖ਼ਤ ਅਤੇ ਹਰਕਤਾਂ ਹਿੰਸਕ ਹੋ ਜਾਂਦੀਆਂ ਹਨ।

ਫ਼ਿਰਕੂ ਫ਼ਸਾਦਾਂ ਵਿਚ ਇਹ ਭਾਵਨਾ ਕਾਰਜਸ਼ੀਲ ਹੁੰਦੀ ਹੈ ਕਿ ਜੋ ਸਾਡੇ ਵਰਗਾ ਨਹੀਂ, ਉਸ ਨੂੰ ਜਿਊਣ ਦਾ ਅਧਿਕਾਰ ਨਹੀਂ।

ਪਿਆਰ ਦੇ ਅਰੰਭ ਵਿਚ ਸੋਚਿਆ ਜਾਂਦਾ ਹੈ: ਇਹ ਕੌਣ ਹੈ? ਫਿਰ ਸੋਚਣਾ ਪੈਂਦਾ ਹੈ, ਮੈਂ ਕੌਣ ਹਾਂ? ਫਿਰ ਦੋਵੇਂ ਸੋਚਦੇ ਹਨ: ਅਸੀਂ ਕੌਣ ਸਾਂ, ਕੀ ਬਣ ਗਏ ਹਾਂ?

ਹਕੂਮਤ ਦੀ ਵਾਗਡੋਰ ਅਤੇ ਰਾਜਨੀਤੀ, ਕੁਝ ਹਾਕਮ ਪਰਿਵਾਰਾਂ ਵਿਚਕਾਰ ਹੀ ਰਹਿੰਦੀ ਹੈ, ਹਾਕਮ ਅਤੇ ਉਨ੍ਹਾਂ ਦੇ ਪਰਿਵਾਰ ਸੁਰੱਖਿਅਤ ਰਹਿੰਦੇ ਹਨ, ਲੜਨ-ਮਰਨ ਦਾ ਕਾਰਜ ਜਨਤਾ ਤੋਂ ਕਰਵਾਇਆ ਜਾਂਦਾ ਹੈ।

ਭਾਰਤ ਵਿਚ ਉਪਜੇ ਚਾਰ ਧਰਮਾਂ (ਜੈਨ, ਹਿੰਦੂ, ਬੁੱਧ, ਸਿੱਖ) ਦੇ ਸਾਰੇ ਤਿਉਹਾਰ ਜਸ਼ਨ ਹਨ, ਇਨ੍ਹਾਂ ਵਿਚ ਸੋਗ ਦਾ ਕੋਈ ਤਿਉਹਾਰ ਨਹੀਂ।

ਅਸਹਿਮਤੀ ਜਦੋਂ ਸਖ਼ਤ ਹੋ ਜਾਵੇ ਤਾਂ ਇਹ ਵਿਰੋਧ ਬਣ ਜਾਂਦੀ ਹੈ; ਵਿਰੋਧ ਜਦੋਂ ਹਥਿਆਰਬੰਦ ਹੋ ਜਾਵੇ ਤਾਂ ਇਹ ਲੜਾਈ ਅਤੇ ਯੁੱਧ ਬਣ ਜਾਂਦਾ ਹੈ।

ਸਮਾਜ ਦੇ ਦੋਸ਼, ਦੂਰ ਹੋਣ ਵਾਲੇ ਨਹੀਂ ਹੁੰਦੇ, ਇਨ੍ਹਾਂ ਦੇ ਰੂਪ ਹੀ ਬਦਲਦੇ ਹਨ।



Scanned by CamScanner

ਜਿਸ ਪੰਛੀ ਦੇ ਖੰਭ ਰੰਗੀਨ ਅਤੇ ਅਵਾਜ਼ ਉੱਚੀ ਹੁੰਦੀ ਹੈ, ਉਸ ਵਿਚ ਆਪਣਾ ਸਾਥੀ ਲੱਭਣ ਦੀ ਸਮਰੱਥਾ ਵਧੇਰੇ ਹੁੰਦੀ ਹੈ।

ਜਿਹੜੇ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ, ਉਹ ਯੁੱਧ ਦੀ ਧਮਕੀ ਨਹੀਂ ਦਿੰਦੇ, ਉਹ ਯੁੱਧ ਹੀ ਕਰਦੇ ਹਨ।

ਜੇ ਦੇਸ਼ ਦੀਆਂ ਅੰਦਰਲੀਆਂ ਸਮੱਸਿਆਵਾਂ ਹੱਲ ਨਾ ਹੋਣ ਤਾਂ ਬਾਹਰਲੀਆਂ ਵੀ ਹੱਲ ਨਹੀਂ ਹੁੰਦੀਆਂ।

ਯੁੱਧ ਦੌਰਾਨ ਸਰਕਾਰ ਦੇ ਵਿਰੋਧੀ ਵੀ ਸਰਕਾਰ ਦੇ ਸਹਿਯੋਗੀ ਹੋ ਜਾਂਦੇ ਹਨ; ਇਵੇਂ ਯੁੱਧ ਦੌਰਾਨ ਹਕੂਮਤ ਕਰਨੀ ਸੌਖੀ ਹੋ ਜਾਂਦੀ ਹੈ, ਪਰ ਯੁੱਧ ਉਪਰੰਤ ਹਕੂਮਤ ਬਣਾਈ ਰੱਖਣੀ ਮੁਸ਼ਕਿਲ ਹੋ ਜਾਂਦੀ ਹੈ।

ਜਿੱਤ ਵਾਂਗ, ਸਮਝੌਤਾ ਵੀ ਹਮੇਸ਼ਾਂ ਦੂਜੀ ਧਿਰ 'ਤੇ ਨਿਰਭਰ ਕਰਦਾ ਹੈ।

ਮਾਰਕਸਵਾਦ, ਕਿਸੇ ਹੋਰ ਵਿਚਾਰਧਾਰਾ ਨੂੰ ਪਸੰਦ ਨਹੀਂ ਕਰਦਾ।

ਹਾਰੀ ਹੋਈ ਧਿਰ, ਵਧੇਰੇ ਹਿੰਸਕ ਹੋ ਜਾਂਦੀ ਹੈ, ਕਿਉਂਕਿ ਉਹ ਹਾਰ ਨੂੰ ਭੁੱਲਣ ਲਈ, ਸਭ ਕੁਝ ਤਬਾਹ ਕਰਨ ਲੱਗ ਪੈਂਦੀ ਹੈ।

ਵਿਕਾਸ ਲਈ ਵਖਰੇਵੇਂ ਬੜੇ ਮਹੱਤਵਪੂਰਨ ਹੁੰਦੇ ਹਨ; ਇਕਸਾਰਤਾ ਵਿਚੋਂ ਵਿਕਾਸ ਨਹੀਂ ਵਾਪਰਦਾ।

ਖ਼ੁਸ਼ਹਾਲ ਸਮਾਜਾਂ ਵਿਚ ਹਰ ਕਿਸੇ ਵਲੋਂ ਨਿਵੇਕਲੇ ਹੋਣ ਦਾ ਯਤਨ ਕੀਤਾ ਜਾਂਦਾ ਹੈ; ਪੱਛੜੇ ਸਮਾਜਾਂ ਵਿਚ ਨਕਲ ਪ੍ਰਧਾਨ ਹੁੰਦੀ ਹੈ।

ਅਜੋਕੇ ਸਮੇਂ ਵਿਚ ਸਨੇਹ ਨੇ ਨਹੀਂ, ਵਿਰੋਧ ਨੇ ਵਿਕਾਸ ਕੀਤਾ ਹੈ।

ਗਿਆਨ ਦੇ ਵਧਣ ਨਾਲ ਸਮਾਜ ਵਿਚ ਨਵੇਂ ਸੰਕਲਪਾਂ ਅਤੇ ਦਿਲਚਸਪ ਵਿਅਕਤੀਆਂ ਦੀ ਗਿਣਤੀ ਵਧਦੀ ਹੈ।

ਵੱਡੀਆਂ ਕੰਪਨੀਆਂ ਗਾਹਕਾਂ ਨੂੰ ਲਾਡ ਲਡਾਉਂਦੀਆਂ ਹਨ।

ਬਹੁਤ ਅਧਿਕ ਦਿਖਾਵਾ, ਗਰੀਬੀ ਦਾ ਪ੍ਰਗਟਾਵਾ ਹੁੰਦਾ ਹੈ; ਅਮੀਰੀ ਦਾ ਪ੍ਰਗਟਾਵਾ, ਸੰਜਮ ਹੁੰਦਾ ਹੈ।

ਬੇਈਮਾਨੀ ਨਾਲ ਪੈਸਾ ਜ਼ਰੂਰ ਇਕੱਤਰ ਹੋ ਜਾਂਦਾ ਹੈ, ਪਰ ਇਸ ਨਾਲ ਅਮੀਰੀ ਦਾ ਅਹਿਸਾਸ ਨਹੀਂ ਜਾਗਦਾ।



ਜੇ ਸਕੂਲ ਵਿਚ ਅਧਿਆਪਕ, ਆਪਣੀ ਉਦਾਹਰਣ ਨਾਲ, ਵਿਦਿਆਰਥੀਆਂ ਨੂੰ ਚੰਗਾ ਵਿਹਾਰ ਕਰਨਾ ਨਹੀਂ ਸਿਖਾਉਂਦੇ ਤਾਂ ਇਹ ਵਿਦਿਆਰਥੀਆਂ ਦੇ ਕੀਮਤੀ ਸਮੇਂ ਦੀ ਦੁਰਵਰਤੋਂ ਹੁੰਦੀ ਹੈ।

ਚੰਗਾ ਚੱਜ-ਆਚਾਰ ਉਹ ਹੁੰਦਾ ਹੈ, ਜਿਸ ਨੂੰ ਅਪਨਾਉਣ ਲਈ ਤਾਂਘ ਉਪਜੇ।

ਅਜੋਕੇ ਸੰਸਾਰ ਵਿਚ, ਜਿਨ੍ਹਾਂ ਉਤੇ ਰੋਮਨਾਂ-ਯੂਨਾਨੀਆਂ ਨੇ ਰਾਜ ਕੀਤਾ ਹੈ; ਉਹੀ ਸੱਭਿਅਕ-ਖ਼ੁਸ਼ਹਾਲ ਹਨ; ਜਿਹੜੇ ਖ਼ੁਸ਼ਹਾਲ ਹਨ, ਉਹੀ ਵਿਗਿਆਨਕ-ਆਧੁਨਿਕ ਹਨ; ਜਿਹੜੇ ਆਧੁਨਿਕ ਹਨ, ਉਨ੍ਹਾਂ ਦਾ ਵਿਸ਼ਵ 'ਤੇ ਰਾਜ ਹੈ; ਇਵੇਂ ਅਜੋਕੇ ਸੰਸਾਰ 'ਤੇ ਵੀ ਰੋਮਨਾਂ-ਯੂਨਾਨੀਆਂ ਦਾ ਹੀ ਰਾਜ ਹੈ।

ਧਰਮ ਪਵਿੱਤਰਤਾ 'ਤੇ ਬਲ ਦਿੰਦਾ ਹੈ; ਵਿਗਿਆਨ ਸਫ਼ਾਈ ਅਤੇ ਤੰਦਰੁਸਤੀ 'ਤੇ ਬਲ ਦਿੰਦਾ ਹੈ।

ਦੂਜਿਆਂ ਦਾ ਧਿਆਨ ਰੱਖਣ ਵਿਚ ਇਸਤਰੀ, ਪੁਰਸ਼ ਤੋਂ ਬਹੁਤ ਅਮੀਰ ਹੈ।

ਯੋਰਪ ਜਾਓ, ਸਾਰੇ ਦੇਸ਼ ਸਵਾਗਤੀ ਗੇਟ ਅਤੇ ਮਹਿਮਾਨ-ਘਰ ਪ੍ਰਤੀਤ ਹੋਣਗੇ।

ਭਾਰਤ ਵਿਚ ਕਾਨੂੰਨ ਘੱਟ ਅਤੇ ਰੀਤੀ-ਰਿਵਾਜ ਵੱਧ ਮੰਨੇ ਜਾਂਦੇ ਹਨ।

ਚੰਗਾ ਵਿਹਾਰ ਕਰਨਾ ਸਿੱਖਣ ਨਾਲ, ਪੈਸਿਆਂ ਤੋਂ ਬਿਨਾਂ ਵੀ ਅਮੀਰੀ ਅਤੇ ਖ਼ੁਸ਼ਹਾਲੀ ਦਾ ਅਹਿਸਾਸ ਹੋਵੇਗਾ।

ਜਿਸ ਪਰਿਵਾਰ-ਸਮਾਜ ਵਿਚ ਅਕਲ ਦਾ ਸੰਕਟ ਹੋਵੇਗਾ, ਉਥੇ ਸਾਰੇ ਸੰਕਟ ਹੋਣਗੇ।

ਸ਼ਤਾਬਦੀਆਂ, ਬਰਸੀਆਂ, ਸ਼ਰਧਾਂਜਲੀਆਂ ਵਿਚ ਕੁਝ ਨਵਾਂ ਨਹੀਂ ਹੁੰਦਾ; ਜੋ ਨਵਾਂ ਨਹੀਂ ਹੁੰਦਾ, ਉਹ ਅਕਾਊ ਹੁੰਦਾ ਹੈ।

ਯੋਰਪ ਵਿਚ ਸਮਾਜਿਕ ਵਿਹਾਰ ਬੜਾ ਸਰਲ ਅਤੇ ਗੈਰ-ਰਸਮੀ ਹੋ ਗਿਆ ਹੈ, ਪੂਰਬੀ ਦੇਸ਼ਾਂ ਵਿਚ ਇਹ ਵਧੇਰੇ ਗੁੰਝਲਦਾਰ ਅਤੇ ਸਮਾਗਮੀ ਹੋ ਗਿਆ ਹੈ।

ਚੰਗੇ ਵਿਹਾਰ ਨਾਲ ਖ਼ੁਸ਼ਹਾਲੀ ਆਉਂਦੀ ਹੈ, ਪਰ ਪਹਿਲਾਂ ਵਿਹਾਰ ਚੰਗਾ ਹੋਵੇਗਾ, ਫਿਰ ਖ਼ੁਸ਼ਹਾਲੀ ਆਵੇਗੀ।

ਚੰਗੇ ਤੌਰ-ਤਰੀਕੇ ਰਾਹ ਖੋਲ੍ਹਦੇ ਹਨ, ਰਸਤਾ ਰੋਕਦੇ ਨਹੀਂ।

ਧਰਮ ਵਿਚ ਸਭ ਕੁਝ ਪਰੰਪਰਾਗਤ ਹੁੰਦਾ ਹੈ; ਹੁਣ ਵੀ ਪੋਪ ਦੇ ਅੰਗ-ਰੱਖਿਅਕ ਉਹੀ ਵਰਦੀ ਪਹਿਨਦੇ ਹਨ, ਜਿਹੜੀ ਮਾਈਕਲਐਂਜਲੋ ਨੇ ਸੋਲ੍ਹਵੀਂ ਸਦੀ ਵਿਚ ਤਿਆਰ ਕੀਤੀ ਸੀ।



Scanned by CamScanner

ਘਰ ਕਿਹੋ ਜਿਹਾ ਵੀ ਹੋਵੇ, ਉਸ ਨੂੰ ਸਫ਼ਾਈ ਅਤੇ ਸਲੀਕੇ ਨਾਲ ਸੋਹਣਾ ਬਣਾਇਆ ਜਾ ਸਕਦਾ ਹੈ।

ਜ਼ਾਤ-ਪਾਤ ਅਪ੍ਰਵਾਨਗੀ ਦਾ ਵਰਤਾਰਾ ਹੈ, ਇਸੇ ਕਰਕੇ ਭਾਰਤ ਦੇ ਲੋਕਾਂ ਦਾ ਢੇਰ ਸਮਾਂ ਸ਼ੁੱਧ ਹੋਣ ਅਤੇ ਪਵਿੱਤਰ ਬਣਨ ਵਿਚ ਲੱਗ ਜਾਂਦਾ ਹੈ।

ਜਿਨ੍ਹਾਂ ਸਮਾਜਾਂ ਵਿਚ ਪਰੰਪਰਾ ਪ੍ਰਧਾਨ ਹੁੰਦੀ ਹੈ; ਉਥੇ ਲੋਕ ਸਵੇਰੇ ਉਠਦੇ ਹੀ ਹਨ, ਜਾਗਦੇ ਨਹੀਂ।

ਅਸੀਂ ਭਾਰਤਵਾਸੀ ਕਿਸੇ ਅਜਨਬੀ ਨੂੰ, ਪ੍ਰਸੰਨ ਹੋ ਕੇ ਨਹੀਂ ਮਿਲਦੇ; ਇਸ ਕਾਰਨ, ਉਹ ਅਜਨਬੀ ਹੀ ਰਹਿੰਦਾ ਹੈ।

ਸਾਡੀਆਂ ਬਹੁਤੀਆਂ ਰਸਮਾਂ ਜਿਵੇਂ ਕਿ ਮੱਥਾ ਟੇਕਣਾ, ਪੈਰੀਂ ਹੱਥ ਲਾਉਣਾ ਆਦਿ ਅਧੀਨਗੀ-ਗੁਲਾਮੀ ਪ੍ਰਗਟਾਉਣ ਵਾਲੀਆਂ ਹਨ; ਸੁਤੰਤਰਤਾ ਅਤੇ ਬਰਾਬਰੀ ਪ੍ਰਗਟਾਉਣ ਵਾਲੀਆਂ ਰਸਮਾਂ ਸਾਡੇ ਕੋਲ ਹਨ ਹੀ ਨਹੀਂ।

ਖ਼ੁਸ਼ਾਮਦੀ ਅਤੇ ਦਰਬਾਰੀ ਵਿਹਾਰ ਅਕਾਊ ਹੁੰਦਾ ਹੈ, ਇਸੇ ਕਰਕੇ ਸਰਕਾਰੀ ਸਮਾਗਮ ਥਕਾਊ ਹੁੰਦੇ ਹਨ।

ਫ਼ੌਜੀ, ਸਭ ਕੁਝ ਰਸਮ ਅਨੁਸਾਰ, ਰੀਹਰਸਲ ਅਨੁਸਾਰ, ਅਹੁਦੇ ਅਨੁਸਾਰ ਕਰਦੇ ਹਨ; ਅਜਿਹੇ ਵਿਹਾਰ ਨੂੰ ਕੇਵਲ ਫ਼ੌਜੀ ਹੀ ਮਾਣ ਸਕਦੇ ਹਨ।

ਵਿਦਵਾਨ ਨੂੰ ਸਾਰੇ ਕੱਪੜੇ ਜੱਚਦੇ ਹਨ, ਕਿਉਂਕਿ ਉਸ ਨੂੰ ਸੁਣਨ ਵਾਲਿਆਂ ਦਾ ਧਿਆਨ ਉਸ ਦੇ ਕੱਪੜਿਆਂ ਵੱਲ ਜਾਂਦਾ ਹੀ ਨਹੀਂ।

ਦਰਬਾਰੀ ਵਿਹਾਰ ਦਾ ਨਮੂਨਾ: ਜਿਤਨਾ ਚਿਰ ਤੁਸੀਂ ਖਲੋਤੇ ਹੋ, ਮੈਂ ਤੁਹਾਡਾ ਬੈਠਣ ਦਾ ਹੁਕਮ ਮੰਨਣ ਦੀ ਗੁਸਤਾਖ਼ੀ ਕਿਵੇਂ ਕਰ ਸਕਦਾ ਹਾਂ; ਤੁਸੀਂ ਬੈਠਣ ਲਈ ਆਪਣਾ ਹੁਕਮ ਦੁਹਰਾਇਆ ਹੈ, ਮੈਂ ਆਪ ਜੀ ਦਾ ਹੁਕਮ ਨਾ ਮੰਨਣ ਦੀ ਮੂਰਖਤਾ ਕਿਵੇਂ ਕਰ ਸਕਦਾ ਹਾਂ!

ਪੱਛੜੇ ਸਮਾਜਾਂ ਵਿਚ ਸਿੱਧੀ ਗੱਲ ਕਰਨੀ, ਬੇਇੱਜ਼ਤੀ ਸਮਝੀ ਜਾਂਦੀ ਹੈ।

ਬਹੁਤ ਕਰੜਾ ਅਨੁਸ਼ਾਸਨ ਸਿਰਜਣਾਤਮਕਤਾ ਨੂੰ ਮਾਰ ਦਿੰਦਾ ਹੈ, ਕਿਉਂਕਿ ਇਸ ਨਾਲ ਜ਼ਿੰਦਗੀ ਇਕ ਫਾਰਮੂਲਾ ਬਣ ਕੇ ਰਹਿ ਜਾਂਦੀ ਹੈ।

ਅਸੀਂ ਸਮੇਂ ਸਿਰ ਆਉਣ ਵਾਲਿਆਂ ਅਤੇ ਦੇਰ ਨਾਲ ਪਹੁੰਚਣ ਵਾਲਿਆਂ ਵਿਚ ਕੋਈ ਅੰਤਰ ਨਹੀਂ ਕਰਦੇ, ਇਸੇ ਕਰਕੇ ਸਾਡੇ ਦੇਸ਼ ਵਿਚ ਸਮੇਂ ਦੀ ਪਾਬੰਦੀ ਨਹੀਂ ਹੈ।



ਜੇ ਸ਼ਰਮਸਾਰ ਹੋਣ ਦੀ ਯੋਗਤਾ ਹੋਵੇ ਤਾਂ ਮਨੁੱਖ ਬੇਸ਼ਰਮ ਹੋਣ ਤੋਂ ਬਚਿਆ ਰਹਿੰਦਾ ਹੈ।

ਜਿਸ ਸੰਗਠਨ ਵਿਚ ਅਤੇ ਜਿਥੇ ਪ੍ਰਸ਼ਾਸਨ ਸਖ਼ਤ ਹੋਵੇਗਾ, ਉਥੇ ਕਰਤੱਵ ਮਹੱਤਵਪੂਰਨ ਹੋਣਗੇ, ਅਧਿਕਾਰ ਨਹੀਂ।

ਖੇਤੀਬਾੜੀ ਸਮਾਜਾਂ ਵਿਚ ਸਲੀਕਾ ਅਤੇ ਸਨੇਹ ਨਹੀਂ, ਵਿਰੋਧ ਅਤੇ ਸਾੜਾ ਪ੍ਰਧਾਨ ਹੁੰਦੇ ਹਨ; ਇਸ ਕਾਰਨ ਅਦਾਲਤਾਂ ਵਿਚ ਕਿਸਾਨਾਂ ਦੀਆਂ ਭੀੜਾਂ ਹੁੰਦੀਆਂ ਹਨ।

ਸਖ਼ਤ ਅਨੁਸ਼ਾਸਨ ਵਿਚ, ਹਰ ਕਿਸੇ ਦੇ ਵਿਹਾਰ ਦੇ ਨੁਕਸ ਹੀ ਕੱਢੇ ਜਾਂਦੇ ਹਨ।

ਕਿਸੇ ਦੀ ਗਰੀਬੀ 'ਤੇ ਹੱਸਣਾ, ਭੈੜਾ ਵਿਹਾਰ ਹੁੰਦਾ ਹੈ, ਕਿਸੇ ਦੀ ਅਮੀਰੀ ਨੂੰ ਭੰਡਣਾ, ਚੰਗਾ ਵਿਹਾਰ ਨਹੀਂ ਹੁੰਦਾ, ਕਿਉਂਕਿ ਹਰ ਕੋਈ ਕਿਸੇ ਲਈ ਗਰੀਬ ਅਤੇ ਕਿਸੇ ਲਈ ਅਮੀਰ ਹੁੰਦਾ ਹੈ।

ਜਿਵੇਂ ਪਹਿਲਾਂ ਹਮਲਾਵਰ ਆਉਂਦੇ ਸਨ, ਉਵੇਂ ਹੁਣ ਬਰਾਤਾਂ ਆਉਂਦੀਆਂ ਹਨ।

ਭਾਰਤ ਕੋਲ ਸਮਾਗਮ ਦਾ ਨਹੀਂ, ਮੇਲੇ ਅਤੇ ਤਮਾਸ਼ੇ ਦਾ ਸੰਕਲਪ ਹੈ; ਇਸੇ ਕਰਕੇ ਸਾਡਾ ਹਰ ਸਮਾਗਮ, ਕੁਝ ਚਿਰ ਮਗਰੋਂ, ਮੇਲਾ ਅਤੇ ਤਮਾਸ਼ਾ ਬਣ ਜਾਂਦਾ ਹੈ।

ਸਧਾਰਨ ਵਪਾਰੀ ਦੀ ਦਿਲਚਸਪੀ ਕੇਵਲ ਮੁਨਾਫ਼ੇ ਵਿਚ ਹੁੰਦੀ ਹੈ; ਚੰਗੇ ਵਪਾਰੀ ਦੀ ਦਿਲਚਸਪੀ ਗਾਹਕ ਵਿਚ ਵੀ ਹੁੰਦੀ ਹੈ।

ਮੁਆਫ਼ੀ ਇਵੇਂ ਮੰਗੀ ਜਾਣੀ ਚਾਹੀਦੀ ਹੈ ਕਿ ਮੁਆਫ਼ ਕਰਨ ਵਾਲਾ, ਮੁਆਫ਼ ਕਰਨ ਦਾ ਮੌਕਾ ਗੁਆਉਣਾ ਨਾ ਚਾਹੇ।

ਖੋਖਲੇ ਵਿਅਕਤੀ ਨਾ ਕੇਵਲ ਵਧੇਰੇ ਕੱਪੜੇ ਪਾਉਂਦੇ ਹਨ, ਸਗੋਂ ਆਪਣੇ ਅਤੇ ਹੋਰਾਂ ਦੇ ਕੱਪੜਿਆਂ ਵੱਲ ਧਿਆਨ ਵੀ ਵਧੇਰੇ ਦਿੰਦੇ ਹਨ।

ਵੱਡਿਆਂ ਅਤੇ ਬੱਚਿਆਂ ਦੀ ਹਾਜ਼ਰੀ ਵਿਚ ਚੰਗਾ ਵਿਹਾਰ, ਸਲੀਕਾ ਅਖਵਾਉਂਦਾ ਹੈ; ਇਸਤਰੀਆਂ ਦੀ ਹਾਜ਼ਰੀ ਵਿਚ ਚੰਗਾ ਵਿਹਾਰ ਕਰਨਾ, ਤਾਕਤ ਦੇ ਨਾਲ-ਨਾਲ ਚਰਿੱਤਰ ਵੀ ਅਖਵਾਉਂਦਾ ਹੈ।

ਜਿਸ ਵਰਗਾ ਬਣਨਾ ਚਾਹੁੰਦੇ ਹੋ, ਉਸ ਵਾਂਗ ਸੋਚਣਾ ਅਤੇ ਉਸ ਵਰਗਾ ਵਿਹਾਰ ਕਰਨਾ ਸਿੱਖੋ, ਉਹ ਬਣਨਾ ਸੌਖਾ ਹੋ ਜਾਵੇਗਾ।

ਯੋਰਪ ਵਿਚ ਦੇਰ ਨਾਲ ਆਉਣ ਵਾਲੇ ਕਾਰੀਗਰ ਅਤੇ ਮਹਿਮਾਨ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ; ਜਿਸ ਕਾਰਨ ਉਥੇ ਸਮੇਂ ਸਿਰ ਪਹੁੰਚਣ ਦਾ ਰਿਵਾਜ ਹੈ।



Scanned by CamScanner

ਸਲੀਕੇ ਵਾਲਾ ਵਿਅਕਤੀ ਉਹ ਹੁੰਦਾ ਹੈ, ਜਿਸ ਦੇ ਵਿਹਾਰ ਦੀ, ਇਸਤਰੀਆਂ ਨੇੜੇ ਹੋ ਕੇ ਪ੍ਰਸੰਸਾ ਕਰਦੀਆਂ ਹਨ।

ਅਨੁਸ਼ਾਸਨ, ਸੰਜਮ ਅਤੇ ਸਵੈ-ਕਾਬੂ ਨਾਲ ਪੁਰਸ਼ਾਂ ਵਿਚ ਮਰਦਊਪੁਣਾ ਅਤੇ ਇਸਤਰੀਆਂ ਵਿਚ ਸਲੀਕਾ ਵਧਦਾ ਹੈ।

ਤੇਜ਼ ਟੁਰਨਾ ਹੋਰ ਗੱਲ ਹੈ, ਪਰ, ਕਾਹਲ ਨਾਲ ਟੁਰਨਾ, ਭੱਦਾ ਵਿਹਾਰ ਹੁੰਦਾ ਹੈ।

ਸਿੱਖਿਆ, ਆਰਥਿਕ ਪੱਖੋਂ ਲਾਭਕਾਰੀ ਹੋਣ ਕਾਰਨ ਹੀ ਨਹੀਂ, ਸਗੋਂ ਇਸ ਕਾਰਨ ਵੀ ਲਈ ਜਾਂਦੀ ਹੈ ਕਿ ਇਹ ਸਾਨੂੰ ਸੁਤੰਤਰ ਕਰਦੀ ਹੈ ਅਤੇ ਸੁਤੰਤਰਤਾ ਦਾ ਪਾਰਖੂ ਬਣਾਉਂਦੀ ਹੈ।

ਡੂੰਘਾ ਗਿਆਨ, ਮਨ ਨੂੰ ਚੌੜਾ, ਆਦਤਾਂ ਨੂੰ ਨਰਮ, ਵਿਹਾਰ ਨੂੰ ਲਚਕੀਲਾ ਅਤੇ ਤੱਕਣੀ ਨੂੰ ਕੂਲ਼ਾ ਬਣਾ ਦਿੰਦਾ ਹੈ।

ਸੰਪੂਰਣ ਮੁਆਫ਼ੀ ਅਤੇ ਸੰਪੂਰਣ ਬਦਲਾ ਸੰਭਵ ਨਹੀਂ ਹੁੰਦੇ।

ਇਸਤਰੀਆਂ ਮੁਆਫ਼ ਕਰਨ ਵਿਚ ਦਲੇਰ ਹੁੰਦੀਆਂ ਹਨ, ਪਰ ਭੁੱਲਣ ਵਿਚ ਨਹੀਂ।

ਪੁਜਾਰੀ, ਜੱਜ, ਪ੍ਰੋਫ਼ੈਸਰ, ਡਾਕਟਰ, ਫੌਜੀ ਆਦਿ ਦੇ ਅਹੁਦੇ, ਇਨ੍ਹਾਂ ਵਿਅਕਤੀਆਂ ਨਾਲ ਸਦਾ ਲਈ ਜੁੜ ਜਾਂਦੇ ਹਨ।

ਜ਼ਿੰਦਗੀ ਵਿਚ ਕੋਈ-ਕੋਈ ਹੀ ਅਜਿਹੀ ਪੱਧਰ 'ਤੇ ਪਹੁੰਚਦਾ ਹੈ, ਜਿਥੇ ਉਸ ਨੂੰ ਡਰ ਨਹੀਂ ਹੁੰਦਾ ਕਿ ਸੰਸਾਰ ਉਸ ਬਾਰੇ ਕੀ ਕਹਿੰਦਾ ਹੈ।

ਆਟੋਗ੍ਰਾਫ਼ ਲੈਣ ਵਾਲੇ ਨਹੀਂ, ਦੇਣ ਵਾਲੇ ਬਣੋ।

ਬਜ਼ਾਰ ਵਿਚ ਚੀਜ਼ਾਂ ਖਰੀਦਣ ਦੇ ਪੱਖੋਂ ਪੁਰਸ਼ ਕਾਹਲੇ ਅਤੇ ਇਸਤਰੀਆਂ ਸੁਸਤ ਹੁੰਦੀਆਂ ਹਨ।

ਜੇ ਜੀਵਨ ਸੁਰੱਖਿਅਤ ਨਹੀਂ ਤਾਂ ਸੁੱਖਾਂ ਨੂੰ ਮਾਣਿਆ ਨਹੀਂ ਜਾ ਸਕਦਾ।

ਕਈਆਂ ਦਾ ਸਿਧਾਂਤ ਹੁੰਦਾ ਹੈ: ਜੋ ਅਸੀਂ ਨਹੀਂ ਜਾਣਦੇ, ਉਹ ਗਿਆਨ ਨਹੀਂ ਹੈ।

ਹਾਦਸੇ ਵਾਪਰਨਗੇ, ਸੰਕਟ ਉਪਜਣਗੇ, ਹੜ੍ਹ ਆਉਣਗੇ, ਅੱਗਾਂ ਲੱਗਣਗੀਆਂ; ਲੋੜ ਸਥਿਤੀ ਅਨੁਸਾਰ ਉਪਰਾਲੇ ਕਰਨ ਦੀ ਹੈ।

ਤਰਕ ਤੋਂ ਬਿਨਾਂ ਲਿਆ ਗਿਆ ਨਿਰਣਾ, ਸਮੱਸਿਆਵਾਂ ਨੂੰ ਸੁਲਝਾਉਂਦਾ ਨਹੀਂ, ਉਲਝਾਉਂਦਾ ਹੈ।



ਨਿੱਕੀ ਜਿਹੀ ਗਲਤੀ ਦਾ ਵੱਡਾ ਬਦਲਾ ਲੈਣਾ, ਬਦਲਾ ਲੈਣ ਵਾਲੇ ਦੇ ਚਰਿੱਤਰ ਦੀ ਕਮਜ਼ੋਰੀ ਹੁੰਦੀ ਹੈ।

ਆਪੇ ਦੀ ਸੋਝੀ, ਉਦੇਸ਼ ਦੀ ਉਸਾਰੀ, ਇਤਿਹਾਸ ਦੀ ਸੂਝ ਆਦਿ, ਸਿੱਖਿਆ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ ਅਤੇ ਇਨ੍ਹਾਂ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਬਣਦਾ।

ਜਦੋਂ ਅਸੀਂ ਕੋਈ ਕਾਰਜ ਕਰਨਾ ਸਿੱਖ ਲੈਂਦੇ ਹਾਂ ਤਾਂ ਹੀ ਉਸ ਵਿਚ ਸੁਧਾਰ ਜਾਂ ਵਿਕਾਸ ਦੀ ਸੰਭਾਵਨਾ ਉਜਾਗਰ ਹੁੰਦੀ ਹੈ।

ਪਹਿਲਾਂ ਸ਼ਰਾਬੀ ਆਪ ਲੀਹ ਤੋਂ ਉਤਰਦਾ ਹੈ, ਫਿਰ ਉਹ ਆਪਣੇ ਪਰਿਵਾਰ ਨੂੰ ਲੀਹ ਤੋਂ ਲਾਹ ਦਿੰਦਾ ਹੈ।

ਗ਼ਿਮਤੀ ਬੰਦੇ ਦੀ ਮਦਦ ਕਰਨ ਲਈ ਸਾਰੇ ਬਹੁੜ ਪੈਂਦੇ ਹਨ, ਪਰ ਉਸ ਨੂੰ ਕਿਸੇ ਮਦਦ ਦੀ ਲੋੜ ਨਹੀਂ ਹੁੰਦੀ।

ਪਰਿਵਾਰ ਵਿਚ, ਪਿਤਾ ਦੇ ਮਰਨ ਨਾਲ ਬੱਚਿਆਂ ਲਈ ਮਾਂ, ਪਿਤਾ ਵੀ ਬਣ ਜਾਂਦੀ ਹੈ; ਮਾਂ ਦੇ ਮਰਨ ਨਾਲ, ਪਿਤਾ ਨਵੀਂ ਮਾਂ ਲੈ ਆਉਂਦਾ ਹੈ।

ਸਫ਼ਲ ਅਤੇ ਪ੍ਰਸਿੱਧ ਪ੍ਰਬੰਧਕਾਂ ਦੀ ਸਫ਼ਲਤਾ ਦਾ ਕਾਰਨ ਅਕਸਰ ਉਨ੍ਹਾਂ ਦੇ ਨਿਪੁੰਨ ਨਿਜੀ-ਸਕੱਤਰ ਹੁੰਦੇ ਹਨ।

ਕਈਆਂ ਦੇ ਅਹੁਦੇ ਦੀ ਮਿਆਦ ਪੰਜ ਸਾਲ ਹੁੰਦੀ ਹੈ, ਪਰ ਉਹ ਦੋ-ਤਿੰਨ ਸਾਲਾਂ ਵਿਚ ਹੀ ਸੰਸਥਾ ਨੂੰ ਬਰਬਾਦ ਕਰ ਵਿਖਾਉਂਦੇ ਹਨ।

ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਸੰਗਠਨ ਨਹੀਂ ਹੁੰਦਾ, ਉਹ ਇਕ ਹੀ ਗੱਲ ਨੂੰ ਬਾਰ-ਬਾਰ ਪੁੱਛਦੇ ਹਨ ਅਤੇ ਉਨ੍ਹਾਂ ਨੂੰ ਇਕ ਹੀ ਗੱਲ, ਮੁੜ-ਮੁੜ ਦੱਸਣ ਦੇ ਬਾਵਜੂਦ ਸਮਝ ਨਹੀਂ ਪੈਂਦੀ।

ਸਾਨੂੰ ਦੂਜਿਆਂ ਦੇ ਔਗੁਣ ਝੱਟ ਪਤਾ ਲੱਗ ਜਾਂਦੇ ਹਨ, ਪਰ ਅਸੀਂ ਸੋਚਦੇ ਨਹੀਂ ਕਿ ਦੂਜਿਆਂ ਨੂੰ ਵੀ ਸਾਡੇ ਔਗੁਣ ਝੱਟ ਪਤਾ ਲੱਗ ਜਾਂਦੇ ਹੋਣਗੇ।

ਗ਼ਿਮਤ ਨਾਲ ਸੁਖਾਵੇਂ ਨਤੀਜੇ ਅਤੇ ਸੁਸਤੀ ਨਾਲ ਪਛਤਾਵੇ ਉਪਜਦੇ ਹਨ।

ਵਿਦਵਾਨ ਇਸ ਲਈ ਰਾਜ ਨਹੀਂ ਕਰ ਸਕਦੇ, ਕਿਉਂਕਿ ਉਹ ਕਿਸੇ ਨਾਲ ਸਹਿਮਤ ਨਹੀਂ ਹੁੰਦੇ, ਉਹ ਸਾਂਝੀ ਰਾਇ ਨਹੀਂ ਉਸਾਰ ਸਕਦੇ, ਉਹ ਆਪਣੇ ਤੋਂ ਸਿਵਾਇ ਕਿਸੇ ਨੂੰ ਸਿਆਣਾ ਨਹੀਂ ਮੰਨਦੇ, ਉਹ ਸਿਧਾਂਤਕ ਹੋਣ ਕਾਰਨ, ਵਿਹਾਰਕ ਨਹੀਂ ਹੁੰਦੇ।



Scanned by CamScanner

ਸਿਆਣੀਆਂ-ਸੋਹਣੀਆਂ ਇਸਤਰੀਆਂ ਕਿਸੇ ਸਮਾਗਮ ਵਿਚ ਹਰ ਕਿਸੇ ਨੂੰ ਵਿਖਾਈ ਦੇਣ ਦੀ ਜ਼ਿੱਦ ਨਹੀਂ ਕਰਦੀਆਂ, ਪਰੰਤੂ ਹਰ ਕੋਈ ਉਨ੍ਹਾਂ ਨੂੰ ਵੇਖਣ ਅਤੇ ਉਨ੍ਹਾਂ ਦੇ ਨੇੜੇ ਆਉਣ ਦਾ ਯਤਨ ਕਰਦਾ ਹੈ।

ਨਿਜੀ ਸ਼ੰਕਿਆਂ ਵਾਲੇ ਅਧਿਕਾਰੀ ਨਿਰਪੱਖ ਰਾਇ ਨਹੀਂ ਉਸਾਰ ਸਕਦੇ, ਰਾਜ-ਪ੍ਰਬੰਧ ਲਈ ਨਿਜੀ ਨਹੀਂ, ਨਿਰਪੱਖ ਰਾਇ ਦੀ ਲੋੜ ਪੈਂਦੀ ਹੈ।

ਜ਼ਾਤਾਂ-ਧਰਮਾਂ ਵਿਚ ਵੰਡੇ ਸਮਾਜ ਉੱਤੇ ਰਾਜ ਕਰਨਾ ਸੌਖਾ ਹੁੰਦਾ ਹੈ, ਪਰ ਅਜਿਹੇ ਸਮਾਜ ਵਿਚ ਵਿਕਾਸ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ।

ਸ਼ਾਹੀ ਖਾਨਦਾਨਾਂ ਪ੍ਰਤੀ ਜਨਤਾ ਵਿਚ ਸਾੜਾ ਨਹੀਂ ਉਪਜਦਾ, ਕਿਉਂਕਿ ਉਹ ਘੱਟ ਬੋਲਦੇ ਹਨ, ਘੱਟ ਦਿਸਦੇ ਹਨ, ਸੋ ਉਹ ਉੱਚੇ ਅਤੇ ਸਿਆਣੇ ਪ੍ਰਤੀਤ ਹੁੰਦੇ ਹਨ।

ਹੱਸਣ ਵਾਲੀ ਕੌਮ, ਆਪਣੇ ਵਿਹਾਰ ਵਿਚ ਬਨਾਵਟੀ ਤੱਤ ਉਪਜਣ ਨਹੀਂ ਦਿੰਦੀ।

ਗਰੀਬ, ਗਰੀਬ ਹੋਣ ਕਰਕੇ, ਵੱਡੇ ਖ਼ਤਰਿਆਂ ਅਤੇ ਛੋਟੀਆਂ ਉਜਰਤਾਂ ਵਾਲੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ।

ਫਰਾਂਸੀਸੀਆਂ ਨੂੰ ਆਪਣੇ ਸਲੀਕੇ 'ਤੇ ਇਤਨਾ ਮਾਣ ਰਿਹਾ ਹੈ ਕਿ ਢਾਈ ਸਦੀਆਂ ਤੋਂ ਉਨ੍ਹਾਂ ਨੇ ਕਿਸੇ ਸੁਧਾਰ ਦੀ ਲੋੜ ਮਹਿਸੂਸ ਨਹੀਂ ਕੀਤੀ।

ਪਿਆਰ ਸ਼ੁਰੂ ਇਸਤਰੀ ਵੱਲੋਂ ਹੁੰਦਾ ਹੈ, ਪਰ ਵਿਕਾਸ ਪੁਰਸ਼ ਰਾਹੀਂ ਕਰਦਾ ਹੈ।

ਚੰਗਾ ਸਕੂਲ ਉਹ ਹੁੰਦਾ ਹੈ, ਜਿਸ ਦੇ ਵਿਦਿਆਰਥੀ, ਆਪਣੇ ਬੱਚਿਆਂ ਨੂੰ ਵੀ, ਉਸੇ ਸਕੂਲ ਵਿਚ ਪਾਉਣ।

ਇਸਤਰੀਆਂ ਵਿਚ ਇੱਜ਼ਤ ਅਤੇ ਆਬਰੂ ਦਾ ਅਹਿਸਾਸ ਵਧੇਰੇ ਹੁੰਦਾ ਹੈ; ਇਸੇ ਕਰਕੇ ਉਨ੍ਹਾਂ ਦੇ ਬਹੁਤੇ ਆਤਮਘਾਤ ਆਪਣੀ ਇੱਜ਼ਤ ਜਾਂ ਪਰਿਵਾਰ ਦੀ ਆਬਰੂ ਬਚਾਉਣ ਦੇ ਉਦੇਸ਼ ਅਧੀਨ ਹੁੰਦੇ ਹਨ।

ਚੰਗੀ ਵਿੱਦਿਅਕ ਸੰਸਥਾ ਦੇ ਵਿਦਿਆਰਥੀ ਆਪਣੇ ਜਮਾਤੀਆਂ ਦਾ ਹੀ ਨਹੀਂ, ਉਸ ਸੰਸਥਾ ਦੇ ਕਿਸੇ ਵੀ ਵੇਲੇ ਰਹੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਵੀ ਜੀਵਨ ਭਰ ਮਾਣ ਅਤੇ ਸਤਿਕਾਰ ਕਰਦੇ ਹਨ।

ਕਾਮ-ਸ਼ਕਤੀ ਦੀ ਸਹੀ ਵਰਤੋਂ ਨਾਲ ਸਰੀਰ ਨਿਰੋਗ ਅਤੇ ਬੁੱਧੀ ਬਲਵਾਨ ਹੁੰਦੀ ਹੈ।

ਅਜੋਕਾ ਮਨੁੱਖ ਗਿਆਨ ਦੇ ਪੱਖੋਂ ਅਮੀਰ ਹੋ ਗਿਆ ਹੈ, ਪਰ ਉਸ ਵਿਚ ਸੰਕੀਰਣਤਾ ਦੀ ਗਰੀਬੀ ਘਟੀ ਨਹੀਂ।



ਯੋਰਪ ਦੇ ਵੱਡੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਹੁਕਮ ਦੇਣ ਅਤੇ ਹੁਕਮ ਮੰਨਣ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ।

ਸੰਗਠਨ ਦੀ ਸਭ ਤੋਂ ਵੱਧ ਹੰਢਣਸਾਰ ਉਦਾਹਰਣ ਫੌਜੀ ਸੰਗਠਨ ਹੈ; ਇਕ ਹਜ਼ਾਰ, ਇਕ ਲੱਖ, ਇਕ ਕਰੋੜ ਜਾਂ ਇਕ ਅਰਬ ਦਾ ਸੰਗਠਨ ਬਣਾਉਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ, ਕਿਉਂਕਿ ਸੰਗਠਨ ਸਬੰਧੀ ਸਭ ਕੁਝ ਸਪਸ਼ਟ ਹੈ।

ਪੰਛੀਆਂ ਦੇ ਵਧੇਰੇ ਚਹਿਚਹਾਉਣ ਦੇ ਸ਼ੋਰ ਨਾਲ ਕੋਈ ਅੱਕਦਾ ਨਹੀਂ, ਸਗੋਂ ਪ੍ਰਸੰਨ ਹੁੰਦਾ ਹੈ ਅਤੇ ਪੰਛੀਆਂ ਦੇ ਚਹਿਕਣ ਨਾਲ ਰੋਗੀ ਵੀ ਅਰੋਗ ਹੋ ਜਾਂਦੇ ਹਨ।

ਯੋਰਪੀਨ ਸਕੂਲਾਂ ਵਿਚ ਸਿਖਾਇਆ ਜਾਂਦਾ ਹੈ ਕਿ ਪੁਰਸ਼ ਨੂੰ ਰੋਣਾ ਸ਼ੋਭਾ ਨਹੀਂ ਦਿੰਦਾ, ਸੋ ਉਸ ਨੂੰ ਚੁੱਪ ਕਰਕੇ ਵਿਰਲਾਪ ਕਰਨਾ ਚਾਹੀਦਾ ਹੈ।

ਰੋਗ, ਕੁਦਰਤ ਵੱਲੋਂ, ਮਨੁੱਖ ਦੇ ਹੰਕਾਰ ਦਾ, ਇਲਾਜ ਕਰਨ ਦੇ ਢੰਗ ਹੁੰਦੇ ਹਨ।

ਜੇ ਸੰਕਟ ਵਿਚ ਘਿਰੇ ਲੋਕ ਤੁਹਾਡੀ ਸਲਾਹ ਜਾਂ ਮਦਦ ਲੈਣ ਨਹੀਂ ਆਉਂਦੇ ਤਾਂ ਸਪਸ਼ਟ ਹੈ ਕਿ ਉਨ੍ਹਾਂ ਲਈ ਤੁਸੀਂ ਮਹੱਤਵਪੂਰਨ ਨਹੀਂ ਹੋ।

ਨਰਕ-ਸਵਰਗ ਆਤਮਾ ਲਈ ਹਨ, ਸਰੀਰ ਲਈ ਇਹ ਸੰਸਾਰ ਹੀ ਹੈ।

ਸੱਚੀ ਕਲਾ, ਸਾਰੇ ਸਿਧਾਂਤਾਂ ਤੋਂ ਉੱਪਰ ਹੁੰਦੀ ਹੈ।

ਜਿਉਂ-ਜਿਉਂ ਮਨੁੱਖ ਗਿਆਨਵਾਨ ਹੁੰਦਾ ਜਾਂਦਾ ਹੈ; ਉਹ ਸੁਪਨਿਆਂ ਸਬੰਧੀ ਘੱਟ ਚਿੰਤਾ ਕਰਦਾ ਹੈ।

ਚਿੱਕੜ ਉਛਾਲਣ, ਗਾਲ੍ਹਾਂ ਕੱਢਣ, ਈਰਖਾ ਪ੍ਰਗਟਾਉਣ ਅਤੇ ਨਫ਼ਰਤ ਕਰਨ ਦਾ ਚੰਗਾ ਢੰਗ ਕੋਈ ਨਹੀਂ ਹੁੰਦਾ।

ਸਿਧਾਂਤ, ਆਲੋਚਨਾ ਕਰਨ ਲਈ ਹੁੰਦੇ ਹਨ; ਪ੍ਰਸੰਸਾ ਲਈ ਕਿਸੇ ਸਿਧਾਂਤ ਦੀ ਲੋੜ ਨਹੀਂ ਪੈਂਦੀ।

ਹੈਂਕੜ ਨਾਲ, ਸਾਰੇ ਰਿਸ਼ਤਿਆਂ ਦੇ ਬੂਹੇ ਬੰਦ ਹੋ ਜਾਂਦੇ ਹਨ।

ਸੱਚੀ ਹਮਦਰਦੀ, ਹਮਦਰਦੀ ਵਿਖਾਉਣ ਵਾਲੇ ਨੂੰ ਥਕਾਉਂਦੀ ਨਹੀਂ, ਉਸ ਦੀ ਥਕਾਵਟ ਘਟਾਉਂਦੀ ਹੈ।

ਵੱਡੀਆਂ ਕੰਪਨੀਆਂ ਸੰਕਟਾਂ ਨੂੰ ਧੀਰਜ ਨਾਲ ਸਹਿੰਦੀਆਂ ਹਨ; ਮਹਾਨ ਕੰਪਨੀਆਂ ਸੰਕਟਾਂ ਵਿਚੋਂ ਮੌਕੇ ਲੱਭ ਲੈਂਦੀਆਂ ਹਨ।



Scanned by CamScanner

ਚੰਗਾ ਇਨਸਾਨ ਉਹ ਹੁੰਦਾ ਹੈ, ਜਿਸ ਦੇ ਇਸ ਸੰਸਾਰ ਵਿਚ ਮੌਜੂਦ ਅਤੇ ਜ਼ ਹੋਣ ਕਾਰਨ, ਅਸੀਂ ਰੱਬ ਦਾ ਧੰਨਵਾਦ ਕਰਦੇ ਹਾਂ।

ਇਤਿਹਾਸ ਨੂੰ ਲਿਖਦੇ ਜੇਤੂ ਹਨ, ਪਰ ਇਤਿਹਾਸ ਲਿਖਣ ਦੀ ਸਮੱਗਰੀ ਹ ਵਾਲੇ ਉਪਜਾਉਂਦੇ ਹਨ।

ਰਾਜੇ ਨਹੀਂ ਰਹੇ, ਪਰ ਹੁਣ ਜਦੋਂ ਕੋਈ ਰਾਜਿਆਂ ਵਾਂਗ ਵਿਹਾਰ ਕਰਦਾ ਹੈ ਤਾਂ ਨੂੰ ਜਲਦੀ ਹੀ ਪਤਾ ਲੱਗ ਜਾਂਦਾ ਹੈ ਕਿ ਰਾਜੇ ਕਿਉਂ ਨਹੀਂ ਰਹੇ।

ਜ਼ਾਲਮ ਹਾਕਮਾਂ ਦੇ ਜ਼ੁਲਮਾਂ ਵਿਚੋਂ ਹੀ, ਜ਼ੁਲਮ ਵਿਰੁੱਧ ਲੜਨ ਦੀ ਹਿੰਮਤ ਜਾਗਦੀ ਹੈ।

ਅਨੁਸ਼ਾਸਨ ਤੋਂ ਬਿਨਾਂ ਪ੍ਰਸ਼ਾਸਨ ਸੰਭਵ ਨਹੀਂ ਹੁੰਦਾ।

ਆਪਣੇ ਆਪ ਨਾਲ ਰਹਿਣ ਵਾਸਤੇ ਬੜੇ ਗੁਣਾਂ ਦੀ ਲੋੜ ਪੈਂਦੀ ਹੈ, ਪਰ ਰਹਿੰਦੇ ਔਗੁਣਾਂ ਨਾਲ ਹੀ ਹਨ।

ਭੁੱਖੇ ਵਿਅਕਤੀ ਲਈ ਸਵਾਦ ਨਹੀਂ, ਭੋਜਨ ਅਤੇ ਰੱਜੇ ਵਿਅਕਤੀ ਲਈ ਭੋ ਨਹੀਂ, ਸਵਾਦ ਮਹੱਤਵਪੂਰਨ ਹੁੰਦਾ ਹੈ।

ਵਿਆਹ ਵਿਚ ਸੁਣਨ-ਬੋਲਣ ਦੇ ਪੱਖੋਂ, ਲਾੜੇ ਦੀਆਂ ਦੋ ਹੀ ਮੁੱਖ ਪ੍ਰਾਪਤ ਹੁੰਦੀਆਂ ਹਨ; ਛੰਦ ਸੁਣਾਉਣ ਦੀ ਯੋਗਤਾ ਅਤੇ ਆਪੇ ਬਣੀਆਂ ਸਾਲੀਆਂ ਮਖੌਲ ਸੁਣਨ ਦੀ ਸਮਰੱਥਾ।

ਵਿਦਵਾਨ ਅਤੇ ਵਿਗਿਆਨੀ ਪੱਛਮ ਵਿਚ ਹੋਏ ਹਨ; ਪੂਰਬ ਵਿਚ ਰਿਸ਼ੀ, ਮੁ ਸੰਤ, ਮਹਾਤਮਾ ਹੋਏ ਹਨ; ਉਨ੍ਹਾਂ ਦਾ ਰਿਸ਼ੀਆਂ-ਮੁਨੀਆਂ ਬਿਨਾਂ ਅਤੇ ਸ ਵਿਦਵਾਨਾਂ-ਵਿਗਿਆਨੀਆਂ ਬਿਨਾਂ ਹੀ ਸਰੀ ਜਾ ਰਿਹਾ ਹੈ।

ਜੀਵਨ ਵਿਚ ਜੇ ਆਪ ਸਫ਼ਲ ਨਾ ਹੋਏ ਹੋਈਏ ਤਾਂ ਰਿਸ਼ਤੇਦਾਰਾਂ ਅਤੇ ਭਰਾਵਾਂ ਸਫ਼ਲਤਾ ਵੀ ਬਰਦਾਸ਼ਤ ਕਰਨੀ ਔਖੀ ਹੁੰਦੀ ਹੈ।

ਨਿਮਰਤਾ ਦਾ ਅਰਥ, ਇਹ ਮੰਨਣਾ ਹੁੰਦਾ ਹੈ ਕਿ ਮੈਂ ਸਭ ਕੁਝ ਨਹੀਂ ਜਾਣ ਅਤੇ ਸਭ ਕੁਝ ਨਹੀਂ ਜਾਣ ਸਕਦਾ।

ਵਰਤਮਾਨ ਹੀ ਇਤਨਾ ਗੁੰਝਲਦਾਰ ਹੋ ਗਿਆ ਹੈ ਕਿ ਲੋਕ ਭਵਿੱਖ ਦੀ ਲਾਉਣੀ ਹੀ ਭੁੱਲ ਗਏ ਹਨ।

ਇਤਿਹਾਸ ਵਿਚ ਕੁਝ ਵੀ ਸਧਾਰਨ ਨਹੀਂ ਹੁੰਦਾ; ਜੋ ਸਧਾਰਨ ਹੁੰਦਾ ਹੈ, ਇਤਿਹਾਸ ਨਹੀਂ ਹੁੰਦਾ।



ਅਨੁਸ਼ਾਸਨ ਤੋਂ ਬਿਨਾਂ ਕੋਈ ਸਮੱਸਿਆ ਹੱਲ ਨਹੀਂ ਹੁੰਦੀ; ਵਾਸਤਵ ਵਿਚ ਸਮੱਸਿਆ ਉਪਜਦੀ ਹੀ ਅਨੁਸ਼ਾਸਨ ਦੀ ਅਣਹੋਂਦ ਵਿਚੋਂ ਹੈ।

ਵਿਆਹ ਨਹੀਂ ਟੁੱਟ ਰਹੇ, ਪਰਿਵਾਰ ਪ੍ਰਤੀ ਦ੍ਰਿਸ਼ਟੀਕੋਣ ਬਦਲ ਰਿਹਾ ਹੈ।

ਮਾਪਿਆਂ ਦੇ ਆਪਣੇ ਵਿਕਾਸ ਲਈ ਜ਼ਰੂਰੀ ਹੈ ਕਿ ਉਹ ਬੱਚਿਆਂ ਦੇ ਵਖਰੇਵਿਆਂ ਨੂੰ ਸਵੀਕਾਰ ਕਰਨ।

ਹਕੂਮਤਾਂ ਦੀ ਮੂਰਖਤਾ ਵੱਡੇ-ਵੱਡੇ ਨਾਹਰਿਆਂ ਪਿੱਛੇ ਛੁਪ ਜਾਂਦੀ ਹੈ।

ਪਰਿਵਾਰਕ ਸਮੱਸਿਆਵਾਂ, ਉਹ ਪਤੀ-ਪਤਨੀ ਹੀ ਉਪਜਾਉਂਦੇ ਹਨ, ਜਿਹੜੇ ਸਮਝਦੇ ਹਨ ਕਿ ਮੈਂ ਵਿਆਹ ਕਰਵਾਉਣਾ ਸੀ, ਕਰਵਾ ਲਿਆ ਹੈ; ਬਾਕੀ ਸਭ ਕੁਝ ਦੂਜੇ ਨੇ ਹੀ ਕਰਨਾ ਹੈ।

ਮਹੱਤਵਪੂਰਨ ਪ੍ਰਾਪਤੀਆਂ, ਸਫ਼ਲ ਵਿਆਹ ਅਤੇ ਸਫ਼ਲ ਪਰਿਵਾਰ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ।

ਪੁਰਸ਼ ਕੋਲ ਪ੍ਰਗਟਾਉਣ ਲਈ ਅਕਲ ਹੁੰਦੀ ਹੈ; ਇਸਤਰੀ ਕੋਲ ਵਿਖਾਉਣ ਲਈ ਸੁੰਦਰਤਾ ਵੀ ਹੁੰਦੀ ਹੈ।

ਚੰਗੀ ਯਾਤਰਾ ਦਾ ਅੰਤ ਨਹੀਂ ਹੁੰਦਾ; ਅੰਤ ਵੇਲੇ ਅਗਲੇਰੀ ਯਾਤਰਾ ਦੀ ਵਿਉਂਤ ਉਪਜ ਪੈਂਦੀ ਹੈ।

ਸਮੱਸਿਆਵਾਂ ਨੂੰ ਸਮੱਸਿਆਵਾਂ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਸਾਡੇ ਵਿਚ ਦੁਚਿੱਤੀ, ਤੌਖਲਾ, ਡਰ, ਇਕੱਲਤਾ ਆਦਿ ਉਪਜਾਉਂਦੀਆਂ ਹਨ; ਜਿਹੜੀਆਂ ਆਪਣੇ ਆਪ ਵਿਚ ਸਮੱਸਿਆਵਾਂ ਹਨ।

ਸਕੂਲ ਵਿਚ ਹੱਲ ਕਰਨ ਲਈ ਬੱਚਿਆਂ ਨੂੰ ਪ੍ਰਸ਼ਨ ਦਿੱਤੇ ਜਾਂਦੇ ਹਨ; ਵੱਡਿਆਂ ਨੂੰ ਹੱਲ ਕਰਨ ਲਈ ਜ਼ਿੰਦਗੀ ਸਮੱਸਿਆਵਾਂ ਦਿੰਦੀ ਰਹਿੰਦੀ ਹੈ।

ਮਹੱਤਵਪੂਰਨ ਤੱਥਾਂ ਨੂੰ ਛੁਪਾਉਣਾ, ਝੂਠ ਦੀ ਵਿਸ਼ੇਸ਼ਤਾ ਹੁੰਦੀ ਹੈ।

ਸੰਸਾਰ ਨੂੰ ਅਸੀਂ, ਸੰਸਾਰ ਨਾਲ ਆਪਣੇ ਸਬੰਧਾਂ ਰਾਹੀਂ ਹੀ ਜਾਣਦੇ-ਸਮਝਦੇ ਹਾਂ।

ਆਪਣੇ ਆਦਰਸ਼ਾਂ ਨੂੰ ਸੋਧਦੇ ਰਹਿਣਾ, ਲਾਹੇਵੰਦਾ ਹੁੰਦਾ ਹੈ।

ਪੁਰਾਣੀਆਂ ਹਾਰਾਂ-ਸਫ਼ਲਤਾਵਾਂ, ਜਿੱਤਾਂ-ਗਲਤੀਆਂ ਨਾਲ, ਚਿਮੜੇ ਰਹਿਣ ਨਾਲ, ਮਾਨਸਿਕ ਰੋਗ ਉਪਜਦੇ ਹਨ।



Scanned by CamScanner

ਜਿਸ ਦੇ ਆਪਣੇ ਮਾਪਿਆਂ ਨਾਲ ਸਬੰਧ ਸੁਖਾਵੇਂ ਨਹੀਂ, ਉਹ ਆਪਣੇ ਅਧਿਆਪਕਾਂ ਅਤੇ ਅਧਿਕਾਰੀਆਂ ਨਾਲ ਵੀ ਖਹਿਬੜਦਾ ਰਹੇਗਾ।

ਜੇਲ੍ਹ ਵਿਚ ਕੈਦੀ ਜਿਊਂਦਾ ਤਾਂ ਹੈ, ਪਰ ਉਵੇਂ ਨਹੀਂ, ਜਿਵੇਂ ਉਹ ਚਾਹੁੰਦਾ ਹੈ; ਉਸ ਲਈ ਇਹੀ ਸਜ਼ਾ ਹੁੰਦੀ ਹੈ।

ਜਦੋਂ ਕੋਈ ਕਹਿੰਦਾ ਹੈ ਕਿ ਇਹ ਉਸ ਦੀ ਸਮੱਸਿਆ ਨਹੀਂ ਤਾਂ ਉਹ ਕਹਿ ਰਿਹਾ ਹੁੰਦਾ ਹੈ ਕਿ ਉਹ ਉਸ ਸਮੱਸਿਆ ਨੂੰ ਹੱਲ ਨਹੀਂ ਕਰੇਗਾ।

ਝੂਠ ਦੋ ਪ੍ਰਕਾਰ ਦਾ ਹੁੰਦਾ ਹੈ: ਜਾਣ-ਬੁੱਝ ਕੇ ਬੋਲਿਆ ਝੂਠ ਅਤੇ ਮਹੱਤਵਪੂਰਨ ਤੱਥਾਂ ਨੂੰ ਬਾਹਰ ਰੱਖ ਕੇ ਬੋਲਿਆ ਸੱਚ।

ਸ਼ਰਾਬੀ, ਜਦੋਂ ਤਕ ਸ਼ਰਾਬ ਛੱਡਣ ਦੀ ਆਪ ਜ਼ਿੰਮੇਵਾਰੀ ਨਹੀਂ ਚੁੱਕਦਾ, ਉਸ ਦੀ ਆਦਤ ਨਹੀਂ ਜਾਂਦੀ।

ਸਰੀਰਕ ਅਤੇ ਮਾਨਸਿਕ ਸਮੱਸਿਆਵਾਂ, ਅਕਸਰ ਜ਼ਿੰਮੇਵਾਰੀ ਦੀ ਘਾਟ ਜਾਂ ਜ਼ਿੰਮੇਵਾਰੀਆਂ ਦੇ ਬੋਝ ਕਾਰਨ ਉਪਜਦੀਆਂ ਹਨ।

ਜਦੋਂ ਕੋਈ ਬਦਸੂਰਤ ਵੀ ਹੋਵੇ ਅਤੇ ਕਾਲਾ ਵੀ ਹੋਵੇ ਤਾਂ ਉਸ ਨੂੰ ਨਾਲਾਇਕ ਵੀ ਸਮਝਿਆ ਜਾਂਦਾ ਹੈ।

ਦਿਲ ਦੇ ਦੌਰੇ ਉਪਰੰਤ ਮਨੁੱਖ, ਕੁਝ ਦਿਨਾਂ ਵਿਚ ਹੀ ਕਈ ਸਾਲਾਂ ਦੀ ਅਕਲ ਪ੍ਰਾਪਤ ਕਰ ਲੈਂਦਾ ਹੈ, ਪਰ ਇਹ ਅਕਲ ਵਰਤਣ ਦਾ ਵਕਤ ਨਹੀਂ ਮਿਲਦਾ।

ਬਲਵਾਨ ਕੌਮਾਂ ਆਪਣੇ-ਆਪ ਨੂੰ ਨਿਰੰਤਰ ਸੋਧਦੀਆਂ ਰਹਿੰਦੀਆਂ ਹਨ; ਕਮਜ਼ੋਰ ਕੌਮਾਂ ਕੱਟੜ ਹੋ ਜਾਂਦੀਆਂ ਹਨ ਅਤੇ ਪਰਿਵਰਤਨ ਦਾ ਵਿਰੋਧ ਕਰਦੀਆਂ ਹਨ।

ਜਿਤਨੀ ਕੋਈ ਸੱਭਿਅਤਾ ਰੋਅਬਦਾਰ ਅਤੇ ਖ਼ੁਸ਼ਹਾਲ ਹੁੰਦੀ ਹੈ, ਉਤਨੇ ਹੀ ਉਸ ਦੇ ਖੰਡਰ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ।

ਜਦੋਂ ਕੋਈ ਕਹਿੰਦਾ ਹੈ ਕਿ ਤੁਸੀਂ ਹੂ-ਬ-ਹੂ ਆਪਣੇ ਪਿਤਾ ਵਰਗੇ ਲਗਦੇ ਹੋ ਤਾਂ ਉਹ ਤੁਹਾਡੇ ਪਿਤਾ ਨੂੰ ਸਤਿਕਾਰ ਦੇ ਰਿਹਾ ਹੁੰਦਾ ਹੈ ਅਤੇ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾ ਰਿਹਾ ਹੁੰਦਾ ਹੈ।

ਮਾਨਸਿਕ ਰੋਗੀਆਂ ਦਾ ਇਲਾਜ ਕਦੇ ਵੀ ਸੰਖੇਪ ਨਹੀਂ ਹੁੰਦਾ।

ਜ਼ਿੰਦਗੀ ਨਾਲ ਨਿਰੰਤਰ ਵਧੀਕੀਆਂ ਕਰਨ ਵਾਲੇ ਹੀ ਕਹਿੰਦੇ ਹਨ ਕਿ ਜ਼ਮਾਨੇ ਨੇ ਸਾਡੇ ਨਾਲ ਇਨਸਾਫ਼ ਨਹੀਂ ਕੀਤਾ।



ਡਰ ਨਾਲ ਪਿੱਛੇ ਮੁੜਨ ਦੀ ਥਾਂ, ਆਸ ਨਾਲ ਅੱਗੇ ਵਧੋ, ਪਛਤਾਵਾ ਨਹੀਂ ਹੋਵੇਗਾ।

ਭਾਰਤੀ ਧਰਮ ਸਾਡੇ ਖਾਣ-ਪੀਣ, ਪਹਿਨਣ, ਬੋਲਣ, ਨਹਾਉਣ, ਬਿਸਤਰੇ ਵਿਚਲੇ ਸਾਡੇ ਵਿਹਾਰ ਆਦਿ 'ਤੇ ਵੀ ਰੋਕਾਂ ਲਾਉਂਦੇ ਹਨ; ਜਿਸ ਕਾਰਨ ਇਨ੍ਹਾਂ ਪੱਖਾਂ ਤੋਂ ਖੁੱਲ੍ਹਾਂ ਮਾਣਨ ਵਾਲੇ ਪੱਛਮੀ ਦੇਸ਼ਾਂ ਦੇ ਲੋਕ ਸਾਨੂੰ ਵਿਗੜੇ ਹੋਏ ਲਗਦੇ ਹਨ, ਉਹ ਵਿਗੜੇ ਹੋਏ ਨਹੀਂ, ਅਸੀਂ ਸੁੰਗੜੇ ਹੋਏ ਹਾਂ।

ਅੰਤਿਮ ਸੱਚ ਦਾ ਦਾਅਵਾ ਧਰਮ ਹੀ ਕਰਦੇ ਹਨ; ਵਿਗਿਆਨ ਵਿਚ ਕੁਝ ਵੀ ਅੰਤਿਮ ਨਹੀਂ ਹੁੰਦਾ।

ਪੁਰਾਣੀਆਂ ਸੱਭਿਅਤਾਵਾਂ ਵਿਚ ਡੂੰਘਾਈ ਅਤੇ ਵਿਸ਼ਾਲਤਾ ਹੁੰਦੀ ਹੈ, ਕਿਉਂਕਿ ਉਨ੍ਹਾਂ ਨੇ ਹਜ਼ਾਰਾਂ ਭੂਚਾਲਾਂ ਅਤੇ ਤੂਫ਼ਾਨਾਂ ਨੂੰ ਆਪਣੇ ਵਿਚ ਸਮੋਇਆ ਹੁੰਦਾ ਹੈ।

ਕਿਸੇ ਯੁੱਧ ਦਾ ਸਭ ਤੋਂ ਦਿਲਚਸਪ ਭਾਗ ਉਸ ਦਾ ਅੰਤਲਾ ਪੜਾਓ ਹੁੰਦਾ ਹੈ।

ਲੱਤਾਂ-ਬਾਹਵਾਂ ਹਿਲਾਉਂਦਾ ਬੱਚਾ ਮਹਿਸੂਸ ਕਰਦਾ ਹੈ ਕਿ ਉਹ ਨਹੀਂ ਆਲਾ-ਦੁਆਲਾ ਹੀ ਹਿੱਲ ਰਿਹਾ ਹੈ; ਮਾਂ ਨੇੜੇ ਆਉਂਦੀ ਹੈ ਤਾਂ ਉਹ ਸਮਝਦਾ ਹੈ ਕਿ ਮਾਂ ਉਸ ਕੋਲ ਨਹੀਂ; ਉਹ ਮਾਂ ਕੋਲ ਪਹੁੰਚ ਗਿਆ ਹੈ।

ਜਿਸ ਪ੍ਰਤੀ ਬਹੁਤ ਸਤਿਕਾਰ ਹੋਵੇ; ਉਸ ਨਾਲ ਪਿਆਰ ਪੈਣ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ।

ਮਾਨਸਿਕ ਰੋਗੀ ਦਾ ਇਲਾਜ ਲਈ ਮੰਨ ਜਾਣਾ; ਉਸ ਦੇ ਅਰੋਗ ਹੋ ਜਾਣ ਦਾ ਪਹਿਲਾ ਪੜਾਓ ਹੁੰਦਾ ਹੈ।

ਖੇਡਾਂ ਵਿਚਲਾ ਮਨੋਰੰਜਨ, ਟਕਰਾਓ ਵਿਚੋਂ ਉਪਜਦਾ ਹੈ ਅਤੇ ਤਣਾਓ ਨਾਲ ਵਧਦਾ ਹੈ।

ਪ੍ਰੇਮੀ ਸਮਝਦੇ ਹਨ ਕਿ ਉਨ੍ਹਾਂ ਦੇ ਸੱਚੇ ਪਿਆਰ ਸਾਹਮਣੇ ਸਾਰੀਆਂ ਮੁਸ਼ਕਿਲਾਂ ਗੋਡੇ ਟੇਕ ਦੇਣਗੀਆਂ, ਪਰ ਸਮੱਸਿਆਵਾਂ ਆਕੜ ਕੇ ਸਾਹਮਣੇ ਖਲੋ ਜਾਂਦੀਆਂ ਹਨ।

ਆਪਣੀ ਖ਼ੁਸ਼ਹਾਲੀ ਮਾਪਣ ਲਈ, ਆਪਣੀਆਂ ਉਨ੍ਹਾਂ ਚੀਜ਼ਾਂ ਨੂੰ ਗਿਣੋ, ਜਿਹੜੀਆਂ ਪੈਸੇ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ।

ਜਿਤਨੀ ਮਨੁੱਖ ਦੀ ਹਉਮੈ ਵੱਡੀ ਹੁੰਦੀ ਹੈ; ਉਤਨਾ ਹੀ ਉਸ ਦੀ ਜ਼ਿੰਦਗੀ ਦਾ ਘੇਰਾ ਤੰਗ ਹੁੰਦਾ ਹੈ।

ਜਿਹੜੇ ਹਰ ਵੇਲੇ ਆਪਣੀਆਂ ਹੀ ਗੱਲਾਂ ਕਰਦੇ ਹਨ, ਉਹ ਹੁੰਗਾਰਾ ਸੁਣਨ ਲਈ ਇਕੱਲੇ ਰਹਿ ਜਾਂਦੇ ਹਨ।



Scanned by CamScanner

ਹਰਮਨ ਪਿਆਰਾ ਹੋਣਾ ਇਸਤਰੀ ਦਾ ਉਦੇਸ਼ ਹੁੰਦਾ ਹੈ; ਪੁਰਸ਼ ਦਾ ਉਦੇਸ਼ ਸ਼ਕਤੀਸ਼ਾਲੀ ਅਤੇ ਪ੍ਰਸਿੱਧ ਹੋਣਾ ਹੁੰਦਾ ਹੈ।

ਵਿਦੇਸ਼-ਯਾਤਰਾ ਅਮੀਰ ਲੋਕਾਂ ਲਈ ਹੁੰਦੀ ਹੈ; ਸਧਾਰਨ ਲੋਕਾਂ ਲਈ ਤੀਰਥ-ਯਾਤਰਾ ਹੀ ਹੁੰਦੀ ਹੈ।

ਸਭ ਤੋਂ ਦੁਖਦਾਈ ਅਨੁਭਵ, ਆਪਣੇ ਅਣਚਾਹੇ ਹੋਣ ਦਾ ਅਨੁਭਵ ਹੁੰਦਾ ਹੈ।

ਜਿੱਤਣ ਵਾਲੇ ਦੇ ਗਲ ਵਿਚ ਹਾਰ ਇਸ ਲਈ ਪਾਏ ਜਾਂਦੇ ਹਨ ਤਾਂ ਕਿ ਉਹ ਸਫ਼ਲਤਾਵਾਂ ਨੂੰ ਹੀ ਨਹੀਂ, 'ਹਾਰਾਂ' ਨੂੰ ਵੀ ਯਾਦ ਰੱਖੇ।

ਕਈ ਜਿੱਤਣਾ ਹੀ ਚਾਹੁੰਦੇ ਹਨ, ਹਾਰਨ 'ਤੇ ਉਹ ਦੰਗਾ-ਫ਼ਸਾਦ ਕਰਦੇ ਹਨ।

ਵਿਦਿਆਰਥੀ ਜਿਤਨਾ ਕਿਸੇ ਅਧਿਆਪਕ ਨੂੰ ਵਧੇਰੇ ਧਿਆਨ ਨਾਲ ਸੁਣਦੇ ਹਨ; ਉਤਨਾ ਹੀ ਉਸ ਅਧਿਆਪਕ ਵਿਚ ਵਿਕਾਸ ਵਧੇਰੇ ਵਾਪਰਦਾ ਹੈ।

ਇਸਤਰੀ-ਪੁਰਸ਼ ਦੀ ਆਪਸੀ ਖਿੱਚ ਵਿਚ ਅਕਲ ਦਾ ਕੋਈ ਰੋਲ ਨਹੀਂ ਹੁੰਦਾ।

ਆਪਣੇ ਬੱਚੇ ਨੂੰ ਹੋਰ ਬੱਚਿਆਂ ਨਾਲ ਸਕੂਲ ਜਾਣ ਦੇਣ ਦੀ ਥਾਂ, ਆਪ ਸਕੂਲ ਛੱਡਣ ਜਾਣ ਵਾਲੀ ਮਾਂ ਲਈ, ਬੱਚਾ ਮਹੱਤਵਪੂਰਨ ਹੁੰਦਾ ਹੈ; ਬੱਚੇ ਦਾ ਵਿਕਾਸ ਮਹੱਤਵਪੂਰਨ ਨਹੀਂ ਹੁੰਦਾ।

ਕਿਸੇ ਨਾਲ ਪਿਆਰ ਉਤਨਾ ਹੀ ਕੀਤਾ ਜਾ ਸਕਦਾ ਹੈ, ਜਿਤਨਾ ਪਿਆਰ ਆਪ ਮਹਿਸੂਸ ਕਰਨ ਦੀ ਯੋਗਤਾ ਹੋਵੇ।

ਜ਼ਿੰਦਗੀ ਦਾ ਇਹ ਦੁਖਾਂਤ ਹੈ ਕਿ ਜਦੋਂ ਪੁੱਤਰ, ਪਿਤਾ ਤੋਂ ਆਪਣੀਆਂ ਗਲਤੀਆਂ ਦੀ ਮੁਆਫ਼ੀ ਮੰਗਣੀ ਚਾਹੁੰਦਾ ਹੈ ਤਾਂ ਪਿਤਾ ਇਸ ਸੰਸਾਰ ਤੋਂ ਜਾ ਚੁੱਕਾ ਹੁੰਦਾ ਹੈ।

ਗਰੀਬੀ ਵਿਚ ਵੀ, ਕੁਝ ਦਿਹਾੜੇ ਬੜੇ ਅਮੀਰ ਅਨੁਭਵ ਵਾਲੇ ਹੁੰਦੇ ਹਨ।

ਮੂਰਖਾਂ ਨਾਲ ਕਦੇ ਨਾ ਲੜੋ-ਝਗੜੋ: ਹਾਰਨ-ਜਿੱਤਣ ਨਾਲ ਨੁਕਸਾਨ ਤੁਹਾਡਾ ਹੀ ਹੋਵੇਗਾ।

ਜਿਨ੍ਹਾਂ ਨੂੰ ਸੇਵਾ-ਮੁਕਤੀ ਵੇਲੇ ਵਿਦਾਇਗੀ ਪਾਰਟੀ ਨਹੀਂ ਦਿੱਤੀ ਜਾਂਦੀ, ਉਨ੍ਹਾਂ ਦੇ ਦਿਲ ਵਿਚ ਇਕ ਅਜਿਹਾ ਜ਼ਖ਼ਮ ਹੋ ਜਾਂਦਾ ਹੈ, ਜਿਹੜਾ ਭਰਦਾ ਹੀ ਨਹੀਂ।

ਰੋਂਦੇ ਹੋਏ ਬੱਚੇ ਦਾ ਸਾਰਾ ਵਜੂਦ ਹੀ ਰੋਂਦਾ ਹੈ।

ਅਦਾਲਤੀ ਮੁਕੱਦਮਿਆਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਕੀ-ਕੀ ਕਰ ਸਕਦਾ ਹੈ।



ਲੋੜੀਂਦੀ ਖ਼ੁਰਾਕ ਖਾਓ, ਖ਼ੁਰਾਕ ਤੁਹਾਡੇ ਸਰੀਰ ਨੂੰ ਚੁੱਕੇਗੀ; ਤੁੰਨ ਕੇ ਖਾਓ, ਤੁਹਾਡਾ ਸਰੀਰ, ਉਸ ਖ਼ੁਰਾਕ ਨੂੰ ਢੋਏਗਾ।

ਬੜੀ ਉਮਰ ਲੱਗ ਜਾਂਦੀ ਹੈ ਇਹ ਸਮਝਣ ਵਿਚ ਕਿ ਪਿਤਾ ਜੀ ਠੀਕ ਸਨ।

ਧਿਆਨ ਨਾਲ ਸੁਣਨਾ ਅਤੇ ਜ਼ਿੰਮੇਵਾਰੀ ਨਾਲ ਬੋਲਣਾ, ਸਾਨੂੰ ਸਿਆਣਾ, ਤਿੱਖਾ ਅਤੇ ਬਹਾਦਰ ਬਣਾ ਦਿੰਦਾ ਹੈ।

ਜਿਸ ਭਾਸ਼ਾ ਨੂੰ ਵਿਆਕਰਣ ਕੱਸ ਲੈਂਦੀ ਹੈ, ਉਹ ਭਾਸ਼ਾ ਮੁਰਝਾ ਜਾਂਦੀ ਹੈ।

ਵਪਾਰ ਵਿਚ ਬੋਲਣ ਤੋਂ ਪਹਿਲਾਂ ਸੋਚਣਾ ਪੈਂਦਾ ਹੈ; ਰਾਜਨੀਤੀ ਵਿਚ ਉਸੇ ਵੇਲੇ ਸੋਚਣਾ ਪੈਂਦਾ ਹੈ; ਵਿਆਹ ਵਿਚ ਬੋਲਣ ਤੋਂ ਮਗਰੋਂ ਸੋਚਣਾ ਪੈਂਦਾ ਹੈ; ਧਰਮ ਵਿਚ ਸੋਚਣ ਦੀ ਲੋੜ ਨਹੀਂ ਪੈਂਦੀ।

ਅਜੋਕੇ ਸੰਸਾਰ ਵਿਚ, ਜਿਸ ਦਾ ਬੈਂਕ ਨਾਲ ਸਬੰਧ ਨਹੀਂ; ਉਹ ਪੈਸੇ ਪੱਖੋਂ ਅਨਪੜ੍ਹ ਹੈ।

ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀਆਂ ਰੋਕਾਂ-ਮੁਸ਼ਕਿਲਾਂ, ਉਸ ਚੀਜ਼ ਦਾ ਲਾਲਚ ਵਧਾ ਦਿੰਦੀਆਂ ਹਨ।

ਜਿਹੜੇ ਵਿਦਵਾਨ ਵਿਆਕਰਣ ਨੂੰ ਬਚਾਉਂਦੇ ਰਹਿੰਦੇ ਹਨ; ਉਹ ਭਾਸ਼ਾ ਨੂੰ ਮਾਰ ਦਿੰਦੇ ਹਨ।

ਵਪਾਰਕ ਅਤੇ ਪਰਿਵਾਰਕ ਵਿਰੋਧ ਦਾ ਸਾਂਝਾ ਨੇਮ ਹੈ: ਮੈਂ ਸਹੀ ਹਾਂ, ਤੂੰ ਗਲਤ ਹੈਂ; ਤੇਰੀ ਇਮਾਨਦਾਰੀ ਗਲਤ ਹੈ, ਮੇਰੀ ਬੇਈਮਾਨੀ ਸਹੀ ਹੈ; ਮੈਂ ਪਤਨੀ ਵਜੋਂ ਠੀਕ ਹਾਂ, ਤੂੰ ਪਤੀ ਵਜੋਂ ਗਲਤ ਹੈਂ।

ਖ਼ੁਸ਼ਹਾਲੀ ਅਤੇ ਅਮੀਰੀ, ਪੈਸੇ ਦੇ ਗਿਆਨ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ।

'ਤੂੰ ਮੇਰੀ ਖਾਜ ਕਰ, ਮੈਂ ਤੇਰੀ ਖਾਜ ਕਰਾਂਗਾ' ਵਾਲੇ ਰਿਸ਼ਤੇ ਨੂੰ ਖੁਰਕ ਦਾ ਰੋਗ ਲੱਗ ਜਾਂਦਾ ਹੈ।

ਇੱਕੋ ਵੇਲੇ, ਇਕ ਤੋਂ ਵਧੇਰੇ ਨੂੰ ਪਿਆਰ ਕਰਨਾ; ਪ੍ਰਾਪਤੀ ਨਹੀਂ, ਸਜ਼ਾ ਹੁੰਦੀ ਹੈ।

ਪੱਖਪਾਤਾਂ ਨੂੰ ਤਜਰਬਾ ਵੀ ਨਹੀਂ ਬਦਲ ਸਕਦਾ।

ਪੁਰਾਣੇ ਜ਼ਮਾਨੇ ਵਿਚ ਲੋਕ ਧਰਮ ਅਤੇ ਪਰਮਾਤਮਾ ਦੋਹਾਂ ਦਾ ਅਪਮਾਨ ਸਹਿਣ ਨਹੀਂ ਸਨ ਕਰਦੇ; ਹੁਣ ਪਰਮਾਤਮਾ ਦਾ ਅਪਮਾਨ ਸਹਿ ਲੈਂਦੇ ਹਨ, ਪਰ ਧਰਮ ਦਾ ਅਜੇ ਵੀ ਨਹੀਂ ਸਹਿੰਦੇ।



Scanned by CamScanner

ਜਦੋਂ ਤਕ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਜਾਗਦਾ; ਲੱਖਾਂ ਅਰਦਾਸਾਂ ਦੇ ਬਾਵਜੂਦ, ਪਰਮਾਤਮਾ ਵਿਚ ਵੀ ਨਹੀਂ ਜਾਗੇਗਾ।

ਸਮਾਜਵਾਦੀ ਦੇਸ਼ਾਂ ਵਿਚ, ਕੇਵਲ ਅਮਰੀਕਾ ਅਤੇ ਪੂੰਜੀਵਾਦ ਦੀ ਨਿੰਦਾ ਕਰਨ ਦੀ ਹੀ ਸੁਤੰਤਰਤਾ ਹੁੰਦੀ ਹੈ।

ਸੰਤ, ਇਸ ਸੰਸਾਰ ਵਿਚ, ਰੱਬ ਨਾਲ ਵਿਆਹੀਆਂ ਸੁਹਾਗਣਾਂ ਵਾਂਗ, ਵਿਚਰਦੇ ਹਨ।

ਹਰ ਇਸਤਰੀ ਲੜਕੀ ਲੱਗਣਾ ਚਾਹੁੰਦੀ ਹੈ, ਪਰ ਜਦੋਂ ਉਸ ਨਾਲ ਲੜਕੀ ਵਾਲਾ ਵਿਹਾਰ ਕੀਤਾ ਜਾਵੇ ਤਾਂ ਉਹ ਵਿਰੋਧ ਕਰਦੀ ਹੈ।

ਬੱਚਿਆਂ ਵਰਗੇ ਬਣਨ ਦਾ ਯਤਨ ਕਰੋਗੇ, ਪ੍ਰਸੰਨਤਾ ਮਿਲੇਗੀ; ਉਨ੍ਹਾਂ ਨੂੰ ਆਪਣੇ ਵਰਗਾ ਬਣਾਉਣ ਦੀ ਜ਼ਿੱਦ, ਪਰੇਸ਼ਾਨੀ ਹੀ ਉਪਜਾਏਗੀ।

ਅਜ਼ਾਦੀ ਦਾ ਦ੍ਰਿਸ਼ ਵੇਖਣਾ ਹੋਵੇ ਤਾਂ ਸਕੂਲ ਦੀ ਛੁੱਟੀ ਹੋਣ ਵੇਲੇ, ਬੱਚਿਆਂ ਨੂੰ ਵੇਖੋ।

ਬੁਢਾਪੇ ਵਿਚ, ਸਭ ਕੁਝ ਅੰਤਿਮ ਅਰਦਾਸ ਵੱਲ ਵਧ ਰਿਹਾ ਪ੍ਰਤੀਤ ਹੁੰਦਾ ਹੈ।

ਅਤੀਤ ਨੂੰ ਰੱਦ ਕਰਨਾ ਸੰਭਵ ਹੁੰਦਾ ਹੈ, ਪਰ ਅਤੀਤ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੁੰਦਾ।

ਕਿਸੇ ਕੌਮ ਵਿਚ ਜਿਤਨੇ ਵੱਡੇ ਗੁਣ ਹੁੰਦੇ ਹਨ, ਉਤਨੀਆਂ ਹੀ ਵੱਡੀਆਂ ਕੁਰੀਤੀਆਂ ਵੀ ਹੋਣਗੀਆਂ; ਕਿਉਂਕਿ ਸੰਤੁਲਨ ਨੇ ਸਥਾਪਤ ਹੋ ਕੇ ਰਹਿਣਾ ਹੁੰਦਾ ਹੈ।

ਸੰਕਟ ਵਿਚ, ਜਦੋਂ ਸੋਚ ਸਾਥ ਨਹੀਂ ਦਿੰਦੀ ਤਾਂ ਮਨੁੱਖ ਆਸ-ਉਮੀਦ ਦੀ ਉਂਗਲੀ ਫੜ ਲੈਂਦਾ ਹੈ।

ਕੋਈ ਵਿਚਾਰ ਆਪਣੇ ਆਪ ਵਿਚ ਸੁਤੰਤਰ ਨਹੀਂ ਹੁੰਦਾ, ਹਰੇਕ ਵਿਚਾਰ ਦਾ ਪਿਛੋਕੜ ਅਤੇ ਉਸ ਦਾ ਹੋਰਾਂ ਵਿਚਾਰਾਂ ਨਾਲ ਸਬੰਧ ਹੁੰਦਾ ਹੈ।

ਜੇ ਕਦੇ ਕੁਝ ਬੁਰਾ ਕਰਨ ਦਾ ਮਨ ਲਲਚਾਏ ਤਾਂ ਸਾਰਿਆਂ ਦੇ ਸਾਹਮਣੇ ਕਰਨਾ।

ਇਕ ਸੱਚਾ ਈਸਾਈ, ਇਕ ਸੱਚਾ ਹਿੰਦੂ ਵੀ ਹੋਵੇਗਾ; ਇਕ ਸੱਚਾ ਹਿੰਦੂ, ਇਕ ਸੱਚਾ ਮੁਸਲਮਾਨ ਵੀ ਹੋਵੇਗਾ; ਮਹੱਤਵਪੂਰਨ ਈਸਾਈ, ਹਿੰਦੂ, ਮੁਸਲਮਾਨ ਹੋਣਾ ਨਹੀਂ, ਸੱਚੇ ਹੋਣਾ ਹੈ।

ਭਾਰਤ ਵਿਚ ਕੇਵਲ ਤੀਹ ਹਜ਼ਾਰ ਅੰਗਰੇਜ਼, ਕਰੋੜਾਂ 'ਤੇ ਇਸ ਲਈ ਰਾਜ ਕਰ ਗਏ, ਕਿਉਂਕਿ ਉਹ ਤੀਹ-ਹਜ਼ਾਰ ਜਾਗਦੇ ਸਨ, ਜਦੋਂ ਕਿ ਕਰੋੜਾਂ ਸੁੱਤੇ ਹੋਏ ਸਨ।



ਜੇ ਪਿਆਰ ਕੀਤਾ ਹੈ ਤਾਂ ਇਹ ਨਾ ਕਹੋ ਕਿ ਮੈਨੂੰ ਭੁੱਲਣਾ ਨਾ ਜਾਂ ਮੈਨੂੰ ਯਾਦ ਰੱਖਣਾ, ਸਗੋਂ ਇਹ ਕਹੋ: ਕੀ ਮੈਨੂੰ ਭੁਲਾ ਸਕੋਗੇ?

ਯੂਨਾਨ ਦੀ ਜੁਮੈਟਰੀ ਨੇ, ਯੋਰਪ ਨੂੰ ਤਰਕਸ਼ੀਲ ਬਣਾ ਕੇ, ਸਾਰੇ ਵਿਸ਼ਵ 'ਤੇ ਯੋਰਪੀਨਾਂ ਨੂੰ ਰਾਜ ਕਰਨ ਦੇ ਯੋਗ ਬਣਾਇਆ ਹੈ।

ਕਲਪਨਾ ਕਾਰਨ ਮਨੁੱਖ, ਅੱਖਾਂ ਬੰਦ ਕਰਕੇ ਵੀ ਵੇਖ ਸਕਦਾ ਹੈ।

ਧਰਮ ਕਹਿੰਦਾ ਹੈ ਕਿ ਵਿਗਿਆਨਕ ਤਰਕ ਵਿਚ ਨੁਕਸ ਹੈ; ਵਿਗਿਆਨ ਕਹਿੰਦਾ ਹੈ ਕਿ ਵਿਸ਼ਵਾਸ ਦਾ ਅਰਥ ਹੀ ਕੋਈ ਨਹੀਂ।

ਭਾਰਤ ਨੂੰ ਪਾਪ ਸਵੀਕਾਰ ਨਹੀਂ; ਅਗਿਆਨਤਾ, ਅੰਧ-ਵਿਸ਼ਵਾਸ ਸਵੀਕਾਰ ਹਨ।

ਵਿਸਥਾਰ ਵਿਚ ਜੀਵਨ ਹੁੰਦਾ ਹੈ; ਸੰਕੀਰਣਤਾ ਵਿਚ ਮੌਤ ਹੁੰਦੀ ਹੈ।

ਅਮਰੀਕਾ ਉਦੋਂ ਹੀ ਸਮਝਦਾਰ ਬਣੇਗਾ, ਜਦੋਂ ਇਹ ਪ੍ਰਾਚੀਨ ਹੋ ਜਾਵੇਗਾ; ਅਜੇ ਇਹ ਨਵਾਂ ਹੋਣ ਕਰਕੇ ਤਾਕਤਵਰ ਹੀ ਹੈ।

ਸਵਾਦਾਂ ਦੀਆਂ ਆਪਣੀਆਂ ਇੰਦਰੀਆਂ ਢਿੱਲੀਆਂ ਕਰ ਦਿਓ; ਇਹ ਤੁਹਾਨੂੰ ਪੂਰੀ ਤਰ੍ਹਾਂ ਕੱਸ ਲੈਣਗੀਆਂ।

ਆਮ ਕਰਕੇ ਲੇਖਕ ਉਹ ਕੁਝ ਲਿਖਦੇ ਹਨ, ਜੋ ਪਾਠਕ ਪੜ੍ਹਨਾ ਚਾਹੁੰਦੇ ਹਨ, ਪਰ ਸਾਹਿਤ ਵਿਕਾਸ ਉਦੋਂ ਕਰਦਾ ਹੈ, ਜਦੋਂ ਲੇਖਕ ਉਹ ਕੁਝ ਲਿਖਣ, ਜੋ ਪਾਠਕਾਂ ਨੂੰ ਪੜ੍ਹਨਾ ਚਾਹੀਦਾ ਹੈ।

ਹਰ ਭੈੜਾ ਵਿਚਾਰ, ਸੋਚ ਦੀ ਦੁਰਵਰਤੋਂ ਹੁੰਦਾ ਹੈ।

ਰੂਮੀ ਨੇ ਸੱਤ ਸਦੀਆਂ ਪਹਿਲਾਂ ਕਿਹਾ ਸੀ: ਨਾ ਮੈਂ ਪੂਰਬ ਦਾ ਹਾਂ, ਨਾ ਪੱਛਮ ਦਾ, ਮੇਰੇ ਵਾਸਤੇ ਹੱਦਾਂ-ਸਰਹੱਦਾਂ ਦੇ ਕੋਈ ਅਰਥ ਨਹੀਂ; ਇਸੇ ਕਰਕੇ ਰੂਮੀ ਵਿਸ਼ਵ ਭਰ ਵਿਚ ਪੜ੍ਹਿਆ ਅਤੇ ਸਤਿਕਾਰਿਆ ਜਾਂਦਾ ਹੈ।

ਹਮਲਾਵਰਾਂ ਨੇ ਉਤਨੀਆਂ ਬਾਦਸ਼ਾਹੀਆਂ ਬਰਬਾਦ ਨਹੀਂ ਕੀਤੀਆਂ, ਜਿਤਨੀਆਂ ਚਾਪਲੂਸਾਂ ਨੇ ਤਬਾਹ ਕੀਤੀਆਂ ਹਨ।

ਕਵਿਤਾ ਸੋਹਣੇ ਸ਼ਬਦਾਂ ਵਿਚ ਪਰੋਈ ਹੋਈ ਹੁੰਦੀ ਹੈ; ਜਦੋਂ ਕੋਈ ਪੜ੍ਹਦਾ ਹੈ, ਸ਼ਬਦ ਰੌਣਕ ਲਾ ਦਿੰਦੇ ਹਨ।

ਅਨੇਕਾਂ ਸਵਾਲਾਂ ਦੇ ਜਵਾਬ ਹੁੰਦੇ ਹੀ ਨਹੀਂ; ਜਿਹੜੇ ਦਿੱਤੇ ਜਾਂਦੇ ਹਨ, ਉਹ ਜਵਾਬ ਨਹੀਂ ਹੁੰਦੇ, ਜਵਾਬ ਦੇਣ ਵਾਲਿਆਂ ਦੇ ਅਨੁਭਵ ਹੁੰਦੇ ਹਨ।



Scanned by CamScanner